@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

ਦਿੱਲੀ, ਹਿਮਾਚਲ, ਹਰਿਯਾਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਸੇ ਪ੍ਰਸਾਰਿਤ।

Friday, 18 July 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 18 ਜੁਲਾਈ 2025, 3 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 248, qpatrika@gmail.com ਫੋਨ : 9971359517 www.qaumipatrika.org

## ਬਿਹਾਰ, ਪੱਛਮੀ ਬੰਗਾਲ 'ਚ ਕਈ ਵਿਕਾਸ ਪ੍ਰਾਜੈਕਟਾਂ ਦੀ ਸ਼ੁਰੂਆਤ ਕਰਨਗੇ ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 17 ਜੁਲਾਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ੁੱਕਰਵਾਰ ਨੂੰ ਬਿਹਾਰ ਅਤੇ ਪੱਛਮੀ ਬੰਗਾਲ ਵਿਚ ਕਈ ਵਿਕਾਸ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਉਹਨਾਂ ਦਾ ਉਦਘਾਟਨ ਕਰਨਗੇ। ਇਸ ਦੇ ਨਾਲ ਹੀ ਉਹ ਜਨਤਕ ਮੀਟਿੰਗਾਂ ਨੂੰ ਵੀ ਸੰਬੋਧਨ ਕਰਨਗੇ। ਪ੍ਰਧਾਨਮੰਤਰੀ ਦਫ਼ਤਰ ਦੇ ਅਨੁਸਾਰ ਬਿਹਾਰ ਵਿਚ 7200 ਕਰੋੜ ਰੁਪਏ ਦੇ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ ਜਾਵੇਗਾ, ਜਦਕਿ ਬੰਗਾਲ ਵਿਚ ਸ਼ੁਰੂ ਕੀਤੇ ਜਾਣ ਵਾਲੇ ਪ੍ਰਾਜੈਕਟਾਂ ਦੀ ਲਾਗਤ 5000 ਕਰੋੜ ਰੁਪਏ ਤੋਂ ਵੱਧ ਹੈ। ਪੀਐਮਓ ਦੇ ਅਨੁਸਾਰ ਬਿਹਾਰ ਦੇ ਮੋਤੀਹਾਰੀ ਵਿਚ ਪ੍ਰਧਾਨਮੰਤਰੀ ਰੇਲ, ਸੜਕ, ਪੇਂਡੂ ਵਿਕਾਸ, ਮੱਛੀ ਪਾਲਣ, ਇਲੈਕਟ?ਰਾਨਿਕਸ ਅਤੇ ਸੂਚਨਾ ਤਕਨਾਲੋਜੀ ਖੇਤਰਾਂ ਨਾਲ ਸਬੰਧਤ ਵਿਕਾਸ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਦੇ ਉਸ ਦਾ ਉਦਘਾਟਨ ਰੱਖਣਗੇ। ਸਾਲ ਦੇ ਅੰਤ ਵਿਚ ਰਾਜ ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ਼ੁਰੂ ਹੋਣ ਵਾਲੇ ਰੇਲ ਪ੍ਰਾਜੈਕਟਾਂ ਵਿਚ ਸਮਸਤੀਪੁਰ-ਬਛਵਾੜਾ ਲਾਈਨ ਵਿਚਕਾਰ ਆਟੋਮੈਟਿਕ ਸਿਗਨਲਿੰਗ ਸ਼ਾਮਲ ਹੈ, ਜੋ ਕਿ ਇਸ ਸੈਕਸ਼ਨ 'ਤੇ ਕੁਸ਼ਲ ਰੇਲ ਸੰਚਾਲਨ ਨੂੰ ਸਮਰੱਥ ਬਣਾਏਗੀ। ਇਸ ਤੋਂ ਇਲਾਵਾ, ਦਰਭੰਗਾ-ਥਲਵਾੜਾ ਅਤੇ ਸਮਸਤੀਪੁਰ-ਰਾਮਭਦਰਪੁਰ ਲਾਈਨ ਨੂੰ ਦੋਹਰਾ ਕਰਨਾ ਵੀ ਸ਼ਾਮਲ ਹੈ, ਜਿਸਦੀ ਲਾਗਤ 580 ਕਰੋੜ ਰੁਪਏ ਤੋਂ ਵੱਧ ਹੈ। ਖੇਤਰ ਵਿੱਚ ਸੜਕੀ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣ ਲਈ ਪ੍ਰਧਾਨ ਮੰਤਰੀ ਰਾਸ਼ਟਰੀ ਰਾਜਮਾਰਗ-319 ਦੇ ਆਰਾ ਬਾਈਪਾਸ ਨੂੰ 4-ਲੇਨ ਕਰਨ ਦਾ ਨੀਂਹ ਪੱਥਰ ਰੱਖਣਗੇ, ਜੋ



ਆਰਾ-ਮੋਹਨੀਆ ©8-319 ਅਤੇ ਪਟਨਾ-ਬਕਸਰ ©8-922 ਨੂੰ ਜੋੜਦਾ ਹੈ, ਜੋ ਕਿ ਸਹਿਜ ਸੰਪਰਕ ਪ੍ਰਦਾਨ ਕਰੇਗਾ ਅਤੇ ਯਾਤਰਾ ਦਾ ਸਮਾਂ ਘਟਾਏਗਾ। ਕਈ ਹੋਰ ਰੇਲ ਪ੍ਰੋਜੈਕਟਾਂ ਤੋਂ ਇਲਾਵਾ, ਮੋਦੀ ਦਰਭੰਗਾ ਵਿੱਚ ਨਵੇਂ ਸਾਫਟਵੇਅਰ ਟੈਕਨਾਲੋਜੀ ਪਾਰਕ ਆਫ਼ ਇੰਡੀਆ (STPI) ਸੈਂਟਰ ਅਤੇ IT/ITES ਉਦਯੋਗ ਅਤੇ ਸਟਾਰਟਅੱਪਸ ਨੂੰ ਉਤਸ਼ਾਹਿਤ ਕਰਨ ਲਈ STPI ਦੀ ਅਤਿ-ਆਧੁਨਿਕ ਇਨਕਿਊਬੇਸ਼ਨ ਸਹੂਲਤ ਦਾ ਉਦਘਾਟਨ ਕਰਨਗੇ। ਪੀਐਮਓ ਨੇ ਕਿਹਾ ਕਿ ਇਹ ਸਹੂਲਤਾਂ ਆਈਟੀ ਸਾਫਟਵੇਅਰ ਅਤੇ ਸੇਵਾ ਨਿਰਯਾਤ ਨੂੰ ਵਧਾਉਣ ਵਿੱਚ ਮਦਦ ਕਰਨਗੀਆਂ। ਇਹ ਉੱਭਰ ਰਹੇ ਉੱਦਮੀਆਂ ਲਈ ਤਕਨੀਕੀ ਸਟਾਰਟਅੱਪ ਈਕੋਸਿਸਟਮ ਨੂੰ ਵਧਾਉਣ ਦੇ ਨਾਲ-ਨਾਲ ਨਵੀਨਤਾ ਅਤੇ ਉਤਪਾਦ ਵਿਕਾਸ ਨੂੰ ਉਤਸ਼ਾਹਿਤ ਕਰੇਗੀ। ਉਹ 'ਪ੍ਰਧਾਨ ਮੰਤਰੀ ਮਤਸਯ ਸੰਪਦਾ ਯੋਜਨਾ' (ਪੀਐਮਐਮਐਸਵਾਈ) ਦੇ ਤਹਿਤ ਮਨਜ਼ੂਰ ਕਈ ਮੱਛੀ ਪਾਲਣ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਵੀ ਕਰਨਗੇ। ਇਸ ਦੇ ਨਾਲ, ਬਿਹਾਰ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਨਵੀਆਂ ਮੱਛੀ ਪਾਲਣ ਇਕਾਈਆਂ, ਬਾਇਓਫਲੋਕ ਯੂਨਿਟਾਂ, ਸਜਾਵਟੀ ਮੱਛੀ ਪਾਲਣ, ਏਕੀਕ੍ਰਿਤ ਜਲ-ਖੇਤੀ ਇਕਾਈਆਂ ਅਤੇ ਮੱਛੀ ਫੀਡ ਮਿੱਲਾਂ ਸਮੇਤ ਆਧੁਨਿਕ ਮੱਛੀ ਪਾਲਣ ਬੁਨਿਆਦੀ ਢਾਂਚਾ ਲਾਂਚ ਕੀਤਾ ਜਾਵੇਗਾ। ਬਿਆਨ ਦੇ ਅਨੁਸਾਰ, ਜਲ-ਖੇਤੀ ਪ੍ਰੋਜੈਕਟ ਬਿਹਾਰ ਦੇ ਪੇਂਡੂ ਖੇਤਰਾਂ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਕਰਨ, ਮੱਛੀ ਉਤਪਾਦਨ ਵਧਾਉਣ, ਉੱਦਮਤਾ ਨੂੰ ਉਤਸ਼ਾਹਿਤ ਕਰਨ ਅਤੇ ਸਮਾਜਿਕ-ਆਰਥਿਕ ਵਿਕਾਸ ਨੂੰ ਤੇਜ਼ ਕਰਨ ਵਿੱਚ ਮਦਦ ਕਰਨਗੇ।

## ਸੂਬੇ ਦੀ ਜਨਤਾ ਹਿਮੰਤ ਨੂੰ ਭ੍ਰਿਸ਼ਟਾਚਾਰ ਲਈ ਜੇਲ੍ਹ ਪਹੁੰਚਾਏਗੀ : ਰਾਹੁਲ ਗਾਂਧੀ

ਗੁਹਾਟੀ 17 ਜੁਲਾਈ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸ਼ਵ ਸਰਮਾ ਖੁਦ ਨੂੰ 'ਰਾਜਾ' ਸਮਝਦੇ ਹਨ ਪਰ ਸੂਬੇ ਦੀ ਜਨਤਾ



ਭ੍ਰਿਸ਼ਟਾਚਾਰ ਲਈ ਉਨ੍ਹਾਂ ਨੂੰ ਜੇਲ੍ਹ ਪਹੁੰਚਾ ਦੇਵੇਗੀ। ਆਸਾਮ ਦੇ ਚਾਏਗਾਂਵ ਵਿਚ ਕਾਂਗਰਸ ਦੀ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਸਰਮਾ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਭ੍ਰਿਸ਼ਟਾਚਾਰ ਲਈ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਤੁਹਾਡੇ ਮੁੱਖ ਮੰਤਰੀ ਨੂੰ ਡਰ ਹੈ, ਉਹ ਜਾਣਦੇ ਹਨ ਕਿ ਨਿਡਰ ਕਾਂਗਰਸੀ ਵਰਕਰ ਉਨ੍ਹਾਂ ਨੂੰ ਜੇਲ੍ਹ ਵਿਚ ਸੁੱਟ ਦੇਣਗੇ। ਉਨ੍ਹਾਂ ਦੋਸ਼ ਲਾਇਆ ਕਿ ਚੋਣ ਕਮਿਸ਼ਨ ਅਤੇ ਭਾਜਪਾ ਇਕੱਠੇ ਕੰਮ ਕਰ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਨੇ ਵੋਟਰ ਸੂਚੀ ਸੋਧ ਵਿਚ 'ਧੋਖਾਦੇਹੀ' ਕਰ ਕੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਜਿੱਤੀਆਂ। ਗਾਂਧੀ ਨੇ ਕਿਹਾ ਕਿ ਉਹ ਬਿਹਾਰ ਵਿਚ ਵੀ ਉਹੀ ਰਣਨੀਤੀ ਵਰਤ ਰਹੇ ਹਨ ਅਤੇ ਆਸਾਮ ਵਿਚ ਵੀ ਉਹੀ ਕਰਨਗੇ। ਸਾਨੂੰ ਸਾਵਧਾਨ ਰਹਿਣਾ ਪਵੇਗਾ। ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਮੀਡੀਆ ਹੁਣ ਸਾਡਾ ਦੋਸਤ ਨਹੀਂ ਰਿਹਾ; ਉਹ ਸੱਚ ਨਹੀਂ ਦਿਖਾ ਰਹੇ, ਉਹ ਸਿਰਫ਼ ਅਡਾਨੀ, ਅੰਬਾਨੀ, ਮੁੱਖ ਮੰਤਰੀ, ਮੋਦੀ ਅਤੇ ਸ਼ਾਹ ਨੂੰ ਦਿਖਾ ਰਹੇ ਹਨ। ਹਾਲਾਂਕਿ, ਗਾਂਧੀ ਨੇ ਦਾਅਵਾ ਕੀਤਾ ਕਿ ਇਸ ਨਾਲ ਕੋਈ ਮਦਦ ਨਹੀਂ ਮਿਲੇਗੀ, ਕਿਉਂਕਿ ਕਾਂਗਰਸ ਅਗਲੇ ਸਾਲ ਆਸਾਮ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਰੀ ਜਿੱਤ ਪ੍ਰਾਪਤ ਕਰੇਗੀ। ਕਾਂਗਰਸ ਨੇਤਾ ਨੇ ਕਿਹਾ ਕਿ ਦੇਸ਼ ਵਿਚ ਵਿਚਾਰਧਾਰਾਵਾਂ ਦੀ ਲੜਾਈ ਚੱਲ ਰਹੀ ਹੈ; ਆਰ. ਐੱਸ. ਐੱਸ. ਦੀ ਨਫ਼ਰਤ ਅਤੇ ਹਿੰਸਾ ਬਨਾਮ ਕਾਂਗਰਸ ਦੀ ਸੱਚਾਈ ਅਤੇ ਅਹਿੰਸਾ।

## ਦਿੱਲੀ ਦੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ 'ਤੇ 'ਆਪ' ਨੇ ਭਾਜਪਾ 'ਤੇ ਸਾਧਿਆ ਨਿਸ਼ਾਨਾ

ਨਵੀਂ ਦਿੱਲੀ 17 ਜੁਲਾਈ। ਆਮ ਆਦਮੀ ਪਾਰਟੀ (ਆਪ) ਦੇ ਆਗੂਆਂ ਨੇ ਦਿੱਲੀ ਦੇ ਪ੍ਰਾਈਵੇਟ ਸਕੂਲਾਂ ਨੂੰ ਲਗਾਤਾਰ ਤੀਜੇ ਦਿਨ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲਣ ਤੋਂ ਬਾਅਦ ਭਾਜਪਾ ਸਰਕਾਰ ਦੀ ਆਲੋਚਨਾ ਕੀਤੀ ਅਤੇ ਕੇਂਦਰੀ ਏਜੰਸੀਆਂ ਦੀ ਚੁੱਪ 'ਤੇ ਸਵਾਲ ਉਠਾਏ। AAP ਦੇ ਰਾਸ਼ਟਰੀ ਕਨਵੀਨਰ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦੋਸ਼ ਲਗਾਇਆ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਇਨ੍ਹਾਂ ਧਮਕੀਆਂ ਕਾਰਨ ਪੈਦਾ ਹੋਏ ਡਰ ਅਤੇ ਵਿਘਨ ਪ੍ਰਤੀ ਉਦਾਸੀਨ ਹੈ। ਇਸ ਸਬੰਧ ਵਿਚ ਉਹਨਾਂ ਨੇ ਐਕਸ 'ਤੇ ਪੋਸਟ ਕਰਦੇ ਕਿਹਾ ਕਿ ਦਿੱਲੀ ਦੇ ਲੋਕਾਂ ਅਤੇ ਉਹਨਾਂ ਦੇ ਬੱਚਿਆਂ ਦੀ ਨਾ ਤਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਕੋਈ ਚਿੰਤਾ ਹੈ ਅਤੇ ਨਾ ਹੀ ਉਹਨਾਂ ਦੀ ਚਾਰ ਇੰਜਣ ਵਾਲੀ ਸਰਕਾਰ ਨੂੰ। ਭਾਜਪਾ ਸਰਕਾਰ ਦਿੱਲੀ ਨੂੰ ਜੰਗਲਰਾਜ ਬਣਾਉਣ ਵਿਚ ਲੱਗੀ ਹੋਈ ਹੈ। 'ਆਪ' ਦੇ ਸੀਨੀਅਰ ਨੇਤਾ ਮਨੀਸ਼ ਸਿਸੋਦੀਆ ਨੇ ਵਾਰ-ਵਾਰ ਮਿਲ ਰਹੀਆਂ ਝੂਠੀਆਂ ਧਮਕੀਆਂ 'ਤੇ ਕੇਂਦਰੀ ਏਜੰਸੀਆਂ ਦੀ ਚੁੱਪੀ 'ਤੇ ਸਵਾਲ ਉਠਾਉਂਦੇ ਹੋਏ ਕਿਹਾ, 'ਦਿੱਲੀ ਦੇ ਸਕੂਲਾਂ ਨੂੰ ਲਗਭਗ ਹਰ ਮਹੀਨੇ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲ ਰਹੀਆਂ ਹਨ। ਮਾਪੇ, ਬੱਚੇ, ਹਰ ਕੋਈ ਡਰਿਆ ਹੋਇਆ ਹੈ, ਅਜਿਹੀਆਂ ਧਮਕੀਆਂ ਲੱਖਾਂ ਪਰਿਵਾਰਾਂ ਨੂੰ ਹੈਰਾਨ ਕਰਦੀਆਂ ਹਨ ਪਰ ਇਹ ਦੁੱਖ ਦੀ ਗੱਲ ਹੈ ਕਿ ਹਰ ਮਹੀਨੇ ਧਮਕੀਆਂ ਮਿਲਣ ਦੇ ਬਾਵਜੂਦ, ਨਾ ਤਾਂ ਕੋਈ ਫੜਿਆ ਗਿਆ ਹੈ ਅਤੇ ਨਾ ਹੀ ਸਰਕਾਰ ਨੇ ਇਸ ਦਾ ਜਵਾਬ ਦਿੱਤਾ ਹੈ।' ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਕਿਹਾ, ਕੀ ਪੂਰਾ ਖੁਫੀਆ ਸਿਸਟਮ ਫੇਲ੍ਹ ਹੋ ਗਿਆ ਹੈ? ਕੀ ਸਾਰੀਆਂ ਖੁਫੀਆ ਏਜੰਸੀਆਂ ਸਿਰਫ਼ ਵਿਰੋਧੀ ਆਗੂਆਂ 'ਤੇ ਨਜ਼ਰ ਰੱਖਣ ਅਤੇ ਉਨ੍ਹਾਂ ਵਿਰੁੱਧ ਝੂਠੇ ਕੇਸ ਦਰਜ ਕਰਨ ਵਿੱਚ ਰੁੱਝੀਆਂ ਹੋਈਆਂ ਹਨ? ਸਿਸੋਦੀਆ ਨੇ ਕਿਹਾ, ਮੇਰੀ ਭਾਜਪਾ ਦੇ ਲੋਕਾਂ ਨੂੰ ਬੇਨਤੀ ਹੈ – ਕਿਰਪਾ ਕਰਕੇ ਵਿਰੋਧੀ ਆਗੂਆਂ ਦੇ ਪਿੱਛੇ ਖੁਫੀਆ ਤੰਤਰ ਦੇ ਕੁਝ ਲੋਕਾਂ ਨੂੰ ਹਟਾਓ ਅਤੇ ਪਤਾ ਲਗਾਓ ਕਿ ਬੱਚਿਆਂ ਦੇ ਸਕੂਲਾਂ ਨੂੰ ਉਡਾਉਣ ਦੀਆਂ ਇਹ ਧਮਕੀਆਂ ਕੌਣ ਦੇ ਰਿਹਾ ਹੈ? ਇਸੇ ਤਰ੍ਹਾਂ ਦੀਆਂ ਚਿੰਤਾਵਾਂ ਪ੍ਰਗਟ ਕਰਦੇ ਹੋਏ 'ਆਪ' ਦੀ ਦਿੱਲੀ ਇਕਾਈ ਦੇ ਮੁਖੀ ਸੌਰਭ ਭਾਰਦਵਾਜ ਨੇ ਕਿਹਾ ਕਿ ਵਾਰ-ਵਾਰ ਮਿਲ ਰਹੀਆਂ ਧਮਕੀਆਂ ਮਾਪਿਆਂ ਵਿੱਚ ਦਹਿਸ਼ਤ ਪੈਦਾ ਕਰ ਰਹੀਆਂ ਹਨ।

## ਸਾਵਣ ਵਿੱਚ ਸ਼ਿਵ ਭਗਤਾਂ ਦੇ ਸਵਾਗਤ ਲਈ ਦਿੱਲੀ ਸਰਕਾਰ ਪੂਰੀ ਤਰ੍ਹਾਂ ਤਿਆਰ: ਰੇਖਾ ਗੁਪਤਾ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ, 17 ਜੁਲਾਈ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਕੱਲ੍ਹ ਗੋਕੁਲਪੁਰੀ ਸਥਿਤ ਕਾਵਾਂ ਸ਼ਿਵਿਰ ਦਾ ਉਦਘਾਟਨ ਕੀਤਾ ਅਤੇ ਵਿਵਸਥਾਵਾਂ ਦਾ ਜਾਇਜ਼ਾ ਲੈਣ ਲਈ ਦੌਰਾ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਪੂਰੀ ਦਿੱਲੀ ਵਿੱਚ ਇੱਕ ਤਿਉਹਾਰ ਵਰਗਾ ਮਾਹੌਲ ਹੈ। ਹਰ ਕਾਵਾਂ ਕੈਂਪ ਦੀਆਂ ਵਿਵਸਥਾਵਾਂ ਸਾਡੀ ਟੀਮ, ਅਧਿਕਾਰੀਆਂ, ਮੰਤਰੀਆਂ ਅਤੇ ਵਿਧਾਇਕਾਂ ਦੁਆਰਾ ਸਮੇਂ ਤੋਂ ਪਹਿਲਾਂ ਹੀ ਯਕੀਨੀ ਕਰ ਲਈਆਂ ਗਈਆਂ ਹਨ। ਦਿੱਲੀ ਸਰਕਾਰ ਪੂਰੀ ਤਤਪਰਤਾ ਅਤੇ ਪਾਰਦਰਸ਼ਤਾ ਨਾਲ ਆਪਣਾ ਫਰਜ਼ ਨਿਭਾ ਰਹੀ ਹੈ। ਇਸ ਦੌਰਾਨ ਸੰਸਦ ਮੈਂਬਰ ਮਨੋਜ ਤਿਵਾਰੀ, ਦਿੱਲੀ ਸਰਕਾਰ ਵਿੱਚ ਕੈਬਨਿਟ ਮੰਤਰੀ ਕਪਿਲ ਮਿਸ਼ਰਾ ਅਤੇ ਵਿਧਾਇਕ ਅਜੈ ਮਹਾਵਰ ਵੀ ਹਾਜ਼ਰ ਸਨ। ਇਸ ਮੌਕੇ ਮੁੱਖ ਮੰਤਰੀ ਨੇ ਦਿੱਲੀ ਦੇ ਯਮੁਨਾ ਵਿਹਾਰ ਵਿੱਚ ਸਥਿਤ ਸ਼ਿਵ ਮੰਦਰ ਵਿੱਚ ਪੂਜਾ ਅਰਚਨਾ ਵੀ ਕੀਤੀ ਅਤੇ ਭੋਲੇ ਬਾਬਾ ਦਾ ਅਸ਼ੀਰਵਾਦ ਲਿਆ। ਮੁੱਖ ਮੰਤਰੀ ਨੇ ਦੱਸਿਆ ਕਿ ਕਾਵਾਂ ਯਾਤਰਾ ਸ਼ਰਧਾ ਅਤੇ ਸੇਵਾ ਦਾ ਪ੍ਰਤੀਕ ਹੈ। ਸਾਡੀ ਸਰਕਾਰ ਹਰ ਸ਼ਰਧਾਲੂ ਨੂੰ ਪੂਰਾ ਸਹਿਯੋਗ ਦੇਣ ਲਈ ਵਚਨਬੱਧ ਹੈ। ਕਿਸੇ ਨੂੰ ਅਸੁਵਿਧਾ ਨਾ ਹੋਵੇ, ਇਹ ਯਕੀਨੀ ਕਰਨ ਲਈ ਸਾਡੀ ਸਰਕਾਰ ਸਾਰੀਆਂ ਵਿਵਸਥਾਵਾਂ ਨੂੰ ਪੂਰਾ ਕਰ ਰਹੀ ਹੈ। ਉਨ੍ਹਾਂ ਨੇ ਅੱਗੇ ਦੱਸਿਆ ਕਿ ਪਹਿਲਾਂ ਦੀਆਂ ਸਰਕਾਰਾਂ ਦੇ ਦੌਰਾਨ ਕਾਵਾਂ ਸੇਵਾ ਵਿੱਚ ਭਾਰੀ ਅਨਿਯਮਿਤਤਾਵਾਂ ਹੁੰਦੀਆਂ ਸਨ। ਸਿਰਫ 170 ਕੈਂਪ ਲਗਾਏ ਜਾਂਦੇ ਸਨ, ਜਿਨ੍ਹਾਂ ਵਿੱਚੋਂ ਕਈ ਸ਼ੱਕੀ ਸੰਸਥਾਵਾਂ ਦੇ ਨਾਂ 'ਤੇ ਹੁੰਦੇ ਸਨ। ਕ੍ਰੋੜਾਂ ਰੁਪਏ ਟੈਂਟ ਮਾਫੀਆ ਦੀਆਂ ਜੇਬਾਂ ਵਿੱਚ ਚਲੇ ਜਾਂਦੇ ਸਨ ਅਤੇ ਅਸਲ ਸ਼ਿਵ ਭਗਤਾਂ ਤੱਕ



ਸੁਵਿਧਾਵਾਂ ਨਹੀਂ ਪਹੁੰਚਦੀਆਂ ਸਨ। ਪਰ ਹੁਣ ਸਥਿਤੀ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਇਸ ਵਾਰ 374 ਕਾਵਾਂ ਕੈਂਪ ਲਗਾਏ ਗਏ ਹਨ। ਸਾਰੇ ਕੈਂਪਾਂ ਨੂੰ ਸਿਰਫ 72 ਘੰਟਿਆਂ ਵਿੱਚ ਸਿੰਗਲ ਵਿੰਡੋ ਸਿਸਟਮ ਦੇ ਜ਼ਰੀਏ ਸਾਰੀਆਂ ਜ਼ਰੂਰੀ ਮਨਜ਼ੂਰੀਆਂ ਪ੍ਰਦਾਨ ਕੀਤੀਆਂ ਗਈਆਂ। ਇਸ ਵਾਰ ਕਾਵਾਂ ਸ਼ਿਵਿਰਾਂ ਦੀਆਂ ਮਨਜ਼ੂਰੀਆਂ ਨਾ ਸਿਰਫ ਸਮੇਂਬੱਧ ਰੂਪ ਵਿੱਚ ਜਾਰੀ ਕੀਤੀਆਂ ਗਈਆਂ, ਬਲਕਿ ਸਾਰੀਆਂ ਵਿਵਸਥਾਵਾਂ ਵੀ ਪਹਿਲਾਂ ਤੋਂ ਨਿਰਧਾਰਤ ਸਮੇਂ ਵਿੱਚ ਪੂਰੀਆਂ ਕਰ ਲਈਆਂ ਗਈਆਂ ਹਨ। ਇਸ ਤੋਂ ਇਲਾਵਾ, ਪਹਿਲੀ ਵਾਰ ਸਾਰੀਆਂ ਸੰਸਥਾਵਾਂ ਦਾ ਰਜਿਸਟ?ਰੇਸ਼ਨ ਲਾਜ਼ਮੀ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਫੰਡ ਟ?ਰਾਂਸਫਰ ਕੀਤੇ ਗਏ ਹਨ, ਜਿਸ ਨਾਲ ਪਾਰਦਰਸ਼ਤਾ ਯਕੀਨੀ ਹੋ ਸਕੇ। ਉਨ੍ਹਾਂ ਨੇ ਦੱਸਿਆ ਕਿ ਦਿੱਲੀ ਸਰਕਾਰ ਨੇ ਸ਼ਿਵਿਰਾਂ ਨੂੰ ਦੋ ਕਿਸ਼ਤਾਂ ਵਿੱਚ ਸਹਾਇਤਾ ਰਾਸ਼ੀ ਦੇਣ ਦੀ ਨੀਤੀ ਅਪਣਾਈ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਮੈਨੂੰ ਖੁਸ਼ੀ ਹੈ ਕਿ ਵਿਵਸਥਾਵਾਂ ਨੂੰ ਲੈ ਕੇ ਲੋਕਾਂ ਵਿੱਚ ਸੰਤੋਸ਼ ਅਤੇ ਉਤਸ਼ਾਹ ਹੈ। ਸਾਡੀ ਟੀਮ ਦੇ ਅਣਥੱਕ ਯਤਨਾਂ ਨਾਲ ਹਰ ਸ਼ਿਵਿਰ ਵਿੱਚ ਸਫਾਈ, ਸਿਹਤ, ਪੀਣ ਵਾਲਾ ਪਾਣੀ, ਡਾਕਟਰੀ ਸਹਾਇਤਾ, ਰੋਸ਼ਨੀ, ਸੁਰੱਖਿਆ ਅਤੇ ਭੋਜਨ ਵਰਗੀਆਂ ਸਾਰੀਆਂ ਜ਼ਰੂਰੀ ਵਿਵਸਥਾਵਾਂ ਨੂੰ ਦੁਰੁਸਤ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਸਾਵਣ ਮਹੀਨੇ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਕਾਵਾਂ ਯਾਤਰਾ ਦੇਸ਼ ਦੀ ਧਾਰਮਿਕ-ਸਾਂਸਕ੍ਰਿਤਕ ਪਰੰਪਰਾ ਦਾ ਗੌਰਵਸ਼ਾਲੀ ਪ੍ਰਤੀਕ ਹੈ ਅਤੇ ਦਿੱਲੀ ਸਰਕਾਰ ਇਸ ਦਾ ਸਨਮਾਨ ਕਰਦੀ ਹੈ। ਅਸੀਂ ਇਹ ਯਕੀਨੀ ਕਰਾਂਗੇ ਕਿ ਹਰ ਸ਼ਰਧਾਲੂ ਨੂੰ ਸੁਖਾਲੀ, ਸੁਰੱਖਿਅਤ ਅਤੇ ਸਨਮਾਨਜਨਕ ਯਾਤਰਾ ਅਨੁਭਵ ਮਿਲੇ। ਮੁੱਖ ਮੰਤਰੀ ਨੇ ਸ਼ਿਵਿਰ ਵਿੱਚ ਮੌਜੂਦ ਸਵੈਸੇਵਕਾਂ ਅਤੇ ਕਰਮਚਾਰੀਆਂ ਦੀ ਸ਼ਲਾਘਾ ਕੀਤੀ ਅਤੇ ਦਿੱਲੀਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕਾਵਾਂ ਯਾਤਰੀਆਂ ਦਾ ਸਵਾਗਤ ਖੁੱਲ੍ਹੇ ਦਿਲ ਨਾਲ ਕਰਨ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਿਯੋਗ ਦੇਣ। ਮੁੱਖ ਮੰਤਰੀ ਨੇ ਦੱਸਿਆ ਕਿ ਕਾਵਾਂ ਸਮਿਤੀ ਦੇ ਚੇਅਰਮੈਨ ਕਪਿਲ ਮਿਸ਼ਰਾ ਸਮੇਤ ਵੱਖ-ਵੱਖ ਸਮਿਤੀਆਂ ਅਤੇ ਸੰਗਠਨਾਂ ਤੋਂ ਇਹ ਸੁਝਾਅ ਮਿਲਿਆ ਹੈ ਕਿ ਸਹਾਇਤਾ ਰਾਸ਼ੀ ਨੂੰ ਹੋਰ ਥੋੜ੍ਹਾ ਵਧਾਇਆ ਜਾਵੇ, ਜਿਸ ਨਾਲ ਸੇਵਾਵਾਂ ਦੀ ਗੁਣਵੱਤਾ ਹੋਰ ਵਧੀਆ ਹੋ ਸਕੇ। ਦਿੱਲੀ ਸਰਕਾਰ ਇਸ ਸੁਝਾਅ ਨੂੰ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਸ਼ਿਵਿਰਾਂ ਦੀ ਹਰ ਸੰਭਵ ਮਦਦ ਕਰਨ ਲਈ ਵਚਨਬੱਧ ਹੈ।

## ਡੀ.ਐੱਸ.ਜੀ.ਐੱਮ.ਸੀ ਵੱਲੋਂ ਸਿੱਖ ਸੰਸਥਾਵਾਂ ਨੂੰ ਸ੍ਰੀ ਗੁਰੂ ਤੇ.ਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਾਂਝੀ ਤਰੀਕੇ ਨਾਲ ਮਨਾਉਣ ਦੀ ਅਪੀਲ

ਕੌਮੀ ਪਤ੍ਰਿਕਾ

ਨਵੀਂ ਦਿੱਲੀ 17 ਜੁਲਾਈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਅੱਜ ਸਾਰੀਆਂ ਸਿੱਖ ਸੰਸਥਾਵਾਂ ਅਤੇ ਸੰਪਰਦਾਵਾਂ ਨੂੰ ਅਪੀਲ ਕੀਤੀ ਕਿ ਉਹ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇ.ਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਇਕੱਠਿਆਂ ਮਨਾਉਣ। ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਡੀ.ਐੱਸ.ਜੀ.ਐੱਮ.ਸੀ ਮੁੱਖ ਦਫ਼ਤਰ 'ਚ ਆਯੋਜਿਤ ਪ੍ਰੈਸ ਕਾਨਫ਼ਰੰਸ ਦੌਰਾਨ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ 350ਵੇਂ ਸ਼ਹੀਦੀ ਦਿਵਸ ਨੂੰ ਰੂਹਾਨੀ ਜੋਸ਼ ਨਾਲ ਮਨਾਉਣ ਲਈ ਤਿਆਰੀਆਂ ਜ਼ੋਰਾਂ ਤੇ ਚੱਲ ਰਹੀਆਂ ਹਨ। ਇਸ ਵਿੱਚ ਸਿੱਖ ਸੰਸਥਾਵਾਂ, ਬੱਚਿਆਂ, ਸਿੰਘ ਸਭਾਵਾਂ, ਇਸਤਰੀ ਸਭਾਵਾਂ ਅਤੇ ਐਨ.ਜੀ.ਓਜ਼ ਦੀ ਭਾਗੀਦਾਰੀ ਹੋਵੇਗੀ। ਉਨ੍ਹਾਂ ਕਿਹਾ, "ਮੈਂ ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਅਮ੍ਰਿਤਸਰ ਦੇ ਪ੍ਰਧਾਨ ਸਰਦਾਰ ਹਰਜਿੰਦਰ ਸਿੰਘ ਧਾਮੀ ਨਾਲ ਨਿੱਜੀ ਤੌਰ 'ਤੇ ਗੱਲ ਕੀਤੀ ਸੀ ਅਤੇ ਉਨ੍ਹਾਂ ਨੂੰ ਮੀਟਿੰਗ ਲਈ ਸੱਦਾ ਦਿੱਤਾ। ਉਨ੍ਹਾਂ ਵੱਲੋਂ ਆਪਣੇ ਸੀਨੀਅਰ ਨੇਤਾ ਅਤੇ ਐਸ.ਜੀ.ਪੀ.ਸੀ ਦੇ ਸਾਬਕਾ ਜਰਨਲ ਸਕੱਤਰ ਸਰਦਾਰ ਗੁਰਚਰਨ ਸਿੰਘ ਗਰੇਵਾਲ ਨੂੰ ਨੁਮਾਇੰਦਗੀ ਲਈ ਭੇਜਿਆ ਗਿਆ। ਇਹ ਮੀਟਿੰਗ ਬਹੁਤ ਹੀ ਸੁਖਾਵੇਂ ਵਾਲੇ ਮਾਹੌਲ ਵਿੱਚ ਹੋਈ। ਉਨ੍ਹਾਂ ਅਗੇ ਦੱਸਿਆ ਕਿ ਮੀਟਿੰਗ ਦੌਰਾਨ ਇਹ ਫੈਸਲਾ ਹੋਇਆ ਕਿ ਨਗਰ ਕੀਰਤਨ ਆਨੰਦਪੁਰ ਸਾਹਿਬ, ਪੰਜਾਬ ਤੋਂ ਸ਼ੁਰੂ ਕੀਤਾ ਜਾਵੇਗਾ, ਜਿਥੇ



ਕਸ਼ਮੀਰੀ ਪੰਡਤ ਮਗਲ ਸ਼ਾਸਕਾਂ ਵੱਲੋਂ ਮਜਬੂਰੀ ਤੌਰ 'ਤੇ ਇਸਲਾਮ ਧਰਮ ਵਿੱਚ ਧਰਮ ਪਰਿਵਰਤਨ ਤੋਂ ਬਚਣ ਲਈ ਗੁਰੂ ਤੇ.ਗ ਬਹਾਦਰ ਸਾਹਿਬ ਕੋਲ ਆਏ ਸਨ। "ਮੈਂ ਸਾਫ਼ ਕਰਨਾ ਚਾਹੁੰਦਾ ਹਾਂ ਕਿ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਦਾ ਕੇਂਦਰ ਚਾਂਦਨੀ ਚੌਂਕ, ਦਿੱਲੀ ਵਿਖੇ ਸਥਿਤ ਗੁਰਦੁਆਰਾ ਸੀਸ ਗੰਜ ਸਾਹਿਬ ਹੈ ਅਤੇ ਉਨ੍ਹਾਂ ਦੀ ਅੰਤਿਮ ਸੰਸਕਾਰ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਕਰਕੇ ਇਹ ਡੀ.ਐੱਸ.ਜੀ.ਐੱਮ.ਸੀ ਦੀ ਜ਼ਿੰਮੇਵਾਰੀ ਹੈ ਕਿ ਇਹ ਸ਼ਤਾਬਦੀ ਮਨਾਈ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਪਿਛਲੇ ਰਵਾਇਤ ਅਨੁਸਾਰ ਕਿਸੇ ਵੀ ਸ਼ਤਾਬਦੀ ਸਮਾਗਮ ਦਾ ਕੇਂਦਰ ਉਸ ਖੇਤਰ ਦੀ ਗੁਰਦੁਆਰਾ ਕਮੇਟੀ ਮਨਾਉਂਦੀ ਹੈ ਜਿਥੇ ਉਹ ਇਤਿਹਾਸਕ ਘਟਨਾ ਹੋਈ ਹੋਵੇ ਅਤੇ ਬਾਕੀ ਸਿੱਖ ਸੰਸਥਾਵਾਂ ਉਸ ਦੀ ਪੂਰੀ ਸਹਿਯੋਗੀ ਹੁੰਦੀਆਂ ਹਨ। ਉਨਾਂ ਕਿਹਾ ਕਿ ਮੀਟਿੰਗ ਵਿੱਚ ਇਹ ਵੀ ਤੈਅ ਹੋਇਆ ਕਿ ਐਸ.ਜੀ.ਪੀ.ਸੀ ਪੰਜਾਬ ਵਿੱਚ ਨਗਰ ਕੀਰਤਨ ਕੱਢੇਗੀ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਰਿਆਣਾ 'ਚ ਉਸੇ ਨਗਰ ਕੀਰਤਨ ਨੂੰ ਲੈ ਜਾਵੇਗੀ ਅਤੇ ਦਿੱਲੀ ਦਾਖਲ ਹੋਣ 'ਤੇ ਡੀ.ਐੱਸ.ਜੀ.ਐੱਮ.ਸੀ ਉਸ ਦੀ ਪੂਰੀ ਵਿਵਸਥਾ ਕਰੇਗੀ।

## ਅਦਾਲਤਾਂ 'ਚ ਟਾਇਲਟਾਂ ਦੀ ਘਾਟ: 20 ਹਾਈ ਕੋਰਟਾਂ ਵੱਲੋਂ ਰਿਪੋਰਟ ਦਾਇਰ ਨਾ ਕਰਨ 'ਤੇ ਸੁਪਰੀਮ ਕੋਰਟ ਨਾਰਾਜ਼

ਨਵੀਂ ਦਿੱਲੀ 17 ਜੁਲਾਈ। ਸੁਪਰੀਮ ਕੋਰਟ ਨੇ ਦੇਸ਼ ਦੀਆਂ ਸਾਰੀਆਂ ਅਦਾਲਤਾਂ ਅਤੇ ਟ੍ਰਿਬਿਊਨਲਾਂ 'ਚ ਟਾਇਲਟਾਂ ਦੀਆਂ ਸਹੂਲਤਾਂ ਨੂੰ ਯਕੀਨੀ ਬਣਾਉਣ ਦੇ ਉਸਦੇ ਫ਼ੈਸਲੇ ਤੋਂ ਬਾਅਦ 20 ਹਾਈ ਕੋਰਟਾਂ ਵੱਲੋਂ ਪਾਲਣਾ ਰਿਪੋਰਟ ਦਾਇਰ ਨਾ ਕਰਨ 'ਤੇ ਬੁੱਧਵਾਰ ਨਾਰਾਜ਼ਗੀ ਪ੍ਰਗਟ ਕੀਤੀ ਅਤੇ ਉਨ੍ਹਾਂ ਨੂੰ ਅਜਿਹਾ ਕਰਨ ਲਈ ਅੱਠ ਹਫ਼ਤਿਆਂ ਦਾ ਸਮਾਂ ਦਿੱਤਾ। ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਆਰ. ਮਹਾਦੇਵਨ ਦੀ ਬੈਂਚ ਨੇ ਕਿਹਾ ਕਿ ਇਹ ਆਖਰੀ ਮੌਕਾ ਹੈ। ਬੈਂਚ ਨੇ ਸਖ਼ਤ ਲਹਿਜੇ ਵਿਚ ਕਿਹਾ ਕਿ ਅਗਲੇ ਅੱਠ ਹਫ਼ਤਿਆਂ ਵਿਚ ਰਿਪੋਰਟ ਦਾਇਰ ਨਾ ਕਰਨ 'ਤੇ ਗੰਭੀਰ ਨਤੀਜੇ ਭੁਗਤਣੇ ਪੈਣਗੇ। ਅਦਾਲਤ ਨੇ 15 ਜਨਵਰੀ ਦੇ ਆਪਣੇ ਫ਼ੈਸਲੇ 'ਚ ਕਿਹਾ ਸੀ ਕਿ ਸੰਵਿਧਾਨ ਦੀ ਧਾਰਾ 21 ਦੇ ਤਹਿਤ ਸਹੀ 'ਸੈਨੀਟੇਸ਼ਨ' ਤੱਕ ਪਹੁੰਚ ਨੂੰ ਮੌਲਿਕ ਅਧਿਕਾਰ ਮੰਨਿਆ ਗਿਆ ਹੈ। ਸੁਪਰੀਮ ਕੋਰਟ ਨੇ ਕਈ ਹੁਕਮ ਜਾਰੀ ਕਰਦੇ ਹੋਏ ਹਾਈ ਕੋਰਟਾਂ, ਸੂਬਾ ਸਰਕਾਰਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਸਾਰੇ ਅਦਾਲਤੀ ਕੰਪਲੈਕਸਾਂ ਅਤੇ ਟ੍ਰਿਬਿਊਨਲਾਂ 'ਚ ਮਰਦਾਂ, ਔਰਤਾਂ, ਦਿਵਯਾਂਗਜਨਾਂ ਅਤੇ ਟ?ਰਾਂਸਜੈਂਡਰਜ਼ ਦੇ ਲਈ ਵੱਖ-ਵੱਖ ਟਾਇਲਟਾਂ ਦੀਆਂ ਸਹੂਲਤਾਂ ਯਕੀਨੀ ਬਣਾਉਣ ਲਈ ਕਿਹਾ ਸੀ। ਅਦਾਲਤ ਨੇ ਨਾਲ ਹੀ ਚਾਰ ਮਹੀਨਿਆਂ ਦੇ ਅੰਦਰ ਸਥਿਤੀ ਰਿਪੋਰਟ ਵੀ ਮੰਗੀ ਸੀ। ਬੈਂਚ ਨੇ ਬੁੱਧਵਾਰ ਨੂੰ ਕਿਹਾ ਕਿ ਸਿਰਫ਼ ਝਾਰਖੰਡ, ਮੱਧ ਪ੍ਰਦੇਸ਼, ਕਲਕੱਤਾ, ਦਿੱਲੀ ਅਤੇ ਪਟਨਾ ਹਾਈ ਕੋਰਟਾਂ ਨੇ ਹੀ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਕੀਤੀ ਗਈ ਕਾਰਵਾਈ ਦਾ ਵੇਰਵਾ ਦਿੰਦੇ ਹੋਏ ਹਲਫ਼ਨਾਮੇ ਦਾਇਰ ਕੀਤੇ ਹਨ।

## ਅਭੈ ਚੌਟਾਲਾ ਨੂੰ ਮਿਲੀ ਜਾਨੋਂ ਮਾਰਨ ਦੀ ਧਮਕੀ

ਚੰਡੀਗੜ੍ਹ 17 ਜੁਲਾਈ। ਇੰਡੀਅਨ ਨੈਸ਼ਨਲ ਲੋਕ ਦਲ (INLD) ਦੇ ਮੁਖੀ ਅਭੈ ਸਿੰਘ ਚੌਟਾਲਾ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਇੱਕ ਅਣਪਛਾਤੇ ਵਿਅਕਤੀ ਨੇ ਉਨ੍ਹਾਂ ਦੇ ਪੁੱਤਰ ਕਰਨ ਨੂੰ ਇੱਕ ਵੌਇਸ ਸੁਨੇਹਾ ਭੇਜਿਆ ਹੈ, ਜਿਸ ਵਿੱਚ ਉਨ੍ਹਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਉਨ੍ਹਾਂ ਦੇ ਪਿਤਾ ਆਪਣੇ ਰਸਤੇ ਤੋਂ ਦੂਰ ਰਹਿਣ ਜਾਂ ਨਤੀਜੇ ਭੁਗਤਣ। ਕਰਨ ਚੌਟਾਲਾ ਨੇ ਬੁੱਧਵਾਰ ਨੂੰ ਇੱਥੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਚੰਡੀਗੜ੍ਹ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਕਰਨ ਨੇ ਕਿਹਾ ਕਿ ਮੰਗਲਵਾਰ ਰਾਤ ਲਗਭਗ 11 ਵਜੇ ਉਨ੍ਹਾਂ ਨੂੰ ਇੱਕ ਅਣਜਾਣ ਨੰਬਰ ਤੋਂ ਇੱਕ ਵਟਸਐਪ ਕਾਲ ਆਈ ਪਰ ਕਾਲ ਕਰਨ ਵਾਲੇ ਨੇ ਕੁਝ ਸਕਿੰਟਾਂ ਬਾਅਦ ਕਾਲ ਕੱਟ ਦਿੱਤੀ। ਉਹਨਾਂ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਕਿ ਕੁਝ ਸਮੇਂ ਬਾਅਦ ਉਹਨਾਂ ਦੇ ਮੋਬਾਈਲ 'ਤੇ ਇੱਕ ਵਿਦੇਸ਼ੀ ਨੰਬਰ ਤੋਂ ਇੱਕ ਵੌਇਸ ਸੁਨੇਹਾ ਆਇਆ, ਜਿਸ ਵਿੱਚ ਇੱਕ ਅਣਜਾਣ ਵਿਅਕਤੀ ਨੇ ਉਸਦੇ ਪਿਤਾ ਲਈ ਅਣਉਚਿਤ ਭਾਸ਼ਾ ਦੀ ਵਰਤੋਂ ਕੀਤੀ। ਸ਼ਿਕਾਇਤ ਦੇ ਅਨੁਸਾਰ ਕਰਨ ਨੂੰ ਆਪਣੇ ਪਿਤਾ ਨੂੰ ਇਹ ਸਮਝਾਉਣ ਲਈ ਕਿਹਾ ਗਿਆ ਸੀ ਕਿ ਉਹ ਉਨ੍ਹਾਂ ਦੇ ਰਸਤੇ ਤੋਂ ਦੂਰ ਰਹੇ ਨਹੀਂ ਤਾਂ ਉਸਨੂੰ ਵੀ ਉਸੇ ਜਗ?ਹਾ ਭੇਜ ਦਿੱਤਾ ਜਾਵੇਗਾ ਜਿੱਥੇ ਪ੍ਰਧਾਨ ਭੇਜਿਆ ਗਿਆ ਸੀ। ਇੱਥੇ 'ਪ੍ਰਧਾਨ' ਸ਼ਬਦ ਇਨੈਲੋ ਸੂਬਾ ਇਕਾਈ ਦੇ ਮੁਖੀ ਨਫੇ ਸਿੰਘ ਰਾਠੀ ਲਈ ਵਰਤਿਆ ਗਿਆ ਸੀ, ਜਿਸਦੀ ਫਰਵਰੀ 2024 ਵਿੱਚ ਝੱਜਰ ਜ਼ਿਲ੍ਹੇ ਦੇ ਬਹਾਦਰਗੜ੍ਹ ਵਿੱਚ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਇਸੇ ਨੰਬਰ ਤੋਂ ਅਭੈ ਚੌਟਾਲਾ ਦੇ ਨਿੱਜੀ ਸਕੱਤਰ ਨੂੰ ਵੀ ਇੱਕ ਸੁਨੇਹਾ ਭੇਜਿਆ ਗਿਆ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਇਸਨੂੰ ਅੰਤਮ ਚੇਤਾਵਨੀ ਮੰਨਿਆ ਜਾਣਾ ਚਾਹੀਦਾ ਹੈ। ਕਰਨ ਨੇ ਕਿਹਾ ਕਿ ਉਸਦੇ ਪਿਤਾ ਨੂੰ ਜੁਲਾਈ 2023 ਵਿੱਚ ਵੀ ਇਸੇ ਤਰ੍ਹਾਂ ਦੀਆਂ ਧਮਕੀਆਂ ਮਿਲੀਆਂ ਸਨ, ਜਿਸ ਤੋਂ ਬਾਅਦ ਹਰਿਆਣਾ ਪੁਲਸ ਨੇ ਕੇਸ ਦਰਜ ਕੀਤਾ ਸੀ।

## ਪ੍ਰਵੇਸ਼ ਸਾਹਿਬ ਸਿੰਘ ਅਤੇ ਮਨਜਿੰਦਰ ਸਿੰਘ ਸਿਰਸਾ ਨੇ ਫਲਾਈਓਵਰ ਅਤੇ ਅੰਡਰਪਾਸ ਨਿਰਮਾਣ ਕਾਰਜ ਦਾ ਨਿਰੀਖਣ ਕੀਤਾ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ, 17 ਜੁਲਾਈ। ਦਿੱਲੀ ਦੇ ਸਭ ਤੋਂ ਲੰਬੇ ਸਮੇਂ ਤੋਂ ਜਾਮ-ਗ੍ਰਸਤ ਇਲਾਕਿਆਂ ਵਿੱਚੋਂ ਇੱਕ, UER-B ਅਤੇ ਨੈਸ਼ਨਲ ਹਾਈਵੇ ਦੇ ਇੰਟਰਸੈਕਸ਼ਨ 'ਤੇ ਟ?ਰੈਫਿਕ ਦੀ ਗੰਭੀਰ ਸਮੱਸਿਆ ਨੂੰ ਸੁਲਝਾਉਣ ਦੀ ਦਿਸ਼ਾ ਵਿੱਚ ਵੱਡਾ ਕਦਮ ਚੁੱਕਿਆ ਗਿਆ ਹੈ। ਵੀਰਵਾਰ ਨੂੰ ਦਿੱਲੀ ਸਰਕਾਰ ਦੇ ਲੋਕ ਨਿਰਮਾਣ ਵਿਭਾਗ (PWD) ਮੰਤਰੀ ਪ੍ਰਵੇਸ਼ ਸਾਹਿਬ ਸਿੰਘ ਅਤੇ ਵਾਤਾਵਰਣ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਸਾਂਝੇ ਤੌਰ 'ਤੇ ਨਿਰਮਾਣ ਅਧੀਨ ਫਲਾਈਓਵਰ ਅਤੇ ਅੰਡਰਪਾਸ ਕਾਰਜ ਦਾ ਨਿਰੀਖਣ ਕੀਤਾ। ਇਹ ਮਹੱਤਵਪੂਰਨ ਬੁਨਿਆਦੀ ਢਾਂਚਾ ਪ੍ਰੋਜੈਕਟ ਪੱਛਮੀ ਅਤੇ ਬਾਹਰੀ ਦਿੱਲੀ ਦੇ ਉਨ੍ਹਾਂ ਲੱਖਾਂ ਲੋਕਾਂ ਲਈ ਰਾਹਤ ਲਿਆਵੇਗਾ, ਜੋ ਰੋਜ਼ਾਨਾ ਇਸ ਜੰਕਸ਼ਨ 'ਤੇ ਲੱਗਣ ਵਾਲੇ ਭਿਆਨਕ ਜਾਮ ਨਾਲ ਜੂਝਦੇ ਹਨ। ਸਾਲਾਂ ਤੋਂ ਹੋ ਰਹੇ ਟ?ਰੈਫਿਕ ਦਬਾਅ ਕਾਰਨ ਸਮੇਂ ਦੀ ਬਰਬਾਦੀ, ਈਂਧਣ ਦੀ ਖਪਤ ਅਤੇ ਹਵਾ ਪ੍ਰਦੂਸ਼ਣ ਵਿੱਚ ਭਾਰੀ ਵਾਧਾ ਦੇਖਿਆ ਗਿਆ ਹੈ। ਨਿਰੀਖਣ ਤੋਂ ਬਾਅਦ PWD ਮੰਤਰੀ ਪ੍ਰਵੇਸ਼ ਸਾਹਿਬ ਸਿੰਘ ਨੇ ਕਿਹਾ: "ਮੈਂ ਸਾਰੇ ਸਲਾਹਕਾਰਾਂ ਨਾਲ ਮਿਲ ਕੇ ਇੱਥੇ ਹੋਏ ਕੰਮ ਦੀਆਂ ਕਮੀਆਂ ਦੀ ਜਾਂਚ ਕਰਨ ਆਇਆ ਹਾਂ। ਅਸੀਂ ਇਸ ਨੂੰ ਦੁਬਾਰਾ ਅਧਿਐਨ ਕਰਾਂਗੇ ਅਤੇ ਜੋ ਵੀ ਕਮੀਆਂ ਜਾਂ ਅੰਤਰ ਹਨ, ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਾਂਗੇ। ਦਿੱਲੀ ਦੀ ਜਨਤਾ ਨੂੰ ਤੁਰੰਤ ਨਹੀਂ, ਸਗੋਂ ਲੰਬੇ ਸਮੇਂ ਅਤੇ ਵਿਹਾਰਕ ਹੱਲ ਚਾਹੀਦੇ ਹਨ — ਅਤੇ ਅਸੀਂ ਉਸੇ ਦਿਸ਼ਾ ਵਿੱਚ ਕੰਮ ਕਰ ਰਹੇ ਹਾਂ। ਇਹ ਪ੍ਰੋਜੈਕਟ ਨਜਫਗੜ੍ਹ, ਦੁਆਰਕਾ, ਰੋਹਿਣੀ ਅਤੇ ਦਿੱਲੀ-ਗੁੜਗਾਂਵ-ਜੈਪੁਰ ਹਾਈਵੇ (ਸ਼ਿਵ ਮੂਰਤੀ ਚੌਰਾਹਾ) ਵਰਗੇ ਮਹੱਤਵਪੂਰਨ ਇਲਾਕਿਆਂ ਨੂੰ ਜੋੜਨ ਵਾਲੇ ਇਸ ਚੌਰਾਹੇ 'ਤੇ ਨਿਰਵਿਘਨ ਯਾਤਾਯਾਤ ਨੂੰ ਯਕੀਨੀ ਕਰੇਗਾ ਅਤੇ ਵਿਕਲਪਕ ਮਾਰਗਾਂ 'ਤੇ ਮੌਜੂਦ ਦਬਾਅ ਨੂੰ ਵੀ ਘਟਾਏਗਾ। ਵਾਤਾਵਰਣ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ: "ਸਾਡਾ ਟੀਚਾ ਪ੍ਰਦੂਸ਼ਣ ਨੂੰ ਨਿਯੰਤਰਿਤ ਕਰਨਾ ਹੈ, ਜੋ ਭਾਰੀ



ਟ?ਰੈਫਿਕ ਕਾਰਨ ਲਗਾਤਾਰ ਵਧ ਰਿਹਾ ਹੈ। ਅਸੀਂ ਇਸ ਪ੍ਰਦੂਸ਼ਣ ਨੂੰ ਪ੍ਰਭਾਵੀ ਢੰਗ ਨਾਲ ਘਟਾਉਣ ਦੇ ਤਰੀਕੇ ਲੱਭਣ 'ਤੇ ਕੰਮ ਕਰ ਰਹੇ ਹਾਂ। ਅਜਿਹੇ ਪ੍ਰੋਜੈਕਟ ਸਿਰਫ਼ ਟ?ਰੈਫਿਕ ਹੀ ਨਹੀਂ, ਸਗੋਂ ਦਿੱਲੀ ਦੀ ਹਵਾ ਦੀ ਗੁਣਵੱਤਾ ਸੁਧਾਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਣਗੇ। ਦੋਵਾਂ ਮੰਤਰੀਆਂ ਨੇ ਇਸ ਪ੍ਰੋਜੈਕਟ ਦੇ ਸਮੇਂਬੱਧ ਅਤੇ ਤਕਨੀਕੀ ਤੌਰ 'ਤੇ ਸਟੀਕ ਅਮਲ ਦੀ ਲੋੜ 'ਤੇ ਜ਼ੋਰ ਦਿੱਤਾ, ਨਾਲ ਹੀ ਇਹ ਯਕੀਨੀ ਕਰਨ ਦੀ ਗੱਲ ਕਹੀ ਕਿ ਜਨਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਹਰ ਪੱਧਰ 'ਤੇ ਜਵਾਬਦੇਹੀ ਬਣੀ ਰਹੇ। ਸਾਲਾਂ ਤੋਂ ਜਾਰੀ ਟਰੈਫਿਕ ਦੀ ਚੁਣੌਤੀ ਨੂੰ ਹੱਲ ਕਰਨ ਦੀ ਇਹ ਕੋਸ਼ਿਸ਼ ਹੁਣ ਇੱਕ ਠੋਸ ਦਿਸ਼ਾ ਵਿੱਚ ਅੱਗੇ ਵਧ ਰਹੀ ਹੈ — ਜਿਸ ਨਾਲ ਦਿੱਲੀ ਦੇ ਨਾਗਰਿਕਾਂ ਨੂੰ ਸੁਰੱਖਿਅਤ, ਤੇਜ਼ ਅਤੇ ਪ੍ਰਦੂਸ਼ਣ-ਮੁਕਤ ਯਾਤਰਾ ਦਾ ਅਨੁਭਵ ਮਿਲ ਸਕੇਗਾ।

# ਮੱਛੀ ਪਾਲਣ ਵਿਭਾਗ ਵਲੋਂ ਮਨਾਇਆ ਗਿਆ ਮੱਛੀ ਪਾਲਣ ਦਿਵਸ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 17 ਜੁਲਾਈ। ਦੇਸ਼ ਭਰ ਵਿੱਚ ਮੱਛੀ ਪਾਲਣ ਦਿਵਸ ਮਨਾਇਆ ਜਾਂਦਾ ਹੈ, ਜਿਸ ਦਾ ਮਕਸਦ ਮੱਛੀ ਪਾਲਕਾ ਦੀ ਭੂਮਿਕਾ ਅਤੇ ਯੋਗਦਾਨ ਨੂੰ ਸਨਮਾਨ ਦੇਣਾ ਹੈ ਜੋ ਦੇਸ ਦੀ ਭੋਜਣ ਸੁਰੱਖਿਆ, ਆਰਥਿਕਤਾ ਅਤੇ ਰੋਜਗਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਇਸ ਸੰਬੰਧ ਵਿੱਚ ਮੱਛੀ ਪਾਲਣ ਵਿਭਾਗ ਅੰਮ੍ਰਿਤਸਰ ਵੱਲੋਂ ਜਿਲ੍ਹਾਂ ਅੰਮ੍ਰਿਤਸਰ ਵਿਖੇ ਇਹ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ ਜਿਸ ਵਿੱਚ ਜਿਲੇ ਦੇ ਵੱਖ-ਵੱਖ ਪਿੰਡਾ ਵਿੱਚੋਂ ਮੱਛੀ ਪਾਲਕਾਂ, ਮੱਛੀ ਵਿਕਰੇਤਾਂਵਾ ਅਤੇ ਬੇਰੋਜਗਾਰ ਨੌਜਵਾਂਨਾ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਸਭ ਤੋਂ ਪਹਿਲਾਂ ਸੀਨੀਅਰ ਮੱਛੀ ਪਾਲਣ ਅਫਸਰ, ਅੰਮ੍ਰਿਤਸਰ ਨੇ ਗੁਰਮੀਤ ਸਿੰਘ ਖੁਡੀਆ ਕੈਬਨਿਟ ਮੰਤਰੀ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਪੰਜਾਬ ਵੱਲੋਂ ਕੌਮੀ ਮੱਛੀ ਪਾਲਣ ਦਿਵਸ ਤੇ ਭੇਜੇ ਗਏ ਸੰਦੇਸ਼ ਬਾਰੇ ਜਾਣੂ ਕਰਵਾਇਆ ਗਿਆ, ਜਿਸ ਵਿੱਚ ਕੈਬਨਿਟ ਮੰਤਰੀ ਨੇ ਇਸ ਦਿਵਸ ਤੇ ਮੱਛੀ ਪਾਲਕਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਤੁਸੀ ਦੇਸ਼ ਨੂੰ ਭੋਜਨ ਸੁਰੱਖਿਆ ਪ੍ਰਦਾਨ ਕਰਨ ਅਤੇ ਆਰਥਿਕ ਤੌਰ ਤੇ ਖੁਸ਼ਹਾਲ ਬਣਾਉਣ ਵਿੱਚ ਕਾਰਜਸ਼ੀਲ ਹੋ, ਇਹ ਸਾਡੇ ਲਈ ਮਾਣ ਵਾਲੀ ਗੱਲ ਹੈ। ਕੈਬਨਿਟ ਮੰਤਰੀ ਨੇ ਅੱਜ ਦੇ ਦਿਨ ਦੀ ਮਹੱਤਤਾ ਬਾਰੇ ਜਾਣੂ ਕਰਵਾਉਦਿਆ ਹੋਇਆ ਦੱਸਿਆ ਕਿ 10 ਜੁਲਾਈ, 1957 ਨੂੰ ਅੰਗੁਲ, ਉਡੀਸਾ ਵਿਖੇ ਮਹਾਨ ਵਿਗਿਆਨੀ ਪ੍ਰੋਫੈਸਰ ਡਾ. ਹੀਰਾਲਾਲ ਚੌਧਰੀ ਅਤੇ ਡਾ. ਕੇ. ਐਚ. ਅਲੀਕੁੰਨੀ ਵਲੋਂ ਭਾਰਤੀ ਮੱਛੀ ਪਾਲਣ ਦੇ ਖੇਤਰ ਵਿੱਚ ਇੱਕ ਕ੍ਰਾਂਤੀ ਲਿਆਉਂਦੇ ਹੋਏ ਪਹਿਲੀ ਵਾਰ ਮਨਸੂਈ ਢੰਗ ਨਾਲ ਕਾਰਪ ਮੱਛੀਆਂ ਦੀ ਬਰੀਡਿੰਗ ਕਰਵਾਈ ਗਈ ਸੀ। ਇਹ ਦਿਹਾੜਾ ਹਰ ਸਾਲ ਉਨ੍ਹਾਂ ਵੱਲੋਂ ਕੀਤੇ ਗਏ ਇਸ ਕੰਮ ਦੀ ਯਾਦ ਅਤੇ ਮੱਛੀ ਪਾਲਕਾਂ ਵੱਲੋਂ ਇਸ ਸੈਕਟਰ ਵਿੱਚ ਪ੍ਰਾਪਤ ਕੀਤੀਆਂ ਗਈਆਂ ਉਪਲੱਬਧੀਆਂ ਨੂੰ ਸਮਰਪਿਤ ਹੈ। ਸ. ਗੁਰਮੀਤ ਸਿੰਘ ਖੁਡੀਆ ਨੇ ਇਹ ਵੀ ਕਿਹਾ ਕਿ ਮੁੱਖ ਮੰਤਰੀ ਪੰਜਾਬ, ਸ. ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਹੇਠ ਪੰਜਾਬ ਰਾਜ ਮੱਛੀ ਪਾਲਣ ਦੇ ਖੇਤਰ ਵਿੱਚ ਮਜ਼ਬੂਤੀ ਨਾਲ ਲਗਾਤਾਰ ਅੱਗੇ ਵੱਧ ਰਿਹਾ ਹੈ। ਪੰਜਾਬ ਵਿੱਚ ਕੁੱਲ 43,683 ਏਕੜ ਰਕਬਾ ਮੱਛੀ ਪਾਲਣ ਅਧੀਨ ਹੈ। ਇਸ ਸਮੇਂ ਪੰਜਾਬ ਵਿੱਚ ਕੁੱਲ 2,00,000 ਟਨ ਮੱਛੀ ਦਾ ਉਤਪਾਦਨ ਹੋ ਰਿਹਾ ਹੈ। ਪੰਜਾਬ ਦੇ ਸੇਮ ਅਤੇ ਖਾਰੇਪਣ ਨਾਲ ਪ੍ਰਭਾਵਿਤ ਦੱਖਣੀ-ਪੱਛਮੀ ਜਿਲ੍ਹਿਆਂ ਵਿਚ ਕਿਸਾਨਾਂ ਵੱਲੋਂ ਲੱਗਭੱਗ 985 ਏਕੜ ਰਕਬੇ ਵਿਚ ਝੀਂਗਾ ਪਾਲਣ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਮੱਛੀ ਪਾਲਕਾਂ ਦੀ ਸੁਵਿਧਾ ਲਈ 16 ਸਰਕਾਰੀ ਮੱਛੀ ਪੂੰਗ ਫਾਰਮਾਂ ਤੋਂ ਵਧੀਆ ਗੁਣਵੰਤਾ ਦਾ ਪੂੰਗ ਰਿਆਇਤੀ ਦਰਾਂ ਤੇ ਉਪਲੱਬਧ ਕਰਵਾਇਆ ਜਾਂਦਾ ਹੈ ਅਤੇ ਝੀਂਗਾ ਪਾਲਕਾਂ ਦੀ ਸੁਵਿਧਾ ਲਈ ਪਿੰਡ ਈਨਾ ਖੇੜਾ, ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਡੈਮੋਸਟ?ਰੇਸ਼ਨ ਫਾਰਮ-ਕਮ-ਟ?ਰੇਨਿੰਗ ਸੈਂਟਰ ਤੋਂ ਸੇਵਾਵਾਂ ਪ੍ਰਦਾਨ ਕੀਤੀਆ ਜਾਂਦੀਆ ਹਨ। ਸੈਂਟਰਲੀ ਸਪਾਂਸਰਡ ਸਕੀਮ ਪ੍ਰਧਾਨ ਮੰਤਰੀ ਮਤਸਯ ਸੰਪਦਾ ਯੋਜਨਾ (PMMSY) ਤਹਿਤ ਵੱਖ-ਵੱਖ ਪ੍ਰੋਜੈਕਟ ਜਿਵੇਂ ਕਿ ਮੱਛੀ ਅਤੇ ਝੀਂਗਾ ਪਾਲਣ ਤਲਾਬ, ਮੱਛੀ ਟਰਾਂਸਪੋਰਟ ਵਹੀਕਲ ਦੀ ਖਰੀਦ, ਮੱਛੀ ਕਿਓਸਕ/ਦੁਕਾਨਾਂ, ਕੋਲਡ ਸਟੋਰੇਜ ਪਲਾਂਟ, ਮੱਛੀ ਫੀਡ ਮਿੱਲ, ਸਜਾਵਟੀ ਮੱਛੀਆਂ ਦੇ ਯੂਨਿਟ, ਆਦਿ ਨੂੰ ਅਪਨਾਉਣ ਲਈ 40% ਤੋਂ 60% ਸਬਸਿਡੀ ਦਾ ਲਾਭ ਦਿੱਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵਲੋਂ ਹੁਣ ਤੱਕ 637 ਲਾਭਪਾਤਰੀਆਂ ਨੂੰ ਸਵੈ-ਰੁਜਗਾਰ ਮੁਹੱਈਆ ਕਰਵਾਉਂਦੇ ਹੋਏ 30.63 ਕਰੋੜ ਰੁਪਏ ਦੀ ਸਬਸਿਡੀ ਵੰਡੀ ਜਾ ਚੁੱਕੀ ਹੈ। ਅੰਤ ਵਿਚ ਉਹਨਾ ਵੱਲੋ ਇੱਕ ਵਾਰ ਫਿਰ 'ਕੌਮੀ ਮੱਛੀ ਪਾਲਕ ਦਿਵਸ ਦੀਆਂ ਵਧਾਈਆਂ ਦਿੰਦੇ ਹੋਏ ਅਪੀਲ ਕੀਤੀ ਗਈ ਕਿ ਸਮੇਂ ਦੀ ਮੰਗ ਮੁਤਾਬਿਕ ਆਧੁਨਿਕ ਮੱਛੀ ਪਾਲਣ ਤਕਨੀਕਾਂ ਅਪਣਾ ਕੇ, ਕੁਦਰਤੀ ਜਲ ਸਰੋਤਾਂ ਦੀ ਸੰਭਾਲ ਕਰਦੇ ਹੋਏ ਮੱਛੀ ਦਾ ਉਤਪਾਦਨ ਵਧਾਈਏ, ਕਿਰਸਾਨੀ ਅਤੇ ਪੰਜਾਬ ਸੂਬੇ ਦੀ ਤਰੱਕੀ ਵਿੱਚ ਆਪਣਾ ਬਹੁਮੁੱਲਾ ਯੋਗਦਾਨ ਪਾਈਏ। ਇਸ ਉਪਰੰਤ ਮਿਸ ਸੁਪਰਿਆ ਕੰਬੋਜ ਮੱਛੀ ਪਾਲਣ ਅਫਸਰ ਅੰਮ੍ਰਿਤਸਰ ਨੇਂ ਵਿਭਾਗ ਵਿੱਚ ਚੱਲ ਰਹੀਆਂ ਵੱਖ-ਵੱਖ ਸਕੀਮਾਂ ਤੋਂ ਜਾਣੂ ਕਰਵਾਇਆ।ਅੰਤ ਵਿੱਚ ਸ੍ਰ ਹਰਦੇਵ ਸਿੰਘ ਸਹਾਇਕ ਡਾਇਰੈਕਟਰ ਮੱਛੀ ਪਾਲਣ ਅੰਮ੍ਰਿਤਸਰ ਜੀ ਨੇ ਆਏ ਹੋਏ ਮੱਛੀ ਕਾਸ਼ਤਕਾਰਾਂ ਦਾ ਧੰਨਵਾਦ ਕਰਦਿਆਂ ਹੋਏ ਕਿਹਾ ਕਿ ਮੱਛੀ ਪਾਲਣ ਨੂੰ ਉਤਸ਼ਾਹਿਤ ਕਰਨ ਵਾਸਤੇ ਪੀ. ਐਮ. ਐਮ. ਐਸ. ਵਾਈ ਸਕੀਮ ਅਧੀਨ ਵੱਖ ਵੱਖ ਮੱਦਾ ਤਹਿਤ ਸਬਸਿਡੀ ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਮੱਛੀ ਪਾਲਣ ਦਾ ਧੰਦਾ ਸਹਾਇਕ ਧੰਦਿਆਂ ਵਿੱਚੋਂ ਇੱਕ ਬਹੁਤ ਹੀ ਵਧੀਆ ਧੰਦਾ ਹੈ ਜਿਸ ਰਾਹੀਂ ਕਿਸਾਨ ਆਪਣੀ ਆਮਦਨ ਵਿੱਚ ਦੁਗਣਾ ਵਾਧਾ ਕਰ ਸਕਦੇ ਹਨ ਅਤੇ ਬੇਰੋਜਗਾਰ ਨੌਜਵਾਨ ਵੀ ਇਸ ਨੂੰ ਰੋਜਗਾਰ ਵਜੋਂ ਅਪਣਾ ਸਕਦੇ ਹਨ। ਉਹਨਾ ਵੱਲੋ ਇਹ ਵੀ ਦੱਸਿਆ ਗਿਆ ਕਿ ਪਿਡਾਂ ਵਿੱਚ ਬੇਕਾਰ ਪਏ ਪੰਚਾਇਤੀ ਛੱਪੜਾ ਨੂੰ ਠੇਕੇ ਤੇ ਲੈ ਕੇ ਮੱਛੀ ਪਾਲਣ ਤਲਾਬ ਵਜੋ ਵਿਕਸਤ ਕਰਕੇ ਮੱਛੀ ਪਾਲਣ ਅਧੀਨ ਲਿਆਦਾ ਜਾ ਸਕਦਾ ਹੈ ਅਤੇ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ। ਮੱਛੀ ਪਾਲਣ ਨੂੰ ਜਿਲ੍ਹੇ ਵਿੱਚ ਪ੍ਰਫੁਲਿੱਤ ਕਰਨ ਲਈ ਵਿਭਾਗ ਵਲੋ ਹਰ ਮਹੀਨੇ ਜਿਲ੍ਹ ਪੱਧਰ ਤੇ ਪੰਜ ਦਿੰਨਾ ਮੁਫਤ ਸਿਖਲਾਈ ਦਿੱਤੀ ਜਾਦੀ ਹੈ। ਇਸ ਮੋਕੇ ਤੇ ਵਿਭਾਗ ਦੇ ਸਚਲੀਨ ਸਿੰਘ ਬਾਜਵਾ, ਜਗਤਾਰ ਸਿੰਘ, ਆਦਿ ਵੀ ਹਾਜਰ ਸਨ।

## ਦੋਹਰੇ ਕਤਲ ਕੇਸ 'ਚ ਇੰਨਸਾਫ਼ ਲੈਣ ਲਈ ਪਿੰਡ ਕਮਾਸਕੇ ਤੋਂ ਪੀੜਤ ਧਿਰ ਨੇ ਐਸ ਸੀ ਕਮਿਸ਼ਨ ਨਾਲ ਕੀਤੀ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ,15, ਜੁਲਾਈ: ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਕਮਾਸਕਾ 'ਚ ਵਾਪਰੇ ਦੋਹਰੇ ਕਤਲ ਕੇਸ 'ਚ ਇਨਸਾਫ ਲੈਣ ਲਈ ਪੀੜਿਤ ਸਰਦਾਰ ਤਰਸੇਮ ਸਿੰਘ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੇ ਮੈਂਬਰ ਸਰਦਾਰ ਗੁਰਪ੍ਰੀਤ ਸਿੰਘ ਇਟਾਂਵਾਲੀ ਨਾਲ ਰਸਮੀ ਤੌਰ 'ਤੇ ਮੁਲਾਕਾਤ ਕੀਤੀ । ਇਸ ਮੁਲਾਕਾਤ ਦੌਰਾਨ ਪੰਚਾਇਤ ਪਿੰਡ ਕਮਾਸਕਾ ਦੇ ਸਰਪੰਚ ਜਸਪਾਲ ਕੌਰ ਦੇ ਪਤੀ ਪੀੜਤ ਤਰਸੇਮ ਸਿੰਘ ਨੇ ਦੱਸਿਆ ਕਿ ਮੇਰੇ ਸਕੇ ਭਰਾ ਪ੍ਰੇਮ ਸਿੰਘ ਗਿੱਲ ਅਤੇ ਕੁਲਦੀਪ ਕੌਰ ਪਤਨੀ ਬਲਵਿੰਦਰ ਸਿੰਘ ਦਾ ਪੰਚਾਇਤੀ ਚੋਣਾਂ ਹਿੱਸਾ ਲੈਣ ਦੀ ਵਜ?ਹਾ ਕਰਕੇ ਉੱਚ ਜਾਤੀ ਦੇ ਲੋਕਾਂ ਦੁਆਰਾ ਕਤਲ ਕਰ ਦਿੱਤਾ ਸੀ। ਉਨ੍ਹਾਂ ਨੇ ਦੱਸਿਆ ਕਿ ਕਤਲ ਦੇ ਦੋਸ਼ ਹੇਠ ਉੱਚ ਜਾਤ ਨਾਲ ਸਬੰਧਿਤ 27 ਦੇ ਕਰੀਬ ਵਿਅਕਤੀਆਂ ਨੂੰ ਪੁਲਿਸ ਨੇ ਮੁਕੱਦਮੇ ਵਿੱਚ ਨਾਮਜ਼ਦ ਕੀਤਾ ਹੈ। ਉਹਨਾਂ ਨੇ ਕਮਿਸ਼ਨ ਦੇ ਧਿਆਨ 'ਚ ਲਿਆਂਦਾ ਹੈ ਕਿ ਪੁਲਿਸ ਥਾਣਾ ਲੋਪੋਕੇ ਨੇ ਦੋਸ਼ੀਆਂ ਦੀ ਪੁਸ਼ਤ ਪਨਾਹੀ ਕਰਦਿਆਂ ਕਤਲ ਕੇਸ 'ਚ ਨਾਮਜ਼ਦ ਵਿਅਕਤੀਆਂ ਵਿਰੁੱਧ ਐਸਸੀ ਐਕਟ ਤਹਿਤ ਕਾਰਵਾਈ ਨਾ ਕਰਦਿਆਂ ਫ਼ਰਜ਼ 'ਚ ਕੌਤਾਹੀ ਕੀਤੀ ਹੈ। ਸ਼ਿਕਾਇਤ ਕਰਤਾ ਧਿਰ ਸਰਦਾਰ ਤਰਸੇਮ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਦੋਸ਼ੀਆਂ ਦੇ ਹੱਕ 'ਚ ਭੁਗਤਦਿਆਂ ਮੇਰੀ 13 ਸਾਲ ਦੀ ਧੀ ਅਤੇ ਮੇਰੇ ਮ੍ਰਿਤਕ ਭਰਾ ਪ੍ਰੇਮ ਸਿੰਘ ਗਿੱਲ ਦਾ 17 ਸਾਲ ਦਾ ਲੜਕਾ ਸੁਖਰਾਮ ਸਿੰਘ ਫਰਜੀ ਤੌਰ 'ਤੇ ਤਿਆਰ ਕੀਤੇ ਕਰਾਸ ਮੁਕਦਮੇ 'ਚ ਦੋਸ਼ੀ ਵਜੋਂ ਨਾਮਜ਼ਦ ਕਰਕੇ ਤਫਤੀਸ਼ੀ ਅਫਸਰ ਨੇ ਵੱਡੀ ਸਾਜ਼ਿਸ਼ ਨੂੰ ਅੰਜਾਮ ਦਿੱਤਾ। ਪੀੜਿਤ ਧਿਰ ਦਾ ਪੱਖ ਸੁਣ ਉਪਰੰਤ ਪ੍ਰਾਪਤ ਕੀਤੀ ਸ਼ਿਕਾਇਤ ਨੂੰ ਸਵੀਕਾਰ ਕਰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਗੁਰਪ੍ਰੀਤ ਸਿੰਘ ਇਟਾਂਵਾਲੀ ਨੇ ਕਿਹਾ ਕਿ ਪੁਲਿਸ ਨੇ ਐਸੀ ਐਸਟੀ ਤਹਿਤ ਦੋਸ਼ੀਆਂ ਵਿਰੁੱਧ ਧਾਰਾ ਨਾ ਲਗਾ ਕੇ ਆਪਣੀ ਭੂਮਿਕਾ ਨੂੰ ਸ਼ੱਕੀ ਬਣਾ ਲਿਆ ਹੈ। ਮੈਂਬਰ ਇੱਟਾਂਵਾਲੀ ਨੇ ਕਿਹਾ ਕਿ ਇਸ ਮਾਮਲੇ 'ਚ ਐਸਐਸਪੀ ਪੁਲਿਸ ਜਿਲਾ ਅੰਮ੍ਰਿਤਸਰ ਦਿਹਾਤੀ ਤੋਂ ਰਿਪੋਰਟ ਤਲਬ ਕੀਤੀ ਜਾਵੇਗੀ। ਇਸ ਮੌਕੇ ਪੀਏ ਬਾਬਾ ਹਰਜਿੰਦਰ ਸਿੰਘ ਫਿਰੋਜ਼ਸ਼ਾਹ, ਘੱਟ ਗਿਣਤੀਆਂ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸ ਸਤਨਾਮ ਸਿੰਘ ਗਿੱਲ, ਚੇਅਰਮੈਨ ਪੰਜਾਬ ਮੁਹੋਬਤ ਮੇਹਰਬਾਨ ਮੀਆਂ ਵਿੰਡ, ਲਖਵਿੰਦਰ ਸਿੰਘ ਅਟਾਰੀ, ਪੀਆਰਓ ਅੰਮ੍ਰਿਤਪਾਲ ਸਿੰਘ ਸ਼ਾਹਪੁਰ, ਮਹਾਂਕਾਲ ਜਥੇਦਾਰ ਬਾਬਾ ਪਰਮਜੀਤ ਸਿੰਘ ਖਾਲਸਾ ਆਦਿ ਹਾਜ਼ਰ ਸਨ।

## ਸਰਕਾਰੀ ਹਸਪਤਾਲ ਦੇ ਗੇਟ 'ਤੇ ਨਸ਼ੇ ਦੀ ਹਾਲਤ 'ਚ ਮਿਲੀ ਕੁੜੀ

ਫਾਜ਼ਿਲਕਾ 17 ਜੁਲਾਈ। ਸਰਕਾਰੀ ਹਸਪਤਾਲ ਦੇ ਗੇਟ 'ਤੇ ਲਗਭਗ 20 ਸਾਲ ਦੀ ਇੱਕ ਸਥਾਨਕ ਕੁੜੀ ਨਸ਼ੇ ਦੀ ਓਵਰਡੋਜ਼ ਹਾਲਤ ਵਿੱਚ ਮਿਲੀ। ਇੱਕ ਲਿਫਾਫੇ ਵਿੱਚੋਂ ਨਸ਼ੀਲੇ ਕੈਪਸੂਲ, ਹਜ਼ਾਰਾਂ ਰੁਪਏ ਨਕਦ, ਵੱਖ-ਵੱਖ ਡਾਕਟਰਾਂ ਦੀਆਂ ਪਰਚੀਆਂ, ਅੰਗਰੇਜ਼ੀ, ਦੇਸੀ ਅਤੇ ਹੋਰ ਤਰ੍ਹਾਂ ਦੀਆਂ ਦਵਾਈਆਂ ਮਿਲੀਆਂ। ਪੁਲਸ ਮੌਕੇ 'ਤੇ ਪਹੁੰਚ ਗਈ ਹੈ। ਮਾਮਲੇ ਦੀ ਜਾਂਚ ਜਾਰੀ ਹੈ। ਜਾਣਕਾਰੀ ਅਨੁਸਾਰ ਐਤਵਾਰ ਦੁਪਹਿਰ ਨੂੰ ਕੁਝ ਲੋਕਾਂ ਨੇ ਸਰਕਾਰੀ ਹਸਪਤਾਲ ਦੇ ਮੁੱਖ ਗੇਟ 'ਤੇ ਇੱਕ ਕੁੜੀ ਨੂੰ ਡਿੱਗਿਆ ਦੇਖਿਆ। ਉਸਦੀ ਇੱਕ ਲੱਤ ਗੇਟ ਦੀ ਗਰਿੱਲ ਵਿੱਚ ਫਸ ਗਈ ਸੀ। ਆਸ-ਪਾਸ ਦੇ ਲੋਕਾਂ ਨੇ ਤੁਰੰਤ ਉਸਨੂੰ ਚੁੱਕ ਕੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਅਤੇ ਡਾਕਟਰਾਂ ਨੇ ਉਸਦਾ ਇਲਾਜ ਸ਼ੁਰੂ ਕਰ ਦਿੱਤਾ। ਜਦੋਂ ਉਸਦੀ ਬੇਹੋਸ਼ੀ ਦੌਰਾਨ ਪਛਾਣ ਲਈ ਭਾਲ ਕੀਤੀ ਗਈ ਤਾਂ ਡਾਕਟਰ ਪੂਜਾ, ਫਾਰਮਾਸਿਸਟ ਇਨਸਾਫ ਸ਼ਰਮਾ, ਸਮਾਜ ਸੇਵਕ ਰਾਜੂ ਚਰਾਇਆ ਅਤੇ ਇੱਕ ਹੋਰ ਔਰਤ ਦੀ ਮਦਦ ਨਾਲ, ਪੰਜ ਪ੍ਰੇਗਾ ਕੈਪਸੂਲ, 11730 ਰੁਪਏ ਦੀ ਨਕਦੀ, ਨਸ਼ਾ ਛੁਡਾਊ ਲਈ ਅਬੋਹਰ ਅਤੇ ਸ੍ਰੀ ਗੰਗਾਨਗਰ ਦੇ ਵੱਖ-ਵੱਖ ਡਾਕਟਰਾਂ ਦੀਆਂ ਪਰਚੀਆਂ ਅਤੇ ਦਵਾਈਆਂ ਨਾਲ ਭਰਿਆ ਇੱਕ ਲਿਫਾਫਾ ਉਸ ਕੋਲੋਂ ਮਿਲਿਆ। ਜੋ ਕਿ ਅੰਗਰੇਜ਼ੀ, ਭਾਰਤੀ ਅਤੇ ਹੋਰ ਤਰ੍ਹਾਂ ਦੀਆਂ ਦਵਾਈਆਂ ਨਾਲ ਭਰਿਆ ਹੋਇਆ ਸੀ। ਇਸ ਸਮੇਂ ਥਾਣਾ ਨੰਬਰ 1 ਦੇ ਜਾਂਚ ਅਧਿਕਾਰੀ ਰਜਨੀ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਸ਼ਹੀਦ ਭਾਈ ਮਤੀ ਦਾਸ ਸਕੂਲ ਆਫ ਐਮੀਨੈਂਸ ਦੀ ਮੈਨੇਜਮੈਂਟ ਕਮੇਟੀ ਦੀ ਚੋਣ

ਲੌਂਗੋਵਾਲ,17 ਜੁਲਾਈ: ਸ਼ਹੀਦ ਭਾਈ ਮਤੀ ਦਾਸ ਸਕੂਲ ਆਫ ਐਮੀਨੈਂਸ ਲੌਂਗੋਵਾਲ ਵਿਖੇ ਨਵੀਂ ਸਕੂਲ ਮੈਨੇਜਮੈਂਟ ਕਮੇਟੀ ਦੀ ਚੋਣ ਸੰਬੰਧੀ ਇਕ ਸਰਬ ਸਾਂਝੀ ਬੈਠਕ ਬੁਲਾਈ ਗਈ, ਜਿਸ ਦੀ ਅਗਵਾਈ ਸਕੂਲ ਦੇ ਪ੍ਰਿੰਸੀਪਲ ਸ੍ਰੀ ਬਿਪਨ ਕੁਮਾਰ ਚਾਵਲਾ ਨੇ ਕੀਤੀ। ਇਸ ਮੀਟਿੰਗ ਵਿੱਚ ਲਗਭਗ 80 ਬੱਚਿਆਂ ਦੇ ਮਾਤਾ ਪਿਤਾ, ਇਲਾਕੇ ਦੇ ਸਮਾਜ ਸੇਵੀ, ਨਗਰ ਕੌਂਸਲ ਦੇ ਨੁਮਾਇੰਦਿਆਂ, ਸਿੱਖਿਆ ਖੇਤਰ ਨਾਲ ਸੰਬੰਧਿਤ ਸ਼ਖ਼ਸ਼ੀਅਤਾਂ ਨੇ ਭਾਗ ਲਿਆ ਅਤੇ ਬਹੁਸੰਮਤੀ ਨਾਲ ਨਵੀਂ ਸਕੂਲ ਮੈਨੇਜਮੈਂਟ ਕਮੇਟੀ ਦੀ ਚੋਣ ਕੀਤੀ ਗਈ। ਰਮੇਸ਼ ਸਿੰਘ ਨੂੰ ਸਰਬ ਸੰਮਤੀ ਨਾਲ ਚੇਅਰਮੈਨ ਚੁਣਿਆ ਗਿਆ। ਗੁਰਮੇਲ ਸਿੰਘ, ਰਾਮ ਸਿੰਘ, ਬੁੱਧ ਸਿੰਘ, ਗੁਰਵਿੰਦਰ ਸਿੰਘ, ਸਿਮਰਨ ਕੌਰ, ਕਿਰਨਦੀਪ ਕੌਰ, ਕਿਰਨਾ ਕੌਰ, ਸੁਖਪ੍ਰੀਤ ਕੌਰ, ਮਨਿੰਦਰ ਕੌਰ, ਸੁਖਬੀਰ ਅਤੇ ਵੀਰਪਾਲ ਕੌਰ ਬੱਚਿਆਂ ਦੀ ਮਾਪੇ ਮੈਂਬਰ ਵਜੋਂ ਚੁਣੇ ਗਏ। ਇਸ ਦੇ ਨਾਲ ਹੀ ਹਰਕੇਸ਼ ਕੁਮਾਰ ਡੀ.ਪੀ.ਈ. ਨੂੰ ਅਧਿਆਪਕ ਮੈਂਬਰ ਵਜੋਂ ਰਾਜ ਸਿੰਘ ਨੂੰ ਨਾਮਜਦ ਮੈਂਬਰ ਵਜੋਂ ਮਨਜੀਤ ਕੁਮਾਰ ਨੂੰ ਸਿੱਖਿਆ ਕਰਮੀ ਵਜੋਂ ਮੇਲਾ ਸਿੰਘ ਨੂੰ ਸੱਦਾ ਪੱਤਰ ਐਮ.ਸੀ. ਵਜੋਂ ਅਤੇ ਕੁਲਦੀਪ ਸਿੰਘ ਨੂੰ ਵਿਸ਼ੇਸ਼ ਸੱਦਾ ਪੱਤਰ ਮੈਂਬਰ ਵਜੋਂ ਸਰਬ ਸੰਮਤੀ ਨਾਲ ਚੁਣਿਆ ਗਿਆ। ਇਸ ਕਮੇਟੀ ਦੇ ਸਕੱਤਰ ਸਕੂਲ ਦੇ ਮੌਜੂਦਾ ਪ੍ਰਿੰਸੀਪਲ ਬਿਪਨ ਕੁਮਾਰ ਹੀ ਹੋਣਗੇ, ਇਹ ਚੋਣ ਸਬੰਧੀ ਹਾਜ਼ਰੀਨ ਸਖਸ਼ੀਅਤਾਂ ਨੇ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ। ਅਖੀਰ ਵਿੱਚ ਪ੍ਰਿੰਸੀਪਲ ਸਾਹਿਬ ਵੱਲੋਂ ਸਾਰੀਆਂ ਹੀ ਪਹੁੰਚੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ, ਅਤੇ ਉਨਾਂ ਜਾਣਕਾਰੀ ਦਿੱਤੀ ਕਿ ਸਕੂਲ ਦੇ ਸਾਰੇ ਕਲਾਸ ਰੂਮਾਂ ਨੂੰ ਨਵੀਂ ਟੈਕਨੋਲੋਜੀ ਦੇ ਕੈਮਰਿਆਂ ਨਾਲ ਲੈਸ ਕਰਨ ਦਾ ਫੈਸਲਾ ਲਿਆ ਗਿਆ ਹੈ।

## ਬਿਜਲੀ ਵਾਲੇ ਮੀਟਰਾਂ ਨੂੰ ਲੈ ਕੇ ਪੈ ਗਿਆ ਪੁਆੜਾ, ਖ਼ਬਰ ਪੜ੍ਹ ਉਡਣਗੇ ਹੋਸ਼

ਗੁਰੂਹਰਸਹਾਏ 17 ਜੁਲਾਈ। ਸ਼ਹਿਰ ਦੀ ਫਰੀਦਕੋਟ ਰੋਡ ਦੇ ਨਾਲ ਲੱਗਦੀ ਪੁਰਾਣੀ ਚੂੰਗੀ ਨੰਬਰ 5 ਵਾਲੀ ਗਲੀ 'ਚ ਅੱਜ ਸਵੇਰੇ ਖੁੱਲੇ ਮੀਟਰ ਬਕਸੇ ਨੂੰ ਅੱਗ ਲੱਗ ਗਈ ਅਤੇ ਸਾਰੇ ਮੀਟਰ ਸੜ ਕੇ ਸੁਆਹ ਹੋ ਗਏ। ਅੱਜ ਸਵੇਰੇ ਜਿਵੇਂ ਹੀ 9 ਵਜੇ ਦੇ ਕਰੀਬ ਮੀਂਹ ਪੈਣਾ ਸ਼ੁਰੂ ਹੋਇਆ ਤਾਂ ਪੁਰਾਣੀ ਚੂੰਗੀ ਨੰਬਰ 5 ਵਾਲੀ ਗਲੀ ਜੋ ਕਿ ਬਸਤੀ ਗੁਰੂ ਕਰਮ ਸਿੰਘ ਵਾਲੀ ਨੂੰ ਜਾਂਦੀ ਹੈ ਤੇ ਨਾਲ ਹੀ ਛੋਟੇ ਬੱਚਿਆਂ ਦੇ ਯੂਰੋ ਕਿਡਸ ਸਕੂਲ ਦੀ ਬਿਲਡਿੰਗ ਹੈ ਦੇ ਕੋਲ ਬਿਜਲੀ ਦੇ ਖੁੱਲੇ ਬਕਸੇ ਨੂੰ ਮੀਹ ਕਾਰਨ ਵਿਚ ਪਾਣੀ ਚਲਾ ਗਿਆ ਜਿਸ ਕਾਰਨ ਮੀਟਰ ਦੇ ਬਕਸੇ ਨੂੰ ਅੱਗ ਲੱਗ ਗਈ ਅਤੇ ਜ਼ੋਰਦਾਰ ਧਮਾਕਾ ਹੋ ਗਿਆ। ਪਟਾਕੇ ਚਲਨੇ ਸ਼ੁਰੂ ਹੋ ਗਏ ਸਾਰੇ ਮੀਟਰ ਸੜ ਕੇ ਸਵਾਹ ਹੋ ਗਏ ਮੌਕੇ ਤੇ ਮੌਜੂਦ ਦੁਕਾਨਦਾਰ ਨੇ ਸਮਝਦਾਰੀ ਦਿਖਾਉਂਦੇ ਹੋਏ ਤੁਰੰਤ ਬਿਜਲੀ ਵਿਭਾਗ ਨੂੰ ਇਸ ਦੀ ਸੂਚਨਾ ਦਿੱਤੀ ਤੇ ਸਪਲਾਈ ਬੰਦ ਕਰਵਾਈ ਕਰੀਬ ਇੱਕ ਘੰਟਾ ਇਸ ਮੀਟਰ ਬਕਸੇ ਅੰਦਰ ਅੱਗ ਲੱਗੀ ਪਰ ਕੋਈ ਬਿਜਲੀ ਵਿਭਾਗ ਦਾ ਕਰਮਚਾਰੀ ਦੇਖਣ ਤੱਕ ਨਹੀਂ ਆਇਆ ਠੀਕ ਤਾਂ ਕੀ ਕਰਨਾ ਸੀ। ਇੱਥੇ ਇਹ ਵੀ ਗੱਲ ਦੱਸਣ ਯੋਗ ਹੈ ਤਕਰੀਬਨ ਸਾਰੀ ਮੰਡੀ ਗੁਰੂਹਰਸਹਾਏ ਦੇ ਮੀਟਰ ਬਕਸੇ ਜਾ ਤਾਂ ਖੁੱਲੇ ਹੋਏ ਹਨ ਤੇ ਜਾ ਥਾਂ ਥਾਂ ਤੇ ਜ਼ਮੀਨ ਤੇ ਡਿੱਗੇ ਪਏ ਹਨ ਤੇ ਹੁਣ ਸਾਵਨ ਮਹੀਨਾ ਸ਼ੁਰੂ ਹੋ ਰਿਹਾ ਹੈ ਇਹਨਾਂ ਦਿਨਾਂ ਵਿੱਚ ਭਾਰੀ ਮੀਹ ਪੈਣ ਦੀ ਸੰਭਾਵਨਾ ਹੁੰਦੀ ਹੈ ਤੇ ਹੁਣ ਬਿਜਲੀ ਵਿਭਾਗ ਨੂੰ ਚਾਹੀਦਾ ਹੈ ਕਿ ਸ਼ਹਿਰ ਅੰਦਰ ਜਿੰਨੇ ਵੀ ਮੀਟਰ ਦੇ ਖੁੱਲੇ ਬਕਸੇ ਹਨ ਜਾਂ ਡਿੱਗੇ ਪਏ ਹਨ ਉਹਨਾਂ ਨੂੰ ਤੁਰੰਤ ਠੀਕ ਕੀਤਾ ਜਾਵੇ ਤਾਂ ਜੋ ਅੱਗੇ ਤੋਂ ਇਸ ਤਰ੍ਹਾਂ ਦੀ ਘਟਨਾ ਨਾ ਵਾਪਰ ਸਕੇ।

## ਫਿਰੋਜ਼ਪੁਰ 'ਚ ਪੁਲਸ ਵਲੋਂ 173 ਨਾਕੇ ਲਾ ਕੇ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਚੈਕਿੰਗ

ਫਿਰੋਜ਼ਪੁਰ 17 ਜੁਲਾਈ। ਫਿਰੋਜ਼ਪੁਰ ਰੇਂਜ ਦੇ 3 ਜ਼ਿਲ੍ਹਿਆਂ 'ਚ ਰੈੱਡ ਅਲਰਟ ਦੇ ਮੱਦੇਨਜ਼ਰ ਪੁਲਸ ਨੇ 173 ਨਾਕੇ ਲ ਕੇ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਜਾਂਚ ਕੀਤੀ। ਇਨ੍ਹਾਂ ਨਾਕਿਆਂ ਦੀ ਡੀ. ਆਈ. ਜੀ. ਫਿਰੋਜ਼ਪੁਰ ਰੇਂਜ ਹਰਮਨਬੀਰ ਸਿੰਘ ਗਿੱਲ ਵੱਲੋਂ ਖ਼ੁਦ ਚੈਕਿੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਨਸ਼ਾ ਸਮੱਗਲਰਾਂ, ਚੋਰਾਂ, ਲੁਟੇਰਿਆਂ, ਸਨੈਚਿੰਗ ਕਰਨ



ਵਾਲਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਫੜ੍ਹਨ ਲਈ ਫਿਰੋਜ਼ਪੁਰ ਰੇਂਜ ਦੇ ਅਧੀਨ ਆਉਂਦੇ ਫਿਰੋਜ਼ਪੁਰ, ਫਾਜ਼ਿਲਕਾ ਅਤੇ ਤਰਨਤਾਰਨ ਜ਼ਿਲ੍ਹਿਆਂ 'ਚ 12:00 ਵਜੇ ਤੋਂ ਦੁਪਹਿਰ 3:00 ਵਜੇ ਤੱਕ ਵਿਸ਼ੇਸ਼ ਰੈੱਡ ਅਲਰਟ ਕਰਦੇ ਹੋਏ ਨਾਕਾਬੰਦੀ ਕੀਤੀ ਗਈ ਅਤੇ ਇਸ ਚੈਕਿੰਗ ਦੌਰਾਨ 4281 ਵਾਹਨਾਂ ਅਤੇ 1681 ਸ਼ੱਕੀ ਵਿਅਕਤੀਆਂ ਦੀ ਜਾਂਚ ਕੀਤੀ ਗਈ। ਇਸ ਚੈਕਿੰਗ ਦੌਰਾਨ 416 ਵਾਹਨਾਂ ਦੇ ਚਲਾਨ ਕੀਤੇ ਗਏ ਅਤੇ 8 ਵਾਹਨ ਥਾਣਿਆਂ 'ਚ ਬੰਦ ਕੀਤੇ ਗਏ। ਡੀ. ਆਈ. ਜੀ. ਫਿਰੋਜ਼ਪੁਰ ਰੇਂਜ ਨੇ ਦੱਸਿਆ ਕਿ ਇਸ ਨਾਕਾਬੰਦੀ ਦੌਰਾਨ ਪੁਲਸ ਨੇ 30 ਗ੍ਰਾਮ ਅਫ਼ੀਮ, 6 ਗ੍ਰਾਮ 80 ਮਿਲੀਗ੍ਰਾਮ ਹੈਰੋਇਨ, 19,500 ਰੁਪਏ ਦੀ ਡਰੱਗ ਮਨੀ ਅਤੇ 2 ਲਾਈਟਰ ਬਰਾਮਦ ਕੀਤੇ ਅਤੇ ਵੱਖ-ਵੱਖ ਥਾਣਿਆਂ 'ਚ ਮਾਮਲੇ ਦਰਜ ਕੀਤੇ। ਡੀ. ਆਈ. ਜੀ. ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਫਿਰੋਜ਼ਪੁਰ, ਫਾਜ਼ਿਲਕਾ ਅਤੇ ਤਰਨਤਾਰਨ ਜ਼ਿਲ੍ਹਿਆਂ 'ਚ ਹਰ ਹਾਲਤ 'ਚ ਕਾਨੂੰਨ ਵਿਵਸਥਾ ਬਣਾਈ ਰੱਖੀ ਜਾਵੇਗੀ ਅਤੇ ਨਸ਼ਿਆਂ ਦਾ ਖਾਤਮਾ ਕਰਦੇ ਹੋਏ ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ।

## ਵੱਡੀ ਵਾਰਦਾਤ ਨਾਲ ਕੰਬਿਆ ਪਟਿਆਲਾ, 21 ਸਾਲਾ ਮੁੰਡੇ ਦਾ ਗਲਾ ਵੱਢ ਕੇ ਕਤਲ

ਪਟਿਆਲਾ 17 ਜੁਲਾਈ। ਪਟਿਆਲਾ ਸ਼ਹਿਰ ਦੀ ਸਿੱਧੂ ਕਲੋਨੀ ਵਿਖੇ ਇਕ ਨੌਜਵਾਨ ਦੇ ਬੇਰਹਿਮੀ ਨਾਲ ਕਤਲ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਨੌਜਵਾਨ ਦੀ ਲਾਸ਼ ਕਾਰ ਵਿਚੋਂ ਬਰਾਮਦ ਹੋਈ ਹੈ। ਮ੍ਰਿਤਕ ਦੇ ਗਲੇ 'ਤੇ ਤੇਜ਼ਧਾਰ ਹਥਿਆਰਾਂ ਨਾਲ ਵਾਰ ਕੀਤੇ ਹੋਏ ਸਨ। ਮ੍ਰਿਤਕ ਦੀ ਪਛਾਣ ਰੋਹਿਤ ਕੁਮਾਰ ਉਮਰ 21 ਸਾਲ ਵਾਸੀ ਅਨੰਦ ਨਗਰ ਬੀ ਗਲੀ ਨੰਬਰ ਨੌ ਵਜੋਂ ਹੋਈ ਹੈ। ਰੋਹਿਤ ਦੀ ਲਾਸ਼ ਦੇਖਣ ਤੋਂ ਸਾਫ ਨਜ਼ਰ ਆ ਰਿਹਾ ਸੀ ਕਿ ਉਸ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕੀਤਾ ਗਿਆ ਹੈ। ਫਿਲਹਾਲ ਪੁਲਸ ਸੂਚਨਾ ਮਿਲਣ ਤੋਂ ਬਾਅਦ ਮੌਕੇ 'ਤੇ ਪਹੁੰਚ ਗਈ ਅਤੇ ਘਟਨਾ ਦਾ ਜਾਇਜ਼ਾ ਲੈਣ ਤੋਂ ਬਾਅਦ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਮੁਤਾਬਕ ਵਾਰਦਾਤ ਦੀ ਵੱਖ-ਵੱਖ ਪਹਿਲੂਆਂ ਤੋਂ ਜਾਂਚ ਕੀਤੀ ਜਾ ਰਹੀ ਹੈ।

## ਜਲ ਹੈ ਤਾਂ ਜੀਵਨ ਹੈ: ਪਾਣੀ ਬਚਾਓ, ਜੀਵਨ ਬਚਾਓ ਅਤੇ ਡੇਂਗੂ-ਮਲੇਰੀਆ ਜਾਗਰੂਕਤਾ ਰੈਲੀ ਦਾ ਆਯੋਜਨ

ਫਤਿਹਗੜ੍ਹ, 17 ਜੁਲਾਈ: ਸਰਕਾਰੀ ਪ੍ਰਾਇਮਰੀ ਸਕੂਲ ਫਤਿਹਗੜ੍ਹ ਅਤੇ ਸਿਹਤ ਵਿਭਾਗ, ਸਬ-ਸੈਂਟਰ ਫਤਿਹਗੜ੍ਹ ਨੇ ਅੱਜ ÷ਜਲ ਹੈ ਤਾਂ ਜੀਵਨ ਹੈ: ਪਾਣੀ ਬਚਾਓ, ਜੀਵਨ ਬਚਾਓ÷ ਅਤੇ ਡੇਂਗੂ-ਮਲੇਰੀਆ ਜਾਗਰੂਕਤਾ ਸੰਬੰਧੀ ਇੱਕ ਸਾਂਝੀ ਜਾਗਰੂਕਤਾ ਰੈਲੀ ਕੱਢੀ। ਇਸ ਰੈਲੀ ਦਾ ਮੁੱਖ ਉਦੇਸ਼ ਪਾਣੀ ਦੀ ਸੰਭਾਲ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਡੇਂਗੂ ਤੇ ਮਲੇਰੀਆ ਵਰਗੀਆਂ ਬਿਮਾਰੀਆਂ ਤੋਂ ਬਚਾਅ ਲਈ ਲੋਕਾਂ ਨੂੰ ਸੁਚੇਤ ਕਰਨਾ ਸੀ। ਰੈਲੀ ਵਿੱਚ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸਿਹਤ ਵਿਭਾਗ ਦੇ ਕਰਮਚਾਰੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਸਕੂਲ ਹੈੱਡ ਟੀਚਰ ਵੀਰਪਾਲ ਕੌਰ ਨੇ ਪਾਣੀ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਅਤੇ ਕਿਹਾ ਕਿ ਪਾਣੀ ਦੀ ਬੱਚਤ ਕਰਨਾ ਸਾਡਾ ਸਭ ਦਾ ਨੈਤਿਕ ਫਰਜ਼ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪਾਣੀ ਦੀ ਸਹੀ ਵਰਤੋਂ ਕਰਨ ਅਤੇ ਇਸ ਨੂੰ ਬਰਬਾਦ ਹੋਣ ਤੋਂ ਬਚਾਉਣ ਲਈ ਪ੍ਰੇਰਿਤ ਕੀਤਾ। ਸਿਹਤ ਵਿਭਾਗ ਦੇ ਕਰਮਚਾਰੀ ਅਵਤਾਰ ਸਿੰਘ ਅਤੇ ਹਰਪ੍ਰੀਤ ਕੌਰ ਨੇ ਡੇਂਗੂ ਅਤੇ ਮਲੇਰੀਆ ਤੋਂ ਬਚਾਅ ਲਈ ਜ਼ਰੂਰੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਲੋਕਾਂ ਨੂੰ ਆਪਣੇ ਆਲੇ-ਦੁਆਲੇ ਸਾਫ਼-ਸਫ਼ਾਈ ਰੱਖਣ, ਪਾਣੀ ਜਮ੍ਹਾ ਨਾ ਹੋਣ ਦੇਣ ਅਤੇ ਮੱਛਰਾਂ ਤੋਂ ਬਚਣ ਲਈ ਸਾਵਧਾਨੀਆਂ ਵਰਤਣ ਦੀ ਅਪੀਲ ਕੀਤੀ। ਰੈਲੀ ਵਿੱਚ ਸ਼ਾਮਲ ਪ੍ਰਮੁੱਖ ਵਿਅਕਤੀਆਂ ਵਿੱਚ ਸਕੂਲ ਹੈੱਡ ਟੀਚਰ ਵੀਰਪਾਲ ਕੌਰ ਤੋਂ ਇਲਾਵਾ ਮੈਡਮ ਰਜਨੀ, ਮੈਡਮ ਮਨਪ੍ਰੀਤ ਕੌਰ ਕਨਕਵਾਲ, ਮੈਡਮ ਕੁਲਵਿੰਦਰ ਕੌਰ, ਮਾਸਟਰ ਕੁਲਵੀਰ ਸਿੰਘ, ਮਾਸਟਰ ਜਗਜੀਤ ਸਿੰਘ ਅਤੇ ਸਿਹਤ ਵਿਭਾਗ ਤੋਂ ਕਰਮਚਾਰੀ ਅਵਤਾਰ ਸਿੰਘ ਤੇ ਹਰਪ੍ਰੀਤ ਕੌਰ ਸ਼ਾਮਲ ਸਨ। ਇਸ ਰੈਲੀ ਰਾਹੀਂ ਫਤਿਹਗੜ੍ਹ ਵਾਸੀਆਂ ਨੂੰ ਪਾਣੀ ਬਚਾਉਣ ਅਤੇ ਸਿਹਤ ਪ੍ਰਤੀ ਜਾਗਰੂਕ ਰਹਿਣ ਦਾ ਸੰਦੇਸ਼ ਦਿੱਤਾ ਗਿਆ।

# ਕਲਯੁੱਗੀ ਨੂੰਹ ਦਾ ਸ਼ਰਮਨਾਕ ਕਾਰਾ, ਜਾਇਦਾਦ ਪਿੱਛੇ ਕਰ'ਤਾ ਇਹ ਕਾਂਡ, ਰੌਂਗਟੇ ਖੜ੍ਹੇ ਕਰੇਗਾ ਪੂਰਾ ਮਾਮਲਾ

**ਕੌਮੀ ਪਤ੍ਰਿਕਾ**

ਨਾਭਾ 17 ਜੁਲਾਈ। ਦਿਨੋ ਦਿਨ ਰਿਸ਼ਤੇ 'ਚ ਵਿਵਾਦ ਪੈਦਾ ਹੁੰਦੇ ਨਜ਼ਰ ਆ ਰਹੇ ਹਨ ਅਤੇ ਘਰੇਲੂ ਝਗੜੇ ਅਕਸਰ ਹਿੰਸਕ ਰੂਪ ਧਾਰ ਲੈਂਦੇ ਹਨ। ਅਜਿਹਾ ਹੀ ਇੱਕ ਮਾਮਲਾ ਨਾਭਾ ਬਲਾਕ ਦੇ ਪਿੰਡ ਦੰਦਰਾਲਾ ਢੀਂਡਸਾ ਤੋਂ ਸਾਹਮਣੇ ਆਇਆ ਹੈ, ਜਿੱਥੇ ਇੱਕ ਨੂੰਹ ਵੱਲੋਂ ਆਪਣੀ 65 ਸਾਲਾ ਸੱਸ ਨੂੰ ਜ਼ਹਿਰੀਲੀ ਚੀਜ਼ ਦੇ ਕੇ ਮੌਤ 'ਤੇ ਘਾਟ ਉਤਾਰ ਦਿੱਤਾ ਹੈ।ਪੁਲਸ ਨੇ ਮੁਲਜ਼ਮ ਨੂੰਹ ਸਰਬਜੀਤ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮ੍ਰਿਤਕ ਦੀ ਪਹਿਚਾਣ ਰਜਿੰਦਰ ਕੌਰ ਵਜੋਂ ਹੋਈ ਹੈ, ਜਿਸ ਦੀ ਮੌਤ 12 ਜੁਲਾਈ ਨੂੰ ਹੋਈ। ਮ੍ਰਿਤਕ ਦੇ ਭਰਾ ਬਲਬੀਰ ਸਿੰਘ ਅਤੇ ਪਤੀ ਨੇ ਦੱਸਿਆ ਕਿ ਰਜਿੰਦਰ ਕੌਰ ਦੀ ਨੂੰਹ ਵੱਲੋਂ ਉਸ ਨੂੰ ਲਗਾਤਾਰ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਸੀ ਅਤੇ ਆਖ਼ਰਕਾਰ ਜ਼ਹਿਰੀਲੀ ਚੀਜ਼ ਦੇ ਕੇ ਉਸਦੀ ਜਾਨ ਲੈ ਲਈ ਗਈ। ਉਨ੍ਹਾਂ ਇਨਸਾਫ ਦੀ ਮੰਗ ਕੀਤੀ ਹੈ। ਪਿੰਡ ਦੇ ਸਰਪੰਚ ਸਮੇਤ ਕਈ ਪਿੰਡ ਵਾਸੀਆਂ ਨੇ ਵੀ ਪੁਸ਼ਟੀ ਕੀਤੀ ਕਿ ਘਰ ਵਿਚ ਪਿਛਲੇ ਕਾਫੀ ਸਮੇਂ ਤੋਂ ਝਗੜੇ



ਚੱਲ ਰਹੇ ਸਨ। ਜਾਣਕਾਰੀ ਅਨੁਸਾਰ, ਪਰਿਵਾਰ ਵੱਲੋਂ ਕੁਝ ਜਾਇਦਾਦ ਨੂੰਹ ਦੇ ਨਾਂ ਕੀਤੀ ਗਈ ਸੀ, ਪਰ ਫਿਰ ਵੀ ਮੁਲਜ਼ਮ ਨੂੰਹ ਲਗਾਤਾਰ ਹੋਰ ਜਾਇਦਾਦ ਅਤੇ ਪੈਸਿਆਂ ਦੀ ਮੰਗ ਕਰਦੀ ਰਹੀ। ਮਾਮਲੇ ਦੀ ਜਾਂਚ ਕਰ ਰਹੇ ਦੰਦਰਾਲਾ ਢੀਂਡਸਾ ਪੁਲਸ ਚੌਂਕੀ ਦੇ ਇੰਚਾਰਜ ਪੰਜਾਬ ਸਿੰਘ ਨੇ ਪੁਸ਼ਟੀ ਕੀਤੀ ਕਿ ਘਰੇਲੂ ਕਲੇਸ਼ ਦੇ ਚਲਦਿਆਂ ਹੀ ਇਹ ਮਾਮਲਾ ਵਾਪਰਿਆ। ਉਨ੍ਹਾਂ ਦੱਸਿਆ ਕਿ ਰਜਿੰਦਰ ਕੌਰ ਅਤੇ ਉਸ ਦੀ ਨੂੰਹ ਵਿਚਕਾਰ ਲੰਮੇ ਸਮੇਂ ਤੋਂ ਜਾਇਦਾਦ ਸੰਬੰਧੀ ਝਗੜਾ ਚੱਲ ਰਿਹਾ ਸੀ। ਜਿਸ ਕਾਰਨ ਨੂੰਹ ਵੱਲੋਂ ਇਹ ਅਪਰਾਧ ਕੀਤਾ ਗਿਆ। ਫਿਲਹਾਲ ਪੁਲਸ ਵੱਲੋਂ ਸਰਬਜੀਤ ਕੌਰ ਖ਼?ਲਾਫ਼ ਕਤਲ ਦੇ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਉਸ ਨੂੰ ਅਦਾਲਤ 'ਚ ਪੇਸ਼ ਕੀਤਾ ਜਾ ਰਿਹਾ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਹੋਰ ਵੀ ਕਾਨੂੰਨੀ ਕਾਰਵਾਈ ਜਾਰੀ ਹੈ।

## ਵੱਖ-ਵੱਖ ਥਾਵਾਂ ਤੋਂ ਦੋ ਹੈਰੋਇਨ ਸਮੱਗਲਰ ਗ੍ਰਿਫ਼ਤਾਰ, ਪਹਿਲਾਂ ਵੀ ਦਰਜ ਹਨ ਮਾਮਲੇ

ਜਲੰਧਰ 17 ਜੁਲਾਈ। ਥਾਣਾ 1 ਦੀ ਪੁਲਸ ਨੇ ਵੱਖ-ਵੱਖ ਥਾਵਾਂ 'ਤੇ ਨਾਕਾਬੰਦੀ ਦੌਰਾਨ ਦੋ ਹੈਰੋਇਨ ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਖ਼?ਲਾਫ਼ ਪਹਿਲਾਂ ਹੀ ਮਾਮਲੇ ਦਰਜ ਹਨ। ਪੁਲਸ ਨੇ ਦੋਵਾਂ ਨੂੰ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਏ. ਸੀ. ਪੀ. ਜਲੰਧਰ ਉੱਤਰੀ ਆਤਿਸ਼ ਭਾਟੀਆ ਨੇ ਦੱਸਿਆ ਕਿ ਥਾਣਾ ਨੰ. ਇਕ ਦੇ ਇੰਚਾਰਜ ਰਾਕੇਸ਼ ਕੁਮਾਰ ਦੀ ਅਗਵਾਈ ਹੇਠ ਏ. ਐੱਸ. ਆਈ. ਸੁਰਜੀਤ ਸਿੰਘ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਸੀ. ਜੇ. ਐੱਸ. ਪਬਲਿਕ ਸਕੂਲ ਨੇੜੇ ਨਾਕਾਬੰਦੀ ਕੀਤੀ ਸੀ। ਇਸ ਦੌਰਾਨ ਜਦੋਂ ਪੁਲਸ ਨੇ ਪੈਦਲ ਆ ਰਹੇ ਇਕ ਨੌਜਵਾਨ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਪੁਲਸ ਨੇ ਉਸ ਨੂੰ ਫੜ ਲਿਆ। ਤਲਾਸ਼ੀ ਲੈਣ 'ਤੇ ਨੌਜਵਾਨ ਕੋਲੋਂ 6.10 ਗ੍ਰਾਮ ਹੈਰੋਇਨ ਬਰਾਮਦ ਹੋਈ। ਦੋਸ਼ੀ ਦੀ ਪਛਾਣ ਕਰਨ ਥਾਪਰ ਪੁੱਤਰ ਰਮੇਸ਼ ਕੁਮਾਰ ਵਾਸੀ ਕਿਸ਼ਨਪੁਰਾ ਵਜੋਂ ਹੋਈ ਹੈ। ਕਰਨ 'ਤੇ ਪਹਿਲਾਂ ਹੀ ਲੁੱਟਖੋਹ ਅਤੇ ਨਸ਼ੇ ਵਾਲੇ ਪਦਾਰਥਾਂ ਦੇ ਅਪਰਾਧਾਂ ਦਾ ਮਾਮਲਾ ਦਰਜ ਹੈ। ਇਸੇ ਤਰ੍ਹਾਂ ਥਾਣਾ 1 ਦੇ ਏ. ਐੱਸ. ਆਈ. ਸ਼ਾਮ ਜੀ ਲਾਲ ਨੇ ਬਰਲਟਨ ਪਾਰਕ ਵਿਚ ਨਾਕਾਬੰਦੀ ਦੌਰਾਨ ਇਕ ਨੌਜਵਾਨ ਨੂੰ ਰੋਕਿਆ ਅਤੇ ਉਸ ਦੀ ਤਲਾਸ਼ੀ ਲਈ। ਉਸ ਕੋਲੋਂ 5.50 ਗ੍ਰਾਮ ਹੈਰੋਇਨ ਬਰਾਮਦ ਹੋਈ। ਦੋਸ਼ੀ ਦੀ ਪਛਾਣ ਅਜੇ ਸਿੱਧੂ ਪੁੱਤਰ ਬੂਟਾ ਰਾਮ ਵਾਸੀ ਨਿਊ ਗੁਰੂ ਨਾਨਕ ਨਗਰ ਵਜੋਂ ਹੋਈ ਹੈ। ਪੁਲਸ ਨੇ ਦੋਵਾਂ ਖ਼?ਲਾਫ਼ ਮਾਮਲਾ ਦਰਜ ਕਰਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ।

## ਪੰਜਾਬ 'ਚ ਫਿਰ ਵਾਪਰੀ ਬੇਅਦਬੀ ਦੀ ਘਟਨਾ, ਸਿੱਖ ਜਥੇਬੰਦੀਆਂ ਦਾ ਹੋ ਗਿਆ ਇਕੱਠ

ਅੰਮ੍ਰਿਤਸਰ 17 ਜੁਲਾਈ। ਅੰਮ੍ਰਿਤਸਰ ਵਿਚ ਪਵਿੱਤਰ ਗੁਟਕਾ ਸਾਹਿਬ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ। ਜਿੱਥੇ ਕੂੜਾ ਇਕੱਠਾ ਕਰਨ ਵਾਲੀ ਗੱਡੀ ਵਿਚੋਂ ਸ੍ਰੀ ਗੁਟਕਾ ਸਾਹਿਬ ਅਤੇ ਹੋਰ ਪਵਿੱਤਰ ਗ੍ਰੰਥਾਂ ਦੇ ਅੰਗ ਮਿਲੇ ਹਨ। ਇਸ ਘਟਨਾ ਤੋਂ ਬਾਅਦ ਸਿੱਖ ਸੰਗਠਨਾਂ ਅਤੇ ਸੰਗਤਾਂ ਵਿਚ ਰੋਸ ਪਾਇਆ ਜਾ ਰਿਹਾ ਹੈ। ਇਹ ਘਟਨਾ ਅੰਮ੍ਰਿਤਸਰ ਸ਼ਹਿਰ ਦੇ ਰਣਜੀਤ ਐਵੇਨਿਊ ਇਲਾਕੇ ਵਿਚ ਵਾਪਰੀ ਹੈ। ਕੂੜੇ ਵਾਲੀ ਗੱਡੀ ਦੇ ਡਰਾਈਵਰ ਨੇ ਦੱਸਿਆ ਕਿ ਕੂੜਾ ਇਕੱਠਾ ਕਰਦੇ ਸਮੇਂ ਉਸ ਨੇ ਪਵਿੱਤਰ ਗ੍ਰੰਥਾਂ ਦੇ ਪੰਨੇ ਦੇਖੇ, ਜਿਸ ਤੋਂ ਬਾਅਦ ਉਸਨੇ ਉਨ੍ਹਾਂ ਨੂੰ ਰਣਜੀਤ ਐਵੇਨਿਊ ਦੇ ਡੀ-ਬਲਾਕ ਵਿਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਪ੍ਰਕਾਸ਼ ਸਾਹਿਬ ਨੂੰ ਸੌਂਪਣ ਦੀ ਕੋਸ਼ਿਸ਼ ਕੀਤੀ। ਘਟਨਾ ਦੀ ਸੂਚਨਾ ਮਿਲਦੇ ਹੀ ਆਲ ਇੰਡੀਆ ਸਿੱਖ ਸਤਿਕਾਰ ਕਮੇਟੀ ਅਤੇ ਹੋਰ ਸਿੱਖ ਸੰਗਠਨਾਂ ਨੇ ਰਣਜੀਤ ਐਵੇਨਿਊ ਪੁਲਸ ਸਟੇਸ਼ਨ ਦੇ ਬਾਹਰ ਵਿਰੋਧ ਦਰਜ ਕੀਤਾ ਅਤੇ ਇਸਨੂੰ ਗੁਰੂ ਦੀ ਸ਼ਾਨ ਦਾ ਸਿੱਧਾ ਨਿਰਾਦਰ ਕਰਾਰ ਦਿੱਤਾ। ਸਿੱਖ ਜਥੇਬੰਦੀਆਂ ਨੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਦੋਸ਼ੀਆਂ ਦੀ ਪਛਾਣ ਕਰਕੇ ਉਨ੍ਹਾਂ ਖ਼?ਲਾਫ਼ ਕਾਰਵਾਈ ਨਾ ਕੀਤੀ ਗਈ ਤਾਂ ਉਹ ਸੂਬੇ ਭਰ ਵਿਚ ਪ੍ਰਦਰਸ਼ਨ ਕਰਨਗੇ।

# ਸਹੁਰੇ ਘਰ ਮਨਾਈ ਸੁਹਾਗਰਾਤ, ਪੇਕੇ ਘਰੋਂ ਅਚਾਨਕ ਲਾਪਤਾ ਹੋਈ ਲਾੜੀ, ਸਵੇਰੇ ਉੱਠਦੇ ਪੈ ਗਿਆ ਰੌਲਾ-ਰੱਪਾ

**ਕੌਮੀ ਪਤ੍ਰਿਕਾ**

ਫਿਰੋਜ਼ਾਬਾਦ 17 ਜੁਲਾਈ। ਉੱਤਰ ਪ੍ਰਦੇਸ਼ ਦੇ ਫਿਰੋਜ਼ਾਬਾਦ ਜ਼ਿਲ੍ਹੇ ਵਿੱਚ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਇੱਕ ਪਰਿਵਾਰ ਦੇ ਵਿਆਹ ਦੀਆਂ ਖ਼ੁਸ਼ੀਆਂ ਕੁਝ ਦਿਨਾਂ ਵਿੱਚ ਹੀ ਸੋਗ ਵਿੱਚ ਬਦਲ ਗਈਆਂ। ਇਹ ਘਟਨਾ ਫਿਰੋਜ਼ਾਬਾਦ ਜ਼ਿਲ੍ਹੇ ਦੀ ਹੈ, ਜਿੱਥੇ ਇੱਕ ਨਵ-ਵਿਆਹੀ ਦੁਲਹਨ ਵਿਆਹ ਤੋਂ ਕੁਝ ਦਿਨਾਂ ਬਾਅਦ ਅਚਾਨਕ ਆਪਣੇ ਨਾਨਕੇ ਘਰੋਂ ਗਾਇਬ ਹੋ ਗਈ। ਇਹ ਘਟਨਾ ਪੂਰੇ ਇਲਾਕੇ ਵਿੱਚ ਚਰਚਾ ਦਾ ਵਿਸ਼ਾ ਬਣ ਗਈ ਹੈ ਅਤੇ ਪਰਿਵਾਰਕ ਮੈਂਬਰ ਬਹੁਤ ਪਰੇਸ਼ਾਨ ਹਨ। ਦੱਸ ਦੇਈਏ ਕਿ ਫਿਰੋਜ਼ਾਬਾਦ ਦੇ ਦੱਖਣੀ ਥਾਣਾ ਖੇਤਰ ਦੇ ਇੱਕ ਪਰਿਵਾਰ ਨੇ ਆਪਣੀ ਧੀ ਦਾ ਵਿਆਹ 4 ਜੁਲਾਈ 2025 ਨੂੰ ਹਾਥਰਸ ਦੇ ਇੱਕ ਨੌਜਵਾਨ ਨਾਲ ਬਹੁਤ ਧੂਮਧਾਮ ਨਾਲ ਕੀਤਾ ਸੀ। ਵਿਆਹ ਤੋਂ ਬਾਅਦ ਦੁਲਹਨ ਪਹਿਲੀ ਵਾਰ 10 ਜੁਲਾਈ ਨੂੰ ਆਪਣੇ ਨਾਨਕੇ ਘਰ ਆਈ। ਪਰਿਵਾਰ ਨੇ ਉਸਦਾ ਬਹੁਤ ਪਿਆਰ ਨਾਲ ਸਵਾਗਤ ਕੀਤਾ ਪਰ 12 ਜੁਲਾਈ ਦੀ ਸਵੇਰ ਜਦੋਂ ਪਰਿਵਾਰ ਦੇ ਮੈਂਬਰ ਜਾਗੇ ਤਾਂ ਉਨ੍ਹਾਂ ਨੇ ਦੇਖਿਆ ਕਿ ਦੁਲਹਨ ਘਰੋਂ ਗਾਇਬ ਸੀ। ਉਨ੍ਹਾਂ ਨੇ ਸਾਰੇ ਆਂਢ-ਗੁਆਂਢ ਵਿੱਚ ਉਸ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਪਰ ਉਹ ਕਿਤੇ ਵੀ ਨਹੀਂ ਮਿਲੀ। ਇਸ ਘਟਨਾ ਤੋਂ ਬਾਅਦ ਲਾੜੀ ਦੇ ਪਿਤਾ ਨੇ



ਗੁਆਂਢ ਵਿੱਚ ਰਹਿਣ ਵਾਲੇ ਨੌਜਵਾਨ ਆਕਾਸ਼ ਰਾਠੌਰ 'ਤੇ ਗੰਭੀਰ ਦੋਸ਼ ਲਗਾਏ। ਉਨ੍ਹਾਂ ਦਾ ਕਹਿਣਾ ਹੈ ਕਿ ਆਕਾਸ਼ ਉਨ੍ਹਾਂ ਦੀ ਧੀ ਨੂੰ ਲੰਬੇ ਸਮੇਂ ਤੋਂ ਤੰਗ-ਪ੍ਰੇਸ਼ਾਨ ਕਰ ਰਿਹਾ ਸੀ ਅਤੇ ਵਿਆਹ ਤੋਂ ਪਹਿਲਾਂ ਵੀ ਮਾੜੇ ਕੰਮ ਕਰਦਾ ਸੀ। ਉਨ੍ਹਾਂ ਨੇ ਇਸ ਬਾਰੇ ਆਕਾਸ਼ ਦੇ ਪਰਿਵਾਰ ਨੂੰ ਸ਼ਿਕਾਇਤ ਵੀ ਕੀਤੀ ਸੀ ਪਰ ਕਿਸੇ ਨੇ ਇਸ ਵੱਲ ਧਿਆਨ ਨਹੀਂ ਦਿੱਤਾ। ਪਰਿਵਾਰ ਦਾ ਦਾਅਵਾ ਹੈ ਕਿ ਆਕਾਸ਼ 12 ਜੁਲਾਈ ਨੂੰ ਸਵੇਰੇ 5 ਵਜੇ ਦੇ ਕਰੀਬ ਉਹਨਾਂ ਦੀ ਕੁੜੀ ਨੂੰ ਭਜਾ ਕੇ ਲੈ ਗਿਆ। ਇਸ ਦੌਰਾਨ ਜਦੋਂ ਲਾੜੀ ਦਾ ਕੁਝ ਪਤਾ ਨਹੀਂ ਲੱਗਾ ਤਾਂ ਉਸ ਦੇ ਪਰਿਵਾਰ ਵਾਲੇ ਪੁਲਸ ਸਟੇਸ਼ਨ ਪਹੁੰਚ ਗਏ। ਉਹਨਾਂ ਨੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਉਂਦੇ ਹੋਏ ਆਕਾਸ਼ ਰਾਠੌਰ ਖ਼?ਲਾਫ਼ ਅਗਲਾ ਦਾ ਮਾਮਲਾ ਦਰਜ ਕਰਵਾ ਦਿੱਤਾ। ਇਸ ਮਾਮਲੇ ਦੇ ਸਬੰਧ ਵਿਚ ਪੁਲਸ ਦਾ ਕਹਿਣਾ ਹੈ ਕਿ ਉਹਨਾਂ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਬਹੁਤ ਜਲਦੀ ਦੀ ਲਾੜੀ ਨੂੰ ਲੱਭ ਲਿਆ ਜਾਵੇਗਾ। ਦੂਜੇ ਪਾਸੇ ਜਦੋਂ ਇਸ ਘਟਨਾ ਦੇ ਬਾਰੇ ਲਾੜੀ ਦੇ ਸਹੁਰੇ ਪਰਿਵਾਰ ਨੂੰ ਪਤਾ ਲੱਗਾ ਤਾਂ ਉਹ ਵੀ ਬਹੁਤ ਪਰੇਸ਼ਾਨ ਅਤੇ ਦੁਖੀ ਹੋ ਗਏ। ਇਸ ਤੋਂ ਬਾਅਦ ਉਹ ਲਗਾਤਾਰ ਕੁੜੀ ਦੇ ਮਾਤਾ-ਪਿਤਾ ਨਾਲ ਸੰਪਰਕ ਕਰ ਰਹੇ ਹਨ ਅਤੇ ਪੁਲਸ ਜਾਂਚ ਵਿਚ ਵੀ ਸਹਿਯੋਗ ਕਰ ਰਹੇ ਹਨ। ਇਸ ਸਬੰਧ ਵਿਚ ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਸਮਾਜ ਅਤੇ ਰਿਸ਼ਤੇਦਾਰਾਂ ਨੂੰ ਇਸ ਬਾਰੇ ਕੀ ਜਵਾਬ ਦੇਣਾ ਹੈ, ਦੇ ਬਾਰੇ ਕੁਝ ਪਤਾ ਨਹੀਂ ਲੱਗ ਰਿਹਾ ਅਤੇ ਨਾ ਹੀ ਸਮਝ ਆ ਰਿਹਾ ਹੈ। ਲਾੜੀ ਦੇ ਅਚਾਨਕ ਲਾਪਤਾ ਹੋ ਜਾਣ ਤੋਂ ਬਾਅਦ ਆਂਢ-ਗੁਆਂਢ ਦੇ ਲੋਕ ਕਈ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ।

## ਕਰਾਲੀ ਸਾਹਿਬ 'ਚ ਖ਼ੌਫਨਾਕ ਵਾਰਦਾਤ, ਘਟਨਾ ਦੇਖ ਦਹਿਲ ਗਿਆ ਪੂਰਾ ਪਿੰਡ

ਪਟਿਆਲਾ 17 ਜੁਲਾਈ। ਪਟਿਆਲਾ ਦੇ ਨਾਲ ਲੱਗਦੇ ਪਿੰਡ ਕਰਾਲੀ ਸਾਹਿਬ ਵਿਚ ਬੀਤੀ ਰਾਤ ਇਕ ਖ਼ੌਫਨਾਕ ਵਾਰਦਾਤ ਵਾਪਰੀ ਜਿਸ ਵਿਚ ਪਿੰਡ ਦੇ ਦੋ ਧੜਿਆਂ ਵਿਚ ਪੁਰਾਣੀ ਰੰਜਿਸ਼ ਨੂੰ ਲੈ ਕੇ ਹੋਏ ਝਗੜੇ ਵਿਚ ਇਕ ਨੌਜਵਾਨ ਦਾ ਕੁੱਟ-ਕੁੱਟ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦਾ ਨਾਮ ਮਨਪ੍ਰੀਤ ਦੱਸਿਆ ਜਾ ਰਿਹਾ ਜਿਸ ਦੀ ਉਮਰ 28 ਸਾਲ ਸੀ। ਪੁਰਾਣੀ ਰੰਜਿਸ਼ ਦੇ ਚੱਲਦਿਆਂ ਦੋਵਾਂ ਧਿਰਾਂ ਵਿਚ ਸ਼ਰਾਬ ਪੀਣ ਤੋਂ ਬਾਅਦ ਲੜਾਈ ਹੋ ਗਈ ਜਿਸ ਕਾਰਨ ਮਨਪ੍ਰੀਤ ਸਿੰਘ ਦੀ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਗਈ। ਇਹ ਵੀ ਪਤਾ ਲੱਗਾ ਹੈ ਕਿ ਮ੍ਰਿਤਕ ਨੌਜਵਾਨ ਪਰਿਵਾਰ ਦਾ ਇਕਲੌਤਾ ਪੁੱਤ ਸੀ ਜੋ ਕਿ ਵਿਆਹਿਆ ਸੀ। ਮ੍ਰਿਤਕ ਦਾ ਇਕ ਬੇਟਾ ਵੀ ਹੈ। ਵਾਰਦਾਤ ਤੋਂ ਬਾਅਦ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਹੈ। ਫਿਲਹਾਲ ਪੁਲਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸਹਿਕਾਰੀ ਖੇਤੀ ਵਿਕਾਸ ਬੈਂਕ ਸੰਗਰੂਰ ਨੇ ਅੰਤਰਰਾਸ਼ਟਰੀ ਸਹਿਕਾਰਤਾ ਵਰ੍ਹਾ 2025 ਮਨਾਇਆ

**ਕੌਮੀ ਪਤ੍ਰਿਕਾ**

ਸੰਗਰੂਰ, 17 ਜੁਲਾਈ: ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਸੰਗਰੂਰ ਵੱਲੋਂ ਜਿਲ੍ਹਾ ਪੱਧਰ ਤੇ ਅੰਤਰਰਾਸ਼ਟਰੀ ਸਹਿਕਾਰਤਾ ਵਰ੍ਹਾ 2025 ਅਧੀਨ ਪੇਂਡੂ ਵਿਕਾਸ ਵਿਚ ਸਹਿਕਾਰਤਾ ਵਿਭਾਗ ਦੀ ਭੂਮਿਕਾ ਸਬੰਧੀ ਵਿਚਾਰ ਗੋਸ਼ਟੀ ਅਤੇ ਏਕ ਪੇੜ ਮਾਂ ਕੇ ਨਾਮ ਮੁਹਿੰਮ ਸੰਬੰਧੀ ਜਾਗਰੂਕਤਾ ਪ੍ਰੋਗਰਾਮ ਅਤੇ ਨਾਬਾਰਡ ਸਥਾਪਨਾ ਦਿੱਵਸ ਸੁਖਵਿੰਦਰ ਕੌਰ, ਉਪਲੀ ਦੀ ਪ੍ਰਧਾਨਗੀ ਹੇਠ ਸਹਿਕਾਰੀ ਖੇਤੀ ਵਿਕਾਸ ਬੈਂਕ, ਸੰਗਰੂਰ ਵਿਖੇ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਗੁਰਪ੍ਰਕਾਸ਼ ਸਿੰਘ, ਸੀ.ਈ.ਆਈ, ਪੰਨਕੋਫੈਡ ਚੰਡੀਗੜ੍ਹ ਵੱਲੋਂ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਇਸ ਉਪਰੰਤ ਸਹਿਕਾਰੀ ਖੇਤੀ ਵਿਕਾਸ ਬੈਂਕ ਜਿਲ੍ਹਾ ਸੰਗਰੂਰ ਦੇ ਜਿਲ੍ਹਾ ਮੈਨੇਜਰ ਸ਼ੈਲੇਂਦਰ ਕੁਮਾਰ ਗਰਗ ਨੇ ਸਹਿਕਾਰਤਾ ਲਹਿਰ ਬਾਰੇ ਜਾਣਕਾਰੀ ਦਿੰਦੇ ਅਤੇ ਸਹਿਕਾਰੀ ਬੈਂਕਾਂ ਦੇ ਪਿਛੋਕੜ ਬਾਰੇ ਦੱਸਿਆ। ਉਨਾਂ ਇਹ ਵੀ ਦੱਸਿਆ ਕਿ ਦੇਸ਼ ਦੀ ਹਰੀ ਕ੍ਰਾਂਤੀ ਵਿੱਚ ਸਹਿਕਾਰੀ ਖੇਤੀ ਵਿਕਾਸ ਬੈਂਕਾਂ ਦੀ ਬਹੁਤ ਵੱਡੀ ਭੂਮਿਕਾ ਰਹੀ ਹੈ। ਇਫਕੋ ਦੇ ਏਰੀਆ ਮੈਨੇਜਰ ਦਿਨੇਸ਼ ਜਿੰਦਲ ਵੱਲੋਂ ਖਾਦਾਂ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦੇਸ਼ ਵਿੱਚ ਖਾਦਾਂ ਦੇ ਉਤਪਾਦਨ ਦਾ ਚੌਥਾ ਹਿੱਸਾ ਇਫਕੋ ਵੱਲੋਂ ਤਿਆਰ ਕੀਤਾ ਜਾਂਦਾ ਹੈ, ਮਾਰਕਫੈਡ ਦੇ ਐਫ.ਐਸ.ਓ ਅਮਰਿੰਦਰਜੀਤ ਵਰਮਾਂ ਵੱਲੋਂ ਮਾਰਕਫੈਡ ਵੱਲੋਂ ਤਿਆਰ ਕੀਤੇ ਜਾਂਦੇ ਉਤਪਾਦਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਾਰਕਫੈਡ ਦੇ ਸਾਰੇ ਉਤਪਾਦ ਬਹੁਤ ਸ਼ੁੱਧਤਾ ਨਾਲ ਤਿਆਰ ਕੀਤੇ ਜਾਂਦੇ ਹਨ, ਸਹਿਕਾਰੀ ਸਭਾਵਾਂ, ਜਿਲ੍ਹਾ ਸੰਗਰੂਰ ਦੇ ਆਡਿਟ ਅਫਸਰ ਨਵਲ ਕਿਸ਼ੋਰ ਵੱਲੋਂ ਹਾਜਰ ਕਿਸਾਨਾਂ ਅਤੇ ਮਹਿਮਾਨਾਂ ਨੂੰ ਸਹਿਕਾਰਤਾ ਨਾਲ ਜੁੜਣ ਦੀ ਅਪੀਲ ਕੀਤੀ ਅਤੇ ਕਿਹਾ ਗਿਆ ਕਿ ਸਾਨੂੰ ਰੋਜਾਨਾਂ ਵਰਤੋਂ ਦਾ ਸਾਮਾਨ ਸਹਿਕਾਰੀ ਸਭਾਵਾਂ ਪਾਸੋਂ ਖਰੀਦ ਕਰਨਾ ਚਾਹੀਦਾ ਹੈ, ਅਵਤਾਰ ਸਿੰਘ, ਡਾਇਰੈਕਟਰ, ਸਟੇਟ ਖੇਤੀ ਵਿਕਾਸ ਬੈਂਕ ਚੰਡੀਗੜ੍ਹ ਵੱਲੋਂ ਆਪਣੇ ਸੰਬੋਧਨ ਵਿੱਚ ਨਾਬਾਰਡ ਪਾਸੋਂ ਖੇਤੀ ਵਿਕਾਸ ਬੈਂਕਾਂ ਨੂੰ ਮੁੜ ਸੁਰਜੀਤ ਕਰਨ ਦੀ ਅਪੀਲ ਕੀਤੀ। ਜਿਲ੍ਹਾ ਸੰਗਰੂਰ ਦੇ ਡੀ.ਡੀ.ਐਮ ਨਾਬਾਰਡ ਮਨੀਸ਼ ਗੁਪਤਾਂ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕਰਦੇ ਹੋਏ ਨਾਬਾਰਡ ਦੇ 44ਵੇਂ ਸਥਾਪਣਾ ਦਿੱਵਸ ਤੇ ਵਧਾਈ ਦਿੱਤੀ ਅਤੇ ਕਿਹਾ ਕਿ ਵਿਸ਼ਵ ਭਰ ਵਿੱਚ ਅੰਤਰਰਾਸ਼ਟਰੀ ਪੱਧਰ ਤੇ ਸਹਿਕਾਰਤਾ ਵਰ੍ਹਾ 2025 ਮਨਾਇਆ ਜਾ ਰਿਹਾ ਹੈ। ਇਸ ਉਪਰੰਤ ਸਹਿਕਾਰੀ ਖੇਤੀ ਵਿਕਾਸ ਬੈਂਕ ਸੰਗਰੂਰ ਵੱਲੋਂ ਆਏ ਮਹਿਮਾਨਾਂ ਨੂੰ ਮਾਣ ਪੱਤਰ ਭੇਂਟ ਕੀਤੇ ਅਤੇ ਏਕ ਪੇੜਾ ਮਾਂ ਕੇ ਨਾਮ ਮੁਹਿੰਮ ਅਧੀਨ ਪੌਦੇ ਵੰਡੇ ਗਏ। ਨਾਬਾਰਡ ਦੇ ਸਥਾਪਨਾ ਦਿਵਸ ਸਬੰਧੀ ਕੇਕ ਵੀ ਕੱਟਿਆ ਗਿਆ। ਆਖਿਰ ਵਿੱਚ ਅਮਨਦੀਪ ਸਿੰਘ ਪੂਨੀਆਂ ਸਾਬਕਾ ਡਾਇਰੈਕਟਰ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਪਰਮਵੀਰ ਕੌਰ ਮੈਨੇਜਰ ਬੈਂਕ ਨੂੰ ਵਧੀਆਂ ਪ੍ਰੋਗਰਾਮ ਦਾ ਸੁਚਾਰੂ ਬੰਦੋਬਸਤ ਕਰਨ ਲਈ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਲਿਖਮ ਸਿੰਘ ਰਾਜਪ੍ਰੋਹਿਤ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਸੰਗੂਰਰ, ਅਨਿਲ ਗੋਇਲ ਸੀਨੀਅਰ ਆਡਿਟਰ, ਬੈਂਕ ਦੇ ਕਮੇਟੀ ਮੈਂਬਰ ਸੁਖਜੀਤ ਕੌਰ, ਪਰਮਿੰਦਰ ਕੌਰ, ਭਗਵੰਤ ਸਿੰਘ, ਸਤਿੰਦਰਜੀਤ ਸਿੰਘ, ਹਰਭਜਨ ਸਿੰਘ, ਜਗਰਾਜ ਸਿੰਘ, ਪ੍ਰਗਟ ਸਿੰਘ, ਰਾਮੇਸ਼ ਕੁਮਾਰ, ਜਿਲ੍ਹਾ ਸੰਗਰੂਰ ਦੇ ਖੇਤੀ ਵਿਕਾਸ ਬੈਂਕਾਂ ਦੇ ਮੈਨੇਜਰ ਸੁਰਿੰਦਰ ਗਰਗ, ਹਰਜੀਤ ਸਿੰਘ, ਭੁਪਿੰਦਰ ਖੁਰਾਣਾ, ਪੁਸ਼ਪਿੰਦਰ ਸਿੰਘ, ਹਰਜਿੰਦਰ ਸਿੰਘ, ਤਰਸੇਮ ਸਿੰਘ, ਗਗਨਦੀਪ ਸਿੰਘ ਅਤੇ ਸਮੂਹ ਸਟਾਫ ਗਗਨਦੀਪ ਜਿੰਦਲ, ਰਿਸ਼ੀਪਾਲ ਬਾਂਸਲ, ਜਸਕੀਰਤ ਸਿੰਘ, ਕਮਲ ਸ਼ਰਮਾਂ, ਅਮਨਦੀਪ ਕੌਰ, ਯਤੀਨ ਜੁਨੇਜਾ, ਸੁਖਦੇਵ ਸਿੰਘ, ਆਸ਼ਾ ਰਾਣੀ, ਡੀ.ਸੀ.ਯੂ ਸੰਗਰੂਰ ਦੇ ਮੈਨੇਜਰ ਜਸਵਿੰਦਰ ਸਿੰਘ ਅਤੇ ਉੱਘੇ ਕਿਸਾਨ ਮੈਂਬਰ ਮੇਵਾ ਸਿੰਘ ਉਪਲੀ, ਕੁਲਦੀਪ ਸਿੰਘ, ਪਰਮਿੰਦਰ ਸਿੰਘ, ਮੁਕੇਸ਼ ਕੁਮਾਰ, ਸਾਗਰ ਕੁਮਾਰ, ਹਰਕੇਵਲ ਸਿੰਘ ਹਾਜਰ ਸਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਖੇਤੀਬਾੜੀ ਵਿਭਾਗ ਵੱਲੋਂ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਅਤੇ ਪ੍ਰਦਰਸ਼ਨੀਆਂ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ, 17 ਜੁਲਾਈ: ਸਾਉਣੀ ਦੀਆ ਫਸਲਾਂ ਦੀ ਤਕਨੀਕੀ ਜਾਣਕਾਰੀ ਦੇਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਜਿਲ੍ਹਾ ਅੰਮ੍ਰਿਤਸਰ ਵੱਲੋਂ ਮਹਾਰਾਜਾ ਫਾਰਮ ਵੇਰਕਾ ਵਿਖੇ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾਇਰੈਕਟਰ ਖੇਤੀਬਾੜੀ, ਪੰਜਾਬ ਸ. ਜਸਵੰਤ ਸਿੰਘ ਦੀ ਅਗਾਵਾਈ ਹੇਠ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਅਤੇ ਖੇਤੀ ਪ੍ਰਦਰਸ਼ਨੀਆਂ ਲਗਾਈਆਂ ਗਈਆਂ। ਇਸ ਕੈਂਪ ਦਾ ਉਦਘਾਟਨ ਸ. ਕੁਲਦੀਪ ਸਿੰਘ ਧਾਰੀਵਾਲ, ਐਮ.ਐਲ.ਏ. ਹਲਕਾ ਅਜਨਾਲਾ ਵੱਲੋਂ ਕੀਤਾ ਗਿਆ ਅਤੇ ਜਿਲ੍ਹਾ ਪ੍ਰਸ਼ਾਸਨ ਤੋਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅੰਮ੍ਰਿਤਸਰ ਸ਼?ਰੀਮਤੀ ਪਰਮਜੀਤ ਕੌਰ ਨੇ ਇਸ ਸਮਾਗਮ ਦੀ ਪ੍ਰਧਾਨਗੀ ਕੀਤੀ। ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਡਾ: ਬਲਜਿੰਦਰ ਸਿੰਘ ਭੁੱਲਰ ਨੇ ਵੱਖ ਵੱਖ ਵਿਭਾਗਾਂ ਤੋਂ ਆਏ ਅਧਿਕਾਰੀਆਂ/ਕਰਮਚਾਰੀਆਂ ਅਤੇ ਕਿਸਾਨਾਂ ਨੂੰ ਜੀ ਆਇਆ ਆਖਿਆ। ਉਹਨਾਂ ਜਿਲੇ ਵਿੱਚ ਚੱਲ ਰਹੀਆਂ ਵੱਖ ਵੱਖ ਰਾਜ ਅਤੇ ਕੇਂਦਰ ਪ੍ਰਯੋਜਿਤ ਸਕੀਮਾਂ ਸਬੰਧੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਜਿਲੇ ਵਿੱਚ 1.80 ਲੱਖ ਹੈਕਟੇਅਰ ਰਕਬੇ ਵਿੱਚ ਝੋਨੇ ਦੀ ਬਿਜਾਈ ਹੋਣ ਦਾ ਅਨੁਮਾਨ ਹੈ ਜਿਸ ਵਿੱਚੋਂ 1.40 ਲੱਖ ਹਕਟੇਅਰ ਰਕਬਾ ਬਾਸਮਤੀ ਕਿਸਮਾਂ ਹੇਠ ਲਿਆਂਦਾ ਜਾਵੇਗਾ। ਉਹਨਾਂ ਕਿਹਾ ਕਿ ਸਾਉਣੀ ਸੀਜਨ ਦੌਰਾਨ ਕਿਸਾਨਾਂ ਨੂੰ ਮਿਆਰੀ ਖਾਦ, ਬੀਜ ਅਤੇ ਦਵਾਈਆ ਉਪਲੱਬਧ ਕਰਵਾਉਣ ਹਿੱਤ ਵਿਭਾਗ ਵੱਲੋਂ ਨਿਰੰਤਰ ਕੁਆਲਟੀ ਕੰਟਰੋਲ ਸੈਂਪਲੰ?ਗ ਕੀਤੀ ਜਾ ਰਹੀ ਹੈ। ਇਸ ਮੌਕੇ ਸ. ਕੁਲਦੀਪ ਸਿੰਘ ਧਾਰੀਵਾਲ ਨੇ ਆਏ ਹੋਏ ਕਿਸਾਨਾਂ ਨੂੰ ਤਾਕੀਦ ਕਰਦਿਆਂ ਕਿਹਾ ਕਿ ਖਾਦ ਅਤੇ ਦਵਾਈਆ ਦੀ ਬੇਲੋੜੀ ਵਰਤੋਂ ਨਾ ਕੀਤੀ ਜਾਵੇ ਅਤੇ ਖੇਤੀ ਮਾਹਿਰਾਂ ਨਾਲ ਤਾਲਮੇਲ ਕਰਕੇ ਹੀ ਸਿਫਾਰਸ਼ਾਂ ਅਨੁਸਾਰ ਖਾਦ ਅਤੇ ਦਵਾਈਆਂ ਵਰਤੀਆਂ ਜਾਣ। ਉਹਨਾਂ ਨੇ ਆਏ ਹੋਏ ਕਿਸਾਨਾ ਨੂੰ ਖੇਤੀਬਾੜੀ ਵਿਭਾਗ ਵੱਲੋਂ ਲਗਾਏ ਜਾਂਦੇ ਕੈਂਪਾਂ ਵਿੱਚ ਸ਼ਮੂਲੀਅਤ ਕਰਕੇ ਖੇਤੀ ਨਾਲ ਸਬੰਧਤ ਨਵੀਨਤਮ ਤਕਨੀਕਾਂ ਬਾਰੇ ਜਾਣਕਾਰੀ ਇਕੱਤਰ ਕਰਨ ਲਈ ਕਿਹਾ ਤਾਂ ਜੋ ਕਿਸਾਨੀ ਨੂੰ ਹੋਰ ਵੀ ਲਾਹੇਵੰਦ ਕਿੱਤਾ ਬਣਾਇਆ ਜਾ ਸਕੇ। ਸ. ਧਾਲੀਵਾਲ ਨੇ ਕਿਸਾਨਾ ਨੂੰ ਫਸਲੀ ਰਹਿੰਦ ਖੂੰਹਦ ਨੂੰ ਅੱਗ ਨਾ ਲੱਗਾ ਕੇ ਖੇਤ ਵਿੱਚ ਵਾਹੁਣ ਦੀ ਅਪੀਲ ਕੀਤੀ ਤਾਂ ਜੋ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਿਆ ਜਾ ਸਕੇ। ਉਹਨਾਂ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਕਿਸਾਨ ਹਿੱਤ ਵਿੱਚ ਪਹਿਲਾਂ ਤੋਂ ਵੀ ਵੱਧ ਤਨਦੇਹੀ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਵੱਖ-ਵੱਖ ਖੇਤੀ ਮਾਹਿਰਾਂ ਨੇ ਖਾਦਾਂ ਦੀ ਅੰਧਾ ਧੁੰਦ ਵਰਤੋਂ ਨੂੰ ਰੋਕਣ ਲਈ ਕਿਸਾਨਾਂ ਨੂੰ ਮਿੱਟੀ ਪਰਖ ਦੇ ਅਧਾਰ ਤੇ ਸਿਫਾਰਸ਼ ਅਨੁਸਾਰ ਹੀ ਖਾਦਾਂ ਦੀ ਵਰਤੋਂ ਕਰਨ ਲਈ ਕਿਹਾ। ਕਿਸਾਨਾ ਨੂੰ ਖੇਤੀ ਦੇ ਨਾਲ ਨਾਲ ਸਹਾਇਕ ਧੰਦੇ ਅਪਨਾਉਣ ਲਈ ਕਿਹਾ ਗਿਆ ਤਾਂ ਜੋ ਕਿਸਾਨਾ ਦੀ ਆਮਦਨ ਵਿੱਚ ਵਾਧਾ ਹੋ ਸਕੇ।ਮਾਹਿਰਾਂ ਵੱਲੋਂ ਕਿਸਾਨਾ ਨੂੰ ਪਰਾਲੀ ਨੂੰ ਖੇਤ ਤੋਂ ਬਾਹਰ ਕੱਢ ਕੇ ਜਾਂ ਖੇਤ ਵਿੱਚ ਹੀ ਵਾਹ ਕੇ ਅਗਲੀ ਫਸਲ ਦੀ ਬਿਜਾਈ ਕਰਨ ਅਤੇ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਤਾਕੀਦ ਕੀਤੀ। ਉਹਨਾਂ ਵੱਲੋਂ ਕਿਸਾਨਾਂ ਨੂੰ ਪੁਰਜੋਰ ਅਪੀਲ ਕਰਦਿਆਂ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਯੋਗ ਉਪਰਾਲੇ ਕਰਨ ਲਈ ਕਿਹਾ ਗਿਆ। ਇਸ ਕਿਸਾਨ ਮੇਲੇ ਵਿੱਚ ਖੇਤੀਬਾੜੀ, ਮੱਛੀ ਪਾਲਣ, ਡੇਅਰੀ ਵਿਭਾਗ, ਪਸ਼ੂ ਪਾਲਣ ਵਿਭਾਗ, ਭੂਮੀ ਰੱਖਿਆ ਵਿਭਾਗ, ਕੇ.ਵੀ.ਕੇ, ਖਾਦ, ਬੀਜ, ਦਵਾਈ ਕੰਪਨੀਆਂ ਅਤੇ ਸੈਲਫ ਹੈਲਪ ਗਰੁਪਾਂ ਵੱਲੋਂ ਖੇਤੀ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ ਜਿਸ ਵਿੱਚ ਕਿਸਾਨਾਂ ਨੇ ਭਰਪੂਰ ਦਿਲਚਸਪੀ ਵਿਖਾਈ ਅਤੇ ਜਾਣਕਾਰੀ ਹਾਸਿਲ ਕੀਤੀ। ਡਾ ਬਿਕਰਮਜੀਤ ਸਿੰਘ, ਸਹਿਯੋਗੀ ਡਾਇਰੈਕਟਰ ਕੇ.ਵੀ.ਕੇ, ਡਾ ਨਰਿੰਦਰ ਪਾਲ ਸਿੰਘ ਇੰਚਾਰਜ ਫਾਰਮ ਸਲਾਹਕਾਰ ਕੇਂਦਰ ਅੰਮ੍ਰਿਤਸਰ, ਡਾ: ਰਮਿੰਦਰ ਕੌਰ, ਡਾ: ਆਸਥਾ, ਡਾ. ਰਾਜਨ ਡੱਟ, ਡਾ. ਅਜੈ ਕੁਮਾਰ ਅਤੇ ਹੋਰਨਾਂ ਖੇਤੀ ਸਾਇੰਸਦਾਨਾਂ ਨੇ ਕਿਸਾਨਾਂ ਨੂੰ ਵੱਖ ਵੱਖ ਵਿ?ਸ਼ਿਆਂ ਤੇ ਖੇਤੀ ਸਬੰਧੀ ਤਕਨੀਕੀ ਜਾਣਕਾਰੀ ਦਿੱਤੀ। ਇਸ ਮੌਕੇ ਸ. ਤਲਬੀਰ ਸਿੰਘ, ਹਲਕਾ ਇੰਚਾਰਜ ਮਜੀਠਾ, ਬਲਦੇਵ ਸਿੰਘ ਬੱਬੂ, ਚੇਅਰਮੈਨ ਮਾਰਕੀਟ ਕਮੇਟੀ ਅਜਨਾਲਾ, ਖੇਤੀਬਾੜੀ ਅਫਸਰ ਅਮਰਜੀਤ ਸਿੰਘ ਬੱਲ, ਹਰਬਿੰਦਰ ਸਿੰਘ, ਭੁਪਿੰਦਰ ਸਿੰਘ, ਗੁਰਮੀਤ ਸਿੰਘ, ਬਲਵਿੰਦਰ ਸਿੰਘ ਛੀਨਾਂ, ਰਮਨ ਕੁਮਾਰ, ਸਤਵਿੰਦਰ ਸਿੰਘ ਸੰਧੂ, ਦਿਲਬਾਗ ਸਿੰਘ ਭੱਟੀ, ਸੁਖਚੈਨ ਸਿੰਘ ਗੰਡੀਵਿੰਡ, ਹਰਪ੍ਰੀਤ ਸਿੰਘ, ਬਲਜਿੰਦਰ ਸਿੰਘ, ਹਰਦੀਪ ਕੌਰ, ਅਮਰਜੀਤ ਸਿੰਘ, ਬਲਾਕ ਅਫ਼ਸਰ ਡਾ ਰਮਨ ਕੁਮਾਰ, ਵਿਸਥਾਰ ਅਫ਼ਸਰ ਸ ਪ੍ਰਭਦੀਪ ਸਿੰਘ ਗਿੱਲ ,ਸੁਖਚੈਨ ਸਿੰਘ ਪੀ ਡੀ ਆਤਮਾ, ਹਰਨੇਕ ਸਿੰਘ, ਜਗਦੀਪ ਕੌਰ ਡੀ ਪੀ ਡੀ ਅਤਾਮਾ ਅਤੇ ਸਮੂਹ ਖੇਤੀਬਾੜੀ ਵਿਕਾਸ ਅਫਸਰ, ਖੇਤੀਬਾੜੀ ਵਿਸਥਾਰ ਅਫਸਰ, ਖੇਤੀਬਾੜੀ ਉੱਪ ਨਿਰੀਖੱਕ, ਖੇਤੀਬਾੜੀ ਵਿਭਾਗ ਦਾ ਸਮੂਹ ਸਟਾਫ ਅਤੇ ਵੱਡੀ ਗਿਣਤੀ ਵਿਚ ਕਿਸਾਨ ਹਾਜਰ ਸਨ।

# ਸਿਵਲ ਸਰਜਨ ਵੱਲੋਂ ਡੇਂਗੂ ਤੇ ਚਿਕਨਗੁਨੀਆ ਦੇ ਸੰਭਾਵਿਤ ਖੇਤਰਾਂ ਵਿੱਚ ਜਾ ਕੇ ਲੋਕਾਂ ਨੂੰ ਕੀਤਾ ਜਾਗਰੂਕ ਅਤੇ ਐਂਟੀ ਲਾਰਵਾ ਗਤੀਵਿਧੀਆਂ ਕਰਵਾਈਆਂ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ, 17 ਜੁਲਾਈ: ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਹਤ ਮੰਤਰੀ ਪੰਜਾਬ ਡਾ ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਵਲ ਸਰਜਨ ਅੰਮ੍ਰਿਤਸਰ ਡਾ ਕਿਰਨਦੀਪ ਕੌਰ ਵੱਲੋਂ ਡੇਂਗੂ ਅਤੇ ਚਿਕਨਗੁਨੀਆ ਦੇ ਸੰਭਾਵਿਤ ਖੇਤਰਾਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਐਂਟੀ ਲਾਰਵਾ ਗਤੀਵਿਧੀਆਂ ਦੇ ਨਾਲ ਨਾਲ ਫੋਗਿੰਗ ਅਤੇ ਸਪਰੇ ਕਰਵਾਏ ਗਏ। ਇਸ ਦੌਰਾਨ ਵੱਲਾ ਮੰਡੀ ਅੰਮ੍ਰਿਤਸਰ ਵਿਖੇ ਮੰਡੀ ਦੇ ਸੁਪਰਵਾਈਜ਼ਰਾਂ ਅਤੇ ਅਧਿਕਾਰੀਆਂ ਦੇ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਜਿਸ ਦੌਰਾਨ ਉਹਨਾਂ ਨੂੰ ਮੰਡੀ ਵਿੱਚ ਥਾਂ ਥਾਂ ਤੇ ਖੜੇ ਪਾਣੀ ਦਾ ਨਿਪਟਾਰਾ ਕਰਨ, ਡੇਂਗੂ ਤੇ ਚਿਕਨਗੁਨੀਆ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦਾ ਸੰਦੇਸ਼ ਦਿੱਤਾ ਗਿਆ। ਇਸ ਉਪਰੰਤ ਡਾ ਕਿਰਨਦੀਪ ਕੌਰ ਵੱਲੋਂ ਮੰਡੀ ਦੀਆਂ ਵੱਖ ਵੱਖ ਹੋਟ ਸਪੋਟ ਥਾਵਾਂ ਦੀ ਜਾਂਚ ਕੀਤੀ ਗਈ ਅਤੇ ਖੜੇ ਪਾਣੀ ਵਿੱਚ ਸਪਰੇ ਕਰਵਾਈ ਗਈ। ਇਸ ਅਵਸਰ ਤੇ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਕਿਹਾ ਕਿ ਬਰਸਾਤ ਦੇ ਮੌਸਮ ਵਿਚ ਬਹੁਤ ਸਾਰੀਆਂ ਥਾਵਾਂ ਤੇ ਪਾਣੀ ਦਾ ਇੱਕਠਾ ਹੋਣਾਂ ਸੁਭਾਵਿਕ ਹੀ ਹੈ, ਪਰ ਇਸਦੇ ਨਾਲ ਹੀ ਜਿਥੇ ਪਾਣੀ ਇੱਕਠਾ ਹੋਵੇਗਾ ਉਥੇ ਮੱਛਰ ਦੀ ਪੈਦਾਵਾਰ ਵੀ ਹੋਵੇਗੀ, ਇਸ ਲਈ ਸਾਡੀ ਸਾਰਿਆਂ ਦੀ ਇਹ ਜਿੰਮੇਵਾਰੀ ਬਣਦੀ ਹੈ ਕਿ ਮੱਛਰ ਦੀ ਪੈਦਾਵਰ ਨੂੰ ਰੋਕਣ ਲਈ ਸਿਹਤ ਵਿਭਾਗ ਦਾ ਸਹਿਯੋਗ ਕਰੀਏ ਅਤੇ ਕਿਤੇ ਵੀ ਪਾਣੀ ਇੱਕਠਾ ਨਾਂ ਹੋਣ ਦਈਏ, ਕਿਉਂਕਿ ਡੇਂਗੂ ਤੋ ਬਚਣ ਲਈ ਸਭ ਤੋ ਜਿਆਦਾ ਜਰੂਰੀ ਹੈ ਕਿ ਮੱਛਰ ਦੀ ਪੈਦਾਵਾਰ ਨੂੰ ਹੀ ਰੋਕਿਆ ਜਾਵੇ। ਇਸ ਦੇ ਨਾਲ ਹੀ ਪੁਰੀ ਬਾਹਵਾਂ ਤੇ ਕੱਪੜੇ ਪਹਿਨੇ ਜਾਣ ਅਤੇ ਮੱਛਰ ਭਜਾਉਣ ਵਾਲੀਆ ਕਰੀਮਾਂ ਆਦੀ ਦਾ ਇਸਤੇਮਾਲ ਵੀ ਸਾਨੂੰ ਡੇਂਗੂ ਤੋ ਬਚਾ ਸਕਦਾ ਹੈ। ਉਹਨਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਸ਼ਹਿਰ ਦੇ ਸਾਰੇ ਹੋਟ ਸਪੋਟ ਖੇਤਰਾਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ ਨਾਲ ਐਂਟੀ ਲਾਰਵਾ ਗਤੀਵਿਧੀਆਂ ਰਹੀਆਂ ਹਨ। ਇਸ ਸੰਬਧੀ ਹੋਰ ਜਾਣਕਾਰੀ ਦਿੰਦਿਆ ਜਿਲਾ ਐਪੀਡਿਮੋਲੋਜਿਸਟ ਡਾ ਹਰਜੋਤ ਕੌਰ ਨੇ ਕਿਹਾ ਕਿ ਨੇ ਕਿਹਾ ਕਿ ਡੇਂਗੂ ਇੱਕ ਵਾਇਰਲ ਬੁਖਾਰ ਹੈ ਜੋ ਕਿ ਏਡੀਜ ਅਜਿਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਹ ਮੱਛਰ ਸਾਫ ਪਾਣੀ ਵਿੱਚ ਅੰਡੇ ਦਿੰਦਾ ਹੈ ਜੋ ਕਿ ਇੱਕ ਹਫਤੇ ਦੇ ਦੌਰਾਨ ਅੰਡੇ ਤੋਂ ਲਾਰਵਾ ਅਤੇ ਲਾਰਵੇ ਤੋਂ ਅਡਲਟ ਮੱਛਰ ਬਣ ਜਾਂਦਾ ਹੈ। ਇਸ ਲਈ ਹਫਤੇ ਦੇ ਹਰੇਕ ਸ਼ੁਕਰਵਾਰ ਡੇਂਗੂ ਦੇ ਵਾਰ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਮੱਛਰ ਦਾ ਲਾਈਫ ਸਾਈਕਲ ਤੋੜਿਆ ਜਾ ਸਕੇ ਅਤੇ ਲਾਰਵਾ ਸਟੇਜ ਤੇ ਹੀ ਮੱਛਰ ਨੂੰ ਖਤਮ ਕੀਤਾ ਜਾ ਸਕੇ। ਇਸ ਮੌਕੇ ਤੇ ਜਿਲਾ ਐਮ.ਈ.ਆਈ.ਓ. ਅਮਰਦੀਪ ਸਿੰਘ ਨੇ ਆਮ ਲੋਕਾਂ ਨੂੰ ਜਾਗਰੂਕ ਕਰਦਿਆਂ ਹੋਇਆਂ ਦੱਸਿਆ ਕਿ ਡੇਂਗੂ ਦੇ ਆਮ ਲੱਛਣ ਤੇਜ ਸਿਰ-ਦਰਦ, ਤੇਜ ਬੁਖਾਰ, ਮਾਸ ਪੇਸ਼ੀਆ ਤੇ ਜੋੜਾਂ ਦਾ ਦਰਦ, ਅੱਖਾ ਦੇ ਪਿਛਲੇ ਹਿੱਸੇ ਦਰਦ, ਉਲਟੀਆਂ, ਨੱਕ-ਮੂੰਹ ਅਤੇ ਮਸੂੜਿਆਂ ਵਿੱਚੋ ਖੂਨ ਵਗਣਾ ਆਦੀ ਹੈ। ਇਸ ਲਈ ਡੇਂਗੂ ਬੁਖਾਰ ਦੇ ਸ਼ੱਕ ਹੋਣ ਦੀ ਸੂਰਤ ਵਿੱਚ ਤੁਰੰਤ ਸਰਕਾਰੀ ਹਸਪਤਾਲ ਤੋ ਮੁਫਤ ਚੈਕਅੱਪ ਅਤੇ ਇਲਾਜ ਕਰਵਾਉਣਾ ਚਾਹੀਦਾ ਹੈ।


**PUBLIC NOTICE**

It is for general information that I Saraswati D/O Santosh Singh R/O Plot At Kh ??-84/4, New Gopal Nagar Extn. Najafgarh, South West Delhi, Delhi-110043 declare that name of my father has been wrongly written as Santu in my 10th and 12th educational documents. The actual name of my father is Santosh Singh which may be amended accordingly.

**PUBLIC NOTICE**

It is for general information that I Sadhana D/O Santosh Singh R/O Plot At Kh NO-84/4, New Gopal Nagar Extn. Najafgarh, South West Delhi, Delhi-110043 declare that name of my father has been wrongly written as Santu in my 10th and 12th educational documents. The actual name of my father is Santosh Singh which may be amended accordingly.

**PUBLIC NOTICE**

It is for general information that I, Baljeet Singh S/o Bhagwan Singh R/o H.No-346, Roopali Enclave, Karala, Near Chhat Ghat, Karala, North West Delhi, Delhi-110081 declare that name of mine has been wrongly written as Baljit Singh in my Service Book. The actual name of mine is Baljeet Singh.

**PUBLIC NOTICE**

It is for general information that I Mansoor Gilani S/o Anwar Husain Gilani R/o D-96/A, 1st Floor, D-Block, Abul Fazal Enclave Part-1, Jamia Nagar, South Delhi, Delhi-110025 declare that name of mine and my father has been wrongly written as Sayyed Masoor Hussain Gilani and Sayyed Anwar Hussain Gilani in my 10th Class Educational Documents and Mansoor H Gilani and A H Gilani in my DL No-DL03 20080253364. The actual name of mine and my father are Mansoor Gilani and Anwar Husain Gilani.

**PUBLIC NOTICE**

It is for general information that I, Usha W/o Dhoop Chand R/o 3440, Gali Bajrang Bali, Bazar Sita Ram, Chandni Chowk, North Delhi, Delhi-110006 declare that name of mine and my husband has been wrongly written as Sangeeta and Dhup Chand in my minor son namely Sahil aged 5 years in his Birth Certificate No-MCDOLIR-2219-007414330. The actual name of mine and my husband are Usha and Dhoop Chand.

**PUBLIC NOTICE**

It is for general information that I, Pawan Kumar S/o Virender Kumar Panchal R/o B-20/1, Molar Band Village, Badarpur, Jait Pur, South Delhi, Delhi-110044 declare that name of my wife has been wrongly written as Manju in my minor daughter namely Bhavya aged 16 years in her School Records. The actual name of my wife is Manju Rani Panchal.

**PUBLIC NOTICE**

Information is given to general public at large that our clients SMFG India Home Finance Company Limited was financed the said property Freehold Residential Built-Up Property in Northern Side on First Floor (without Roof Rights), Property bearing No. WZ- 233, area measuring 32- ½ Sq. Yds. (out of 65 Sq. Yds.), out of Khasra No. 375, situated in the area of Village Saleempur Mazra, Madipur, Delhi State Delhi, now Colony known as Rishi Nagar, Shakur Basti, Delhi-110034. Vide loan along with under custody (1) Original Sale Deed dated 22.09.2004 executed by Mr. Surinder Kumar in favour of Mr. Naresh Kumar Budhraja duly registered in the office of SR- VI, Pitampura, Delhi, as Document No. 31856, in Book No. 1, Volume No. 5196, on Page No. 48-55, on dated 22.09.2004. (2) Original Relinquishment Deed dated 31.08.2024 executed by Mr. Keshav Budhraja & Mr. Dev Budhraja in favour of Mrs. Nisha Budhraja duly registered in the office of SR VI, Pitampura, as Document No. 2024/15/I/12674, in Book No. 1, Volume No. 13864, on Page No. 165- 178, on dated 31.08.2024, and same were submitted with SMFG India Home Finance Company Limited by Mr. Keshav Budhraja, The documents were misplaced from the possession of SMFG India Home Finance Company Limited and online FIR Reference No - LR No. 3018000/2025 already lodged by SMFG India Home Finance Company Limited on dt. 16.07.2025 P.S. Crim Branch Delhi and any persons found / received the above-mentioned property docs than to be informed to SMFG India Home Finance Company Limited Branch: Moti Nagar Delhi, Delhi. or underwriting Advocate.

**[NAVEEN KUMAR VERMA]**
Advocate
F-211,sector-3 Vaishali Ghaziabad
Uttar Pradesh-201010, Contact at 09958871432

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I PARVEEN KUMAR S/O BRIJ MOHAN R/O 96 2ND FLOOR ARJUN NAGAR SAFDARJUNG SOUTH DELHI 110029 I HAVE CHANGE MY NAME TO PARVEEN SHARMA

**NAME CHANGE**

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**

I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**

It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**Change of Religion**

I, ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, do hereby solemnly affirm and declare that I have Embraced ISLAM RELIGION and renounced HINDUISM with effect from 11.06.2025.

**NAME CHANGE**

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**PUBLIC NOTICE**

My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.



## ਸੂਚਨਾ

### ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ
### ਮਹਿਲਾ ਅਤੇ ਬਾਲ ਵਿਕਾਸ ਵਿਭਾਗ

**ਦਿੱਲੀ ਬਾਲ ਅਧਿਕਾਰ ਸੰਰਕਸ਼ਣ ਆਯੋਗ (DCPCR) ਦੇ ਪ੍ਰਧਾਨ ਅਤੇ ਛੇ ਮੈਂਬਰਾਂ ਦੇ ਖਾਲੀ ਪਦਾਂ ਦੀ ਭਰਤੀ।**

ਮਿਤੀ 21.12.2024 ਨੂੰ ਪ੍ਰਕਾਸ਼ਿਤ ਵਿਗਿਆਪਨ ਦੇ ਕ੍ਰਮ 'ਚ, ਜਿਸ 'ਚ ਦਿੱਲੀ ਬਾਲ ਅਧਿਕਾਰ ਸੰਰਕਸ਼ਣ ਆਯੋਗ (ਡੀਸੀਪੀਸੀਆਰ) ਦੇ ਪ੍ਰਧਾਨ ਅਤੇ ਛੇ ਮੈਂਬਰਾਂ ਦੇ ਪਦਾਂ ਲਈ ਆਵੇਦਨ ਆਮੰਤ੍ਰਿਤ ਕੀਤੇ ਗਏ ਸੀ, ਮਹਿਲਾ ਅਤੇ ਬਾਲ ਵਿਕਾਸ ਵਿਭਾਗ, ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ, ਇਸ ਵਿਗਿਆਪਨ ਦੀ ਪ੍ਰਕਾਸ਼ਨ ਮਿਤੀ i.e 18.07.2025 ਤੋਂ ਦੋ ਹਫ਼ਤਿਆਂ ਦੀ ਅਵਧੀ i.e 31.07.2025 (11:59 PM ਤੱਕ)

**ਜਿਨ੍ਹਾਂ ਉਮੀਦਵਾਰਾਂ ਨੇ ਪਹਿਲਾਂ ਆਵੇਦਨ ਕਰ ਦਿੱਤਾ ਹੈ, ਉਨ੍ਹਾਂ ਦੁਬਾਰਾ: ਆਵੇਦਨ ਕਰਨ ਦੀ ਜ਼ਰੂਰਤ ਨਹੀਂ ਹੈ।**

I. **ਆਵੇਦਨ ਕਰਨ ਦੀ ਪ੍ਰਕ੍ਰਿਆ:**
ਇੱਛੁਕ ਵਿਅਕਤੀ ਪਾਤ੍ਰਤਾ ਦੇ ਮਾਨਦੰਡ ਅਤੇ ਸੰਬੰਧਿਤ ਸ਼ਰਤਾਂ ਨੂੰ ਵਿਭਾਗ ਦੀ ਵੇਬਸਾਈਟ https://wcd.delhi.gov.in/ ਤੇ ਦੇਖ ਸਕਦੇ ਹਨ ਅਤੇ ਆਪਣਾ ਆਵੇਦਨ ਔਨਲਾਈਨ ਮਾਧਿਅਮ ਤੋਂ ਵੇਬਸਾਈਟ http://cams.wcddel.in 'ਤੇ ਜਮ੍ਹਾਂ ਕਰਨਗੇ।

II. **ਆਵੇਦਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਬਾਲ ਕਲਿਆਣ ਅਤੇ ਸਾਮਾਜਿਕ ਖੇਤਰ 'ਚ ਵਧੀਆ ਉਪਲਬਧੀਆਂ ਅਤੇ ਪ੍ਰਾਸੰਗਿਕ ਅਨੁਭਵ ਦਾ ਸਪਸ਼ਟ ਰੂਪ ਤੋਂ ਉਲੇਖ ਕਰਨ, ਅਤੇ ਆਪਣੇ ਵਧੀਆ ਕਾਰਜ ਦਾ ਵੇਰਵਾ ਵੀ ਪ੍ਰਦਾਨ ਕਰਨ ਅਤੇ ਬਾਲ ਅਧਿਕਾਰ ਸੰਰਕਸ਼ਣ ਆਯੋਗ ਅਧਿਨਿਯਮ, 2005 ਦੀ ਧਾਰਾ 17(2) (ਖ) ਦੇ ਅੰਤਰਗਤ ਨਿਰਧਾਰਿਤ ਮਾਨਦੰਡਾਂ ਦੇ ਅਨੁਸਾਰ ਕੀਤੇ ਗਏ ਆਪਣੇ ਵਿਸ਼ਿਸ਼ਟ ਕਾਰਾਂ ਦਾ ਵੇਰਵਾ, ਬੱਚਿਆਂ/ਮਹਿਲਾਵਾਂ ਦੇ ਵਿਕਾਸ/ਸਸ਼ਕਤੀਕਰਨ ਲਈ ਕੀਤੇ ਗਏ ਵਿਸ਼ੇਸ਼ ਕਾਰਜ ਦਾ ਵੇਰਵਾ ਨਿਰਧਾਰਿਤ ਕੱਲਮ' 'ਚ ਸਪਸ਼ਟ ਰੂਪ ਤੋਂ ਦੇਣ।**

III. ਨੋਟ:

ਕ) **ਤੱਥਾਂ ਦੀ ਗਲਤ ਪ੍ਰਸਤੁਤੀ ਦੇਣ 'ਤੇ ਅਭਿਆਰਥੀ ਨੂੰ ਅਯੋਗ ਠਹਿਰਾਇਆ ਜਾ ਸਕਦਾ ਹੈ।**

ਖ) **ਔਨਲਾਈਨ ਦੇ ਇਲਾਵਾ ਆਵੇਦਨ ਦਾ ਕੋਈ ਹੋਰ ਤਰੀਕਾ ਵਿਭਾਗ ਵਲੋਂ ਸਵੀਕਾਰ ਨਹੀਂ ਕੀਤਾ ਜਾਵੇਗਾ।**

ਗ) **ਪ੍ਰਧਾਨ ਅਤੇ ਮੈਂਬਰਾਂ ਦੇ ਕਾਰਜ/ ਪਦ ਤੋਂ ਹਟਾਏ ਜਾਣ ਦੀ ਪ੍ਰਕ੍ਰਿਆ ਅਤੇ ਹੋਰ ਸੰਬੰਧਿਤ ਜਾਣਕਾਰੀ ਦੇ ਲਈ ਬਾਲ ਅਧਿਕਾਰ ਸੰਰਕਸ਼ਣ ਆਯੋਗ ਅਧਿਨਿਯਮ 2005 ਅਤੇ ਦਿੱਲੀ ਬਾਲ ਅਧਿਕਾਰ ਸੰਰਕਸ਼ਣ ਆਯੋਗ ਨਿਯਮ, 2008 ਅਤੇ ਇਸਦੇ ਸੰਸ਼ੋਧਨ ਨਿਯਮ, 2017 ਅਤੇ 2019 ਦਾ ਅਵਲੋਕਨ ਕਰਨ।**

ਘ) **31.07.2025 ਦੇ ਬਾਦ ਵਿਭਾਗ ਵਲੋਂ ਕੋਈ ਆਵੇਦਨ ਸਵੀਕਾਰ ਨਹੀਂ ਕੀਤਾ ਜਾਵੇਗਾ।**

ਹਸਤਾਖ਼ਰ/
ਨਿਦੇਸ਼ਕ,
ਮਹਿਲਾ ਅਤੇ ਬਾਲ ਵਿਕਾਸ ਵਿਭਾਗ

DIP/Shabdarth/Classified/0140/25-26



## ਮਹੱਤਵਪੂਰਣ ਸੂਚਨਾ

### ਕਾਂਵੜ ਮੇਲਾ-2025 ਦੇ ਲਈ
### ਵਿਸ਼ੇਸ਼ ਵਿਵਸਥਾ

**ਕਾਂਵੜ ਮੇਲਾ-2025 ਦੇ ਦੋਰਾਨ ਕਾਂਵੜੀਆਂ ਦੀ ਸੁਵਿਧਾ ਦੇ ਲਈ ਉੱਤਰ ਰੇਲਵੇ ਦੁਵਾਰਾ ਕੁਛ ਨਾਮਿਤ ਰੇਲ ਸੇਵਾਵਾਂ ਨੂੰ ਹਰਿਦੁਵਾਰ ਤਕ ਵਿਸਤਾਰ ਕਰਨਾ, ਹੇਠਾ ਲਿਖੇ ਕਾਂਵੜ ਵਿਸ਼ੇਸ਼ ਰੇਲਗੱਡੀਆਂ ਦਾ ਸੰਚਾਲਨ ਕਰਨਾ ਅਤੇ ਵਰਤਮਾਨ ਵਿਚ ਸੰਚਾਲਿਤ ਕੀਤੀ ਜਾ ਰਹੀ, ਕੁਛ ਰੇਲਗੱਡੀਆ ਨੂੰ ਅਸਥਾਈ ਤੋਰ ਉਤੇ ਨਵੇ ਠਹਿਰਾਵ ਪ੍ਰਦਾਨ ਕਰਲ ਦਾ ਫੇਸਲਾ ਲਿਤਾ ਗਿਆ ਹੈ, ਜਿਨ੍ਹਾ ਦਾ ਵੇਰਵਾ ਹੇਠਾ ਅਨੁਸਾਰ ਹੈ:-**

**ਰੇਲਗੱਡੀ ਨੰਬਰ 74023/74022 ਦਿੱਲੀ ਜੰ:ਸ਼ਾਮਲੀ-ਦਿੱਲੀ ਜੰ: ਡੀਈਐਮਯੂ ਦਾ ਹਰਿਦੁਵਾਰ ਤਕ ਵਿਸਤਾਰ — ਹਰਰੋਜ਼**

| ਰੇਲਗੱਡੀ ਨੰ: 74023 | | ↓ ਸਟੇਸ਼ਨ ↑ | ਰੇਲਗੱਡੀ ਨੰ: 74022 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 20:00 | ਦਿੱਲੀ ਜੰ: | 09:25 | ---- |
| 22:50 | 22:55 | ਸ਼ਾਮਲੀ | 06:25 | 06:30 |
| 23:20 | 23:22 | ਥਾਨਾ ਭਵਨ | 05:25 | 05:27 |
| 23:44 | 23:46 | ਰਾਮਪੁਰ ਮਲਿਹਾਰਾਨ | 05:02 | 05:04 |
| 00:15 | 00:17 | ਟਪਰੀ | 04:46 | 04:48 |
| 00:56 | 00:58 | ਰੁੜਕੀ | 04:17 | 04:19 |
| 01:38 | 01:40 | ਜਵਾਲਪੁਰ | 03:15 | 03:17 |
| 01:55 | ---- | ਹਰਿਦੁਵਾਰ | ---- | 03:05 |

ਚਲਨ ਦੇ ਦਿਨ : 74023 ਦਿੱਲੀ ਜੰ: ਤੋਂ 24.07.2025 ਤਕ ਅਤੇ 74022 ਹਰਿਦੁਵਾਰ ਤੋਂ 25.07.2025 ਤਕ।
ਜਗ੍ਹਾਂ : ਸਮਾਨਯ।

**ਰੇਲਗੱਡੀ ਨੰਬਰ 64557/64558 ਦਿੱਲੀ ਜੰ:-ਸਹਾਰਨਪੁਰ-ਦਿੱਲੀ ਜੰ: ਡੀਈਐਮਯੂ ਦਾ ਹਰਿਦੁਵਾਰ ਤਕ ਵਿਸਤਾਰ — ਹਰਰੋਜ਼**

| ਰੇਲਗੱਡੀ ਨੰ: 64557 | | ↓ ਸਟੇਸ਼ਨ ↑ | ਰੇਲਗੱਡੀ ਨੰ: 64558 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 16:25 | ਦਿੱਲੀ ਜੰ: | 08:45 | ---- |
| 20:50 | 21:10 | ਸਹਾਰਨਪੁਰ | 03:40 | 04:20 |
| 21:48 | 21:50 | ਰੁੜਕੀ | 02:53 | 02:55 |
| 22:25 | 22:27 | ਜਵਾਲਪੁਰ | 02:10 | 02:12 |
| 22:50 | ---- | ਹਰਿਦੁਵਾਰ | ---- | 02:00 |

ਚਲਨ ਦੇ ਦਿਨ : 64557 ਦਿੱਲੀ ਜੰ: ਤੋਂ 24.07.2025 ਤਕ ਅਤੇ 64558 ਹਰਿਦੁਵਾਰ ਤੋਂ 25.07.2025 ਤਕ।
ਜਗ੍ਹਾਂ : ਸਮਾਨਯ।

**ਮੇਲਾ ਵਿਸ਼ੇਸ਼ ਰੇਲਗੱਡੀਆਂ ਦਾ ਹੇਠਾ ਸਮੇਂ ਸਾਰਣੀ ਦੇ ਅਨੁਸਾਰ ਸੰਚਾਲਨ:**

**ਰੇਲਗੱਡੀ ਨੰਬਰ 04311/04312 ਮੁਰਾਦਬਾਦ-ਲਕਸਰ-ਮੁਰਾਦਾਬਾਦ ਅਣਰਿਜ਼ਰਵ ਮੇਲਾ ਵਿਸ਼ੇਸ਼ ਰੇਲਗੱਡੀ — ਹਰਰੋਜ਼**

| ਰੇਲਗੱਡੀ ਨੰ: 04311 | | ↑ ਸਟੇਸ਼ਨ ↓ | ਰੇਲਗੱਡੀ ਨੰ: 04312 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 04:15 | ਮੁਰਾਦਾਬਾਦ | 15:15 | ---- |
| 07:15 | ---- | ਲਕਸਰ | ---- | 12:00 |

ਚਲਨ ਦੇ ਦਿਨ : 04311 ਮੁਰਾਦਾਬਾਦ ਅਤੇ ਤੋਂ 04312 ਲਕਸਰ ਤੋਂ 25.07.2025 ਤਕ।
ਠਹਿਰਾਵ : ਬਾਲਾਵਾਲੀ, ਮੁਅਜਜਮਪੁਰ ਨਾਰਾਯਣ, ਨਜੀਬਾਬਾਦ, ਨਗੀਨਾ, ਧਾਮਪੁਰ, ਸਯੋਹਾਰਾ ਅਤੇ ਕਾਂਠ ਸਟੇਸ਼ਨ।
ਜਗ੍ਹਾਂ : ਸਮਾਨਯ।

**ਰੇਲਗੱਡੀ ਨੰਬਰ 04314/04313 ਹਰਿਦੁਵਾਰ-ਦਿੱਲੀ ਜੰ:-ਹਰਿਦੁਵਾਰ ਅਣਰਿਜ਼ਰਵ ਮੇਲਾ ਵਿਸ਼ੇਸ਼ ਰੇਲਗੱਡੀ — ਹਰਰੋਜ਼**

| ਰੇਲਗੱਡੀ ਨੰ: 04314 | | ↓ ਸਟੇਸ਼ਨ ↑ | ਰੇਲਗੱਡੀ ਨੰ: 04313 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 17:05 | ਹਰਿਦੁਵਾਰ | 07:55 | ---- |
| | | ਦਿੱਲੀ ਜੰ: | ---- | 01:10 |

ਚਲਨ ਦੇ ਦਿਨ : 04314 ਹਰਿਦੁਵਾਰ ਤੋਂ 24.07.2025 ਤਕ ਅਤੇ 04313 ਦਿੱਲੀ ਜੰ: ਤੋਂ 25.07.2025 ਤਕ।
ਠਹਿਰਾਵ : ਜਵਾਲਾਪੁਰ, ਰੁੜਕੀ, ਟਪਰੀ, ਮੁਜੱਫਰਨਗਰ, ਮੇਰਠ ਸਿਟੀ, ਗਾਜੀਆਬਾਦ ਅਤੇ ਦਿੱਲੀ ਸ਼ਾਹਦਰਾ ਸਟੇਸ਼ਨ।
ਜਗ੍ਹਾਂ : ਸਮਾਨਯ।

**ਰੇਲਗੱਡੀ ਨੰਬਰ 04316/04315 ਯੋਗ ਨਗਰੀ ਰਿਸ਼ੀਕੇਸ਼-ਦਿੱਲੀ ਸ਼ਾਹਦਰਾ-ਯੋਗ ਨਗਰੀ ਰਿਸ਼ੀਕੇਸ਼ ਅਣਰਿਜ਼ਰਵ ਮੇਲਾ ਵਿਸ਼ੇਸ਼ ਰੇਲਗੱਡੀ — ਹਰਰੋਜ਼**

| ਰੇਲਗੱਡੀ ਨੰ: 04316 | | ↓ ਸਟੇਸ਼ਨ ↑ | ਰੇਲਗੱਡੀ ਨੰ: 04315 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 20:35 | ਯੋਗ ਨਗਰ ਰਿਸ਼ੀਕੇਸ਼ | 11:00 | ---- |
| 03:50 | ---- | ਦਿੱਲੀ ਸ਼ਾਹਦਰਾ | ---- | 04:20 |

ਚਲਨ ਦੇ ਦਿਨ : 04316 ਯੋਗ ਨਗਰੀ ਰਿਸ਼ੀਕੇਸ਼ ਤੋਂ 24.07.2025 ਤਕ ਅਤੇ 04315 ਦਿੱਲੀ ਸ਼ਾਹਦਰਾ ਤੋਂ 25.07.2025 ਤਕ।
ਠਹਿਰਾਵ : ਰਾਯਵਾਲਾ, ਮੋਤੀਚੂਰ, ਹਰਿਦੁਵਾਰ, ਜਵਾਲਾਪੁਰ, ਰੁੜਕੀ, ਟਪਰੀ ਅਤੇ ਸ਼ਾਮਲੀ ਸਟੇਸ਼ਨ।
ਜਗ੍ਹਾਂ : ਸਮਾਨਯ।

**ਰੇਲਗੱਡੀ ਨੰਬਰ 04318/04317 ਯੋਗ ਨਗਰੀ ਰਿਸ਼ੀਕੇਸ਼-ਆਲਮਨਗਰ-ਯੋਗ ਨਗਰੀ ਰਿਸ਼ੀਕੇਸ਼ ਅਣਰਿਜ਼ਰਵ ਮੇਲਾ ਵਿਸ਼ੇਸ਼ ਰੇਲਗੱਡੀ — ਹਰਰੋਜ਼**

| ਰੇਲਗੱਡੀ ਨੰ: 04318 | | ਸਟੇਸ਼ਨ | ਰੇਲਗੱਡੀ ਨੰ: 04317 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 19:00 | ਯੋਗ ਨਗਰ ਰਿਸ਼ੀਕੇਸ਼ | 23:00 | ---- |
| 10:45 | ---- | ਆਲਮਨਗਰ | ---- | 12:05 |

ਚਲਨ ਦੇ ਦਿਨ : 04318 ਯੋਗ ਨਗਰੀ ਰਿਸ਼ੀਕੇਸ਼ ਤੋਂ 09.08.2025 ਤਕ ਅਤੇ 04317 ਆਲਮਨਗਰ ਤੋਂ 10.08.2025 ਤਕ।
ਠਹਿਰਾਵ : ਰਾਯਵਾਲਾ, ਮੋਤੀਚੂਰ, ਹਰਿਦੁਵਾਰ, ਜਵਾਲਾਪੁਰ, ਲਕਸਰ, ਬਾਲਾਵਾਲੀ, ਮੁਅਜਜਮਪੁਰ ਨਾਰਾਯਣ, ਨਜੀਬਾਬਾਦ, ਮੁਰਾਦਾਬਾਦ, ਰਾਮਪੁਰ, ਬਰੇਲੀ ਅਤੇ ਸ਼ਾਹਜਹਾਂਪੁਰ ਸਟੇਸ਼ਨ।
ਜਗ੍ਹਾਂ : ਸਮਾਨਯ।

**ਰੇਲਗੱਡੀ ਨੰਬਰ 04413/04414 ਦਿੱਲੀ ਜੰ; - ਹਰਿਦੁਵਾਰ - ਦਿੱਲੀ ਜੰ: ਅਣਰਿਜ਼ਰਵ ਮੇਲਾ ਵਿਸ਼ੇਸ਼ ਰੇਲਗੱਡੀ — ਹਰਰੋਜ਼**

| ਰੇਲਗੱਡੀ ਨੰ: 04413 | | ↓ ਸਟੇਸ਼ਨ ↑ | ਰੇਲਗੱਡੀ ਨੰ: 04414 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 16:45 | ਦਿੱਲੀ ਜੰ: | 09:40 | ---- |
| 22:55 | ---- | ਹਰਿਦੁਵਾਰ | ---- | 03:30 |

ਚਲਨ ਦੇ ਦਿਨ : 04413 ਦਿੱਲੀ ਜੰ: ਤੋਂ24.07.2025 ਤਕ ਅਤੇ 04414 ਹਰਿਦੁਵਾਰ ਤੋਂ 25.07.2025 ਤਕ।
ਠਹਿਰਾਵ : ਦਿੱਲੀ ਸ਼ਾਹਦਰਾ, ਨੋਲੀ, ਗੋਟਰਾ ਹਾਲਟ, ਫਖਰਪੁਰ ਹਾਲਟ, ਖੇਕੜਾ, ਸੁਨਹੈਡਾ ਹਾਲਟ, ਅਹੇਰਾ ਹਾਲਟ, ਬਾਗਪਤ ਰੋਡ, ਸੂਜਰਾ, ਬੜੋਤ, ਕਾਸਿਕਪੁਰ ਖੇੜੀ, ਏਲਮ, ਕਾਂਧਲਾ, ਸ਼ਾਮਲੀ, ਹੀਨਡ, ਥਾਨਾ ਭਵਨ, ਨਨੋਤਾ, ਸੋਨਾ ਅਰਜਨਪੁਰ, ਰਾਮਪੁਰ ਮਨਿਹਾਰਾਨ, ਟਪਰੀ, ਰੁੜਕੀ ਅਤੇ ਜਵਾਲਾਪੁਰ ਸਟੇਸ਼ਨ।
ਜਗ੍ਹਾਂ : ਸਮਾਨਯ।

**ਮਿਤੀ 24.07.2025 ਤਕ ਰੇਲਗੱਡੀਆਂ ਦਾ ਅਸਥਾਈ ਠਹਿਰਾਵ**

| ਰੇਲਗੱਡੀ ਨੰਬਰ ਅਤੇ ਨਾਮ | ਆਵ੍ਰਿਤੀ | ਅਸਥਾਈ ਠਹਿਰਾਵ | ਸਮੇਂ-ਸਾਰਣੀ ਆਉਣਾ | ਸਮੇਂ-ਸਾਰਣੀ ਜਾਣਾ |
|---|---|---|---|---|
| 14113 ਸੂਬੇਦਾਰਗੰਜ - ਦੇਹਰਾਦੂਨ ਐਕਸਪ੍ਰੈਸ | ਹਰਰੋਜ਼ | ਜਵਾਲਾਪੁਰ | 10:43 | 10:45 |
| | | ਮੋਤੀਚੂਰ | 11:04 | 11:06 |
| | | ਰਾਯਵਾਲਾ | 11:14 | 11:16 |
| 14114 ਦੇਹਰਾਦੂਨ - ਸੂਬੇਦਾਰਗੰਜ ਐਕਸਪ੍ਰੈਸ | ਹਰਰੋਜ਼ | ਰਾਯਵਾਲਾ | 14:15 | 14:17 |
| | | ਮੋਤੀਚੂਰ | 14:34 | 14:36 |
| | | ਜਵਾਲਾਪੁਰ | 15:15 | 15:17 |
| 14309 ਉਜੈਨ - ਦੇਹਰਾਦੂਨ ਐਕਸਪ੍ਰੈਸ | ਹਫਤੇ ਵਿਚ ਦੋ ਦਿਨ | ਜਵਾਲਾਪੁਰ | 15:53 | 15:55 |
| | | ਮੋਤੀਚੂਰ | 17:00 | 17:02 |
| | | ਰਾਯਵਾਲਾ | 17:35 | 17:37 |
| 14310 ਦੇਹਰਾਦੂਨ - ਉਜੈਨ ਐਕਸਪ੍ਰੈਸ | ਹਫਤੇ ਵਿਚ ਦੋ ਦਿਨ | ਰਾਯਵਾਲਾ | 07:08 | 07:10 |
| | | ਮੋਤੀਚੂਰ | 07:24 | 07:26 |
| | | ਜਵਾਲਾਪੁਰ | 07:52 | 07:54 |
| 14317 ਇੰਦੋਰ - ਦੇਹਰਾਦੂਨ ਐਕਸਪ੍ਰੈਸ | ਹਫਤੇ ਵਿਚ ਦੋ ਦਿਨ | ਜਵਾਲਾਪੁਰ | 15:53 | 15:55 |
| | | ਮੋਤੀਚੂਰ | 17:00 | 17:02 |
| | | ਰਾਯਵਾਲਾ | 17:35 | 17:37 |
| 14318 ਇੰਦੋਰ - ਦੇਹਰਾਦੂਨ ਐਕਸਪ੍ਰੈਸ | ਹਫਤੇ ਵਿਚ ਦੋ ਦਿਨ | ਰਾਯਵਾਲਾ | 07:08 | 07:10 |
| | | ਮੋਤੀਚੂਰ | 07:24 | 07:26 |
| | | ਜਵਾਲਾਪੁਰ | 07:52 | 07:54 |
| 19565 ਓਖਾ - ਦੇਹਰਾਦੂਨ ਐਕਸਪ੍ਰੈਸ | ਸਪਤਾਹਿਕ | ਜਵਾਲਾਪੁਰ | 15:53 | 15:55 |
| | | ਮੋਤੀਚੂਰ | 17:00 | 17:02 |
| | | ਰਾਯਵਾਲਾ | 17:35 | 17:37 |
| 19566 ਦੇਹਰਾਦੂਨ - ਓਖਾ ਐਕਸਪ੍ਰੈਸ | ਸਪਤਾਹਿਕ | ਰਾਯਵਾਲਾ | 07:08 | 07:10 |
| | | ਮੋਤੀਚੂਰ | 07:24 | 07:26 |
| | | ਜਵਾਲਾਪੁਰ | 07:52 | 07:54 |
| 22659 ਕੋਚਚੁਵੇਲੀ - ਯੋਗ ਨਗਰੀ ਰਿਸ਼ੀਕੇਸ਼ ਸੁਪਰਫਾਸਟ ਐਕਸਪ੍ਰੈਸ | ਸਪਤਾਹਿਕ | ਜਵਾਲਾਪੁਰ | 12:08 | 12:10 |
| | | ਮੋਤੀਚੂਰ | 12:45 | 12:47 |
| | | ਰਾਯਵਾਲਾ | 13:00 | 13:02 |
| 22660 ਯੋਗ ਨਗਰੀ ਰਿਸ਼ੀਕੇਸ਼ - ਕੋਚਚੁਵੇਲੀ ਸੁਪਰਫਾਸਟ ਐਕਸਪ੍ਰੈਸ | ਸਪਤਾਹਿਕ | ਰਾਯਵਾਲਾ | 07:08 | 07:10 |
| | | ਮੋਤੀਚੂਰ | 07:24 | 07:26 |
| | | ਜਵਾਲਾਪੁਰ | 07:52 | 07:54 |
| 14610 ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ - ਯੋਗ ਨਗਰੀ ਰਿਸ਼ੀਕੇਸ਼ ਹੇਮਕੁੰਟ ਐਕਸਪ੍ਰੈਸ | ਹਰਰੋਜ਼ | ਜਵਾਲਾਪੁਰ | 06:48 | 06:50 |
| | | ਮੋਤੀਚੂਰ | 07:20 | 07:22 |
| 14609 ਯੋਗ ਨਗਰੀ ਰਿਸ਼ੀਕੇਸ਼ - ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਹੇਮਕੁੰਟ ਐਕਸਪ੍ਰੈਸ | ਹਰਰੋਜ਼ | ਜਵਾਲਾਪੁਰ | 18:31 | 18:33 |
| 54075 ਬਰੇਲੀ - ਦਿੱਲੀ ਸਪੈਸ਼ਲ ਪੈਸੇਂਜਰ | ਹਰਰੋਜ਼ | ਕਾਂਕਾਠੇਰ | 23:36 | 23:38 |
| 54076 ਦਿੱਲੀ - ਬਰੇਲੀ ਸਪੈਸ਼ਲ ਪੈਸੇਂਜਰ | ਹਰਰੋਜ਼ | ਕਾਂਕਾਠੇਰ | 02:40 | 02:42 |

**ਪੂਰੀ ਜਾਣਕਾਰੀ ਦੇ ਲਈ ਕ੍ਰਿਪਾ ਰੇਲਮਦਦ ਹੈਲਪਲਾਈਨ ਨੰ: 139 ਡਾਯਲਅ ਕਰੋ ਜਾਂ ਪੁਛਤਾਛ ਵੈੱਬਸਾਈਟ : www.enquiry.indianrail.gov.in ਦੇਖੋ।**

ਰੇਲਮਦਦ ਵੇਬਸਾਈਟ ਦੇਖੋ:- www.railmadad.indianrailways.gov.in ਰੇਲਮਦਦ ਏਪ ਡਾਉਨਲੋਡ ਕਰੋ

ਉਤੇ ਸਾਨੂੰ ਫਾਲੋ ਕਰੋ

**ਉੱਤਰ ਰੇਲਵੇ**
ਤੁਹਾਡੀ ਸੁਵਿਧਾ - ਸਾਡਾ ਸ਼੍ਰੇਯ
ਸਾਨੂੰ www.nr.indianrailways.gov.in ਉਤੇ ਮਿਲੋ
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਵਾਇਰਲ ਦਾ ਮੁਕਾਬਲਾ ਕਰੇ ਸਹੀ ਖਾਣ-ਪੀਣ



-ਵਾਇਰਲ ਬੁਖ਼ਾਰ ਹੋਣ 'ਤੇ ਘੱਟੋ ਘੱਟ 3 ਲੀਟਰ ਪਾਣੀ ਪੀਣਾ ਚਾਹੀਦਾ ਹੈ। ਅਦਰਕ ਵਾਲੀ ਚਾਹ ਪੀਣ ਨਾਲ ਗਲੇ ਦਾ ਦਰਦ ਕਾਫੀ ਹੱਦ ਤਕ ਠੀਕ ਹੁੰਦਾ ਹੈ ਅਤੇ ਬੁਖ਼ਾਰ ਤੋਂ ਰਾਹਤ ਮਿਲਦੀ ਹੈ। ਇਸ ਤੋਂ ਇਲਾਵਾ ਸਰ੍ਹੋਂ ਦੇ ਤੇਲ ਵਿਚ 4-5 ਲਸਣ ਦੀਆਂ ਕਲੀਆਂ ਪਾ ਕੇ ਗਰਮ ਕਰੋ। ਇਸ ਕੋਸੇ ਤੇਲ ਨਾਲ ਪੈਰਾਂ ਦੀਆਂ ਤਲੀਆਂ ਝੱਸਣ ਨਾਲ ਬੁਖ਼ਾਰ ਤੋਂ ਆਰਾਮ ਮਿਲਦਾ ਹੈ। ਸਫਾਈ ਦਾ ਵਿਸ਼ੇਸ਼ ਧਿਆਨ ਰੱਖੋ...

ਡੇਂਗੂ ਤੋਂ ਬਾਅਦ ਲੋਕਾਂ ਨੂੰ ਸਭ ਤੋਂ ਵੱਧ ਪਰੇਸ਼ਾਨ ਕਰਦਾ ਹੈ ਵਾਇਰਲ। ਵਾਇਰਲ ਕਈ ਤਰ੍ਹਾਂ ਦੇ ਇਨਫੈਕਸ਼ਨ ਕਾਰਨ ਹੁੰਦਾ ਹੈ। ਇਥੋਂ ਤਕ ਕਿ ਕਈ ਵਾਇਰਸ ਵੀ ਵਾਇਰਲ ਦਾ ਕਾਰਨ ਬਣਦੇ ਹਨ। ਵਾਇਰਲ ਦੇ ਦੌਰਾਨ ਆਮ ਤੌਰ 'ਤੇ ਚੱਕਰ ਆਉਣਾ, ਜ਼ੁਕਾਮ ਹੋਣਾ ਅਤੇ ਗਲ਼ੇ ਵਿਚ ਖ਼ਰਾਸ਼ ਵਰਗੀਆਂ ਮੁਸ਼ਕਿਲਾਂ ਆਉਣ ਲਗਦੀਆਂ ਹਨ। ਕੀ ਤੁਸੀਂ ਜਾਣਦੇ ਹੋ ਕਿ ਵਾਇਰਲ ਦੌਰਾਨ ਸਹੀ ਖਾਣ-ਪੀਣ ਨਾਲ ਨਾ ਸਿਰਫ਼ ਤੁਸੀਂ ਆਪਣਾ ਇਮਿਊਨ ਸਿਸਟਮ ਮਜ਼ਬੂਤ ਕਰ ਸਕਦੇ ਹੋ ਸਗੋਂ ਵਾਇਰਲ ਬੁਖ਼ਾਰ ਵੀ ਦੂਰ ਕਰ ਸਕਦੇ ਹੋ। ਆਓ ਜਾਣੀਏ ਕਿ ਕਿਨ੍ਹਾਂ ਸੁਪਰਫੂਡਜ਼ ਵਿਚ ਵਾਇਰਲ ਦੂਰ ਕਰਨ ਦੀ ਸਮਰੱਥਾ ਹੁੰਦੀ ਹੈ।

- ਜਦੋਂ ਤੁਸੀਂ ਕਿਸੇ ਵੀ ਵਾਇਰਸ ਤੋਂ ਪ੍ਰਭਾਵਿਤ ਹੁੰਦੇ ਹੋ ਤਾਂ ਸਭ ਤੋਂ ਵਧੀਆ ਤਰੀਕਾ ਹੁੰਦਾ ਹੈ ਉਸ ਨੂੰ ਜੜ੍ਹੋਂ ਖ਼ਤਮ ਕਰ ਦੇਣਾ। ਕਿਸੇ ਵੀ ਵਾਇਰਸ ਨੂੰ ਦੂਰ ਕਰਨ ਲਈ ਪਾਣੀ ਤੋਂ ਬਿਹਤਰ ਹੋਰ ਕੁਝ ਨਹੀਂ ਹੋ ਸਕਦਾ। ਪਾਣੀ ਜ਼ਿਆਦਾ ਮਾਤਰਾ ਵਿਚ ਪੀ ਕੇ ਤੁਸੀਂ ਸਰੀਰ 'ਚੋਂ ਜ਼ਹਿਰੀਲਾ ਮਾਦਾ ਬਾਹਰ ਕੱਢ ਸਕਦੇ ਹੋ।
- ਜੇ ਤੁਹਾਨੂੰ ਵਾਇਰਲ ਬੁਖ਼ਾਰ ਹੈ ਤਾਂ ਤੁਹਾਨੂੰ ਤੁਲਸੀ ਦਾ ਸੇਵਨ ਕਰਨਾ ਚਾਹੀਦਾ ਹੈ। ਸਵੇਰ ਦੇ ਸਮੇਂ ਇਕ ਕੱਪ ਚਾਹ ਵਿਚ ਤੁਲਸੀ ਪਾ ਕੀ ਪੀਣਾ ਚਾਹੀਦਾ ਹੈ। ਇੰਨਾ ਹੀ ਨਹੀਂ, ਤੁਲਸੀ ਦੀਆਂ ਪੱਤੀਆਂ ਨੂੰ ਪਾਣੀ ਵਿਚ ਪਾ ਕੀ ਪੀਣ ਨਾਲ ਵੀ ਕਾਫੀ ਲਾਭ ਮਿਲਦਾ ਹੈ।
- ਵਾਇਰਲ ਬੁਖ਼ਾਰ ਦੇ ਦੌਰਾਨ ਸੰਤਰੇ ਦਾ ਜੂਸ ਬਹੁਤ ਫਾਇਦਾ ਕਰਦਾ ਹੈ। ਸਰੀਰ ਨੂੰ ਮਜ਼ਬੂਤੀ ਦੇਣ ਵਿਚ ਸੰਤਰੇ ਦਾ ਜੂਸ ਬਹੁਤ ਫਾਇਦੇਮੰਦ ਹੈ। ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਵਧਾਉਣ ਲਈ ਘਰ ਵਿਚ ਸੰਤਰੇ ਦਾ ਜੂਸ ਕੱਢ ਕੇ ਪੀਓ।
- ਬਲੈਕ ਟੀ ਵਿਚ ਅਦਰਕ ਦਾ ਰਸ ਮਿਲਾ ਲਓ ਅਤੇ ਇਕ ਚਮਚ ਸ਼ਹਿਦ ਮਿਲਾਓ। ਹਲਕੇ ਗਰਮ ਪਾਣੀ ਨਾਲ ਵੀ ਅਦਰਕ ਦਾ ਰਸ ਲਿਆ ਜਾ ਸਕਦਾ ਹੈ। ਇਸ ਨਾਲ ਗਲੇ ਨੂੰ ਆਰਾਮ ਮਿਲਦਾ ਹੈ ਅਤੇ ਵਾਇਰਲ ਫੀਵਰ ਜਲਦੀ ਦੂਰ ਹੋਣ ਵਿਚ ਮਦਦ ਮਿਲਦੀ ਹੈ।
- ਵਾਇਰਲ ਹੋਣ 'ਤੇ ਥੋੜ੍ਹੀਆਂ ਉਬਲੀਆਂ ਹੋਈਆਂ ਸਬਜ਼ੀਆਂ ਨੂੰ ਬਿਨਾ ਮਸਾਲਾ ਖਾਣ ਨਾਲ ਵੀ ਲਾਭ ਮਿਲਦਾ ਹੈ। ਕਾਲੀ ਮਿਰਚ ਅਤੇ ਹਲਕਾ ਨਮਕ ਉਬਲੀਆਂ ਸਬਜ਼ੀਆਂ 'ਤੇ ਪਾ ਕੇ ਖਾਣ ਨਾਲ ਸਰੀਰ ਦਾ ਤਾਪਮਾਨ ਵੀ ਠੀਕ ਹੁੰਦਾ ਹੈ ਅਤੇ ਇਮਿਊਨ ਸਿਸਟਮ ਵੀ ਵਧਦਾ ਹੈ।
- ਵਾਇਰਲ ਬੁਖ਼ਾਰ ਨਾਲ ਪੀੜਤ ਹੋਣ 'ਤੇ ਦਲੀਆ ਖਾਣਾ ਬਹੁਤ ਫਾਇਦੇਮੰਦ ਰਹਿੰਦਾ ਹੈ। ਫਾਈਬਰ ਭਰਪੂਰ ਦਲੀਆ ਖਾਣ ਨਾਲ ਸਰੀਰ ਨੂੰ ਤਾਕਤ ਮਿਲਦੀ ਹੈ ਅਤੇ ਕਮਜ਼ੋਰੀ ਦੂਰ ਹੁੰਦੀ ਹੈ।
- ਐਂਟੀਆਕਸੀਡੈਂਟ ਨਾਲ ਭਰਪੂਰ ਕਿਸ਼ਮਿਸ਼ ਖਾਣੀ ਚਾਹੀਦੀ ਹੈ। ਇਸ ਨਾਲ ਸਰੀਰ ਵਿਚ ਮੌਜੂਦ ਇਨਫੈਕਸ਼ਨ ਨਾਲ ਲੜਨ ਵਿਚ ਮਦਦ ਮਿਲਦੀ ਹੈ।
- ਲਸਣ ਨੂੰ ਖਾਣੇ ਵਿਚ ਜ਼ਿਆਦਾ ਸ਼ਾਮਿਲ ਕਰਨ ਨਾਲ ਇਨਫੈਕਸ਼ਨ ਦਾ ਅਸਰ ਖ਼ਤਮ ਹੁੰਦਾ ਹੈ।
- ਪੁਦੀਨੇ ਦੇ ਸੇਵਨ ਨਾਲ ਵੀ ਬੁਖ਼ਾਰ ਵਿਚ ਆਰਾਮ ਮਿਲਦਾ ਹੈ। ਇਸ ਨਾਲ ਇਮਿਊਨ ਸਿਸਟਮ ਵੀ ਵਧਦਾ ਹੈ ਅਤੇ ਕੁਦਰਤੀ ਤਰੀਕੇ ਨਾਲ ਇਨਫੈਕਸ਼ਨ ਦਾ ਅਸਰ ਖ਼ਤਮ ਕੀਤਾ ਜਾ ਸਕਦਾ ਹੈ।
- ਸਬਜ਼ੀਆਂ ਦਾ ਸੂਪ ਪੀਣ ਜਾਂ ਪ੍ਰੋਟੀਨ ਅਤੇ ਵਿਟਾਮਿਨ ਭਰਪੂਰ ਫਲ ਖਾਣ ਨਾਲ ਵੀ ਬੁਖ਼ਾਰ ਨੂੰ ਆਸਾਨੀ ਨਾਲ ਦੂਰ ਕੀਤਾ ਜਾ ਸਕਦਾ ਹੈ।
- ਦੋ ਤਿੰਨ ਲੌਂਗ ਪੀਹ ਕੇ ਪਾਊਡਰ ਬਣਾ ਲਓ। ਇਕ ਚਮਚ ਸ਼ਹਿਦ ਲਓ ਅਤੇ ਉਸ ਵਿਚ ਲੌਂਗ ਦਾ ਪਾਊਡਰ ਮਿਲਾ ਕੇ ਦਿਨ ਵਿਚ 3 ਵਾਰ ਲਓ।

• ਫ਼ੀਚਰ ਡੈਸਕ

# ਬਰਸਾਤ 'ਚ ਬਚੋ ਬੈਕਟੀਰੀਅਲ ਇਨਫੈਕਸ਼ਨ ਤੋਂ

ਬਰਸਾਤ ਦੀਆਂ ਝੜੀਆਂ ਮੌਸਮ ਨੂੰ ਖ਼ੁਸ਼ਗਵਾਰ ਬਣਾ ਰਹੀਆਂ ਹਨ। ਪਰ ਹੁੰਮਸ ਭਰਿਆ ਇਹ ਮੌਸਮ ਚਮੜੀ ਸਬੰਧੀ ਕਈ ਰੋਗਾਂ ਨੂੰ ਵੀ ਨਾਲ ਲੈ ਕੇ ਆਉਂਦਾ ਹੈ। ਮਾਨਸੂਨ ਵਿਚ ਕਈ ਲੋਕਾਂ ਨੂੰ ਖਾਜ, ਫੋੜੇ ਫਿਨਸੀਆਂ ਜਾਂ ਤੇਲਯੁਕਤ ਚਮੜੀ ਵਰਗੀਆਂ ਸਮੱਸਿਆਵਾਂ ਆਮ ਦੇਖਣ ਨੂੰ ਮਿਲਦੀਆਂ ਹਨ ਪਰ ਬੈਕਟੀਰੀਅਲ ਅਤੇ ਫੰਗਲ ਇਨਫੈਕਸ਼ਨ ਸਭ ਤੋਂ ਵੱਧ ਪਰੇਸ਼ਾਨੀ ਦਾ ਕਾਰਨ ਬਣਦੇ ਹਨ ਅਤੇ ਸਮੇਂ ਸਿਰ ਇਸ 'ਤੇ ਕਾਬੂ ਨਾ ਪਾਇਆ ਜਾਵੇ ਤਾਂ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਜਾਂਦੀ ਹੈ।

ਚਮੜੀ ਰੋਗ ਮਾਹਿਰਾਂ ਇਸ ਸਮੱਸਿਆ ਤੋਂ ਬਚਣ ਲਈ ਸਲਾਹ ਦਿੰਦੇ ਹਨ ਕਿ ਫੰਗਲ ਇਨਫੈਕਸ਼ਨ ਦਾ ਸਭ ਤੋਂ ਆਮ ਕਾਰਨ ਸਫਾਈ ਦੀ ਕਮੀ ਹੈ। ਜਿਸ ਕਾਰਨ ਚਮੜੀ ਲਾਲ ਹੋਣਾ ਜਾਂ ਸੁੱਜਣਾ ਅਤੇ ਵਾਲਾਂ ਵਿਚ ਸਿੱਕਰੀ ਵਰਗੀ ਸਮੱਸਿਆ ਆਮ ਹੁੰਦੀ ਹੈ। ਸਾਧਾਰਨ ਫੰਗਲ ਇਨਫੈਕਸ਼ਨ ਦੇ ਮੁਕਾਬਲੇ ਖੋਪੜੀ ਦੀ ਚਮੜੀ ਵਿਚ ਇਨਫੈਕਸ਼ਨ ਦੇ ਲੱਛਣ ਕੁਝ ਵੱਖਰੇ ਹੁੰਦੇ ਹਨ। ਇਸ ਲਈ ਸਿਰ 'ਤੇ ਸਿੱਕਰੀ ਹੁੰਦਿਆਂ ਹੀ ਜਲਦੀ ਤੋਂ ਜਲਦੀ ਮਾਹਿਰ ਡਾਕਟਰ ਦੀ ਮਦਦ ਲਓ। ਜੇਕਰ ਇਸ ਦਾ ਸਮੇਂ ਸਿਰ ਇਲਾਜ ਸ਼ੁਰੂ ਨਾ ਕੀਤਾ ਜਾਵੇ ਤਾਂ ਵਾਲ ਝੜ ਸਕਦੇ ਹਨ ਅਤੇ ਸਮੱਸਿਆ ਵਧ ਸਕਦੀ ਹੈ।

### ਉਪਾਅ

- ਸਫ਼ਾਈ ਦਾ ਵੱਧ ਤੋਂ ਵੱਧ ਖਿਆਲ ਰੱਖੋ।
- ਬਾਹਰ ਦੇ ਤਲੇ ਭੋਜਨ ਤੋਂ ਪਰਹੇਜ਼ ਕਰੋ।
- ਵਾਲਾਂ ਨੂੰ ਹਫ਼ਤੇ ਵਿਚ ਘੱਟ ਤੋਂ ਘੱਟ ਦੋ ਵਾਰ ਜ਼ਰੂਰ ਧੋਵੋ।
- ਲੋੜ ਪੈਣ 'ਤੇ ਸਹੀ ਫੰਗਲ ਰੋਧਕ ਉਤਪਾਦ ਦੀ ਵਰਤੋਂ ਕਰੋ।
- ਨਹਾਉਣ ਲਈ ਐਂਟੀ ਬੈਕਟਰੀਅਲ ਸਾਬਣ ਦੀ ਵਰਤੋਂ ਕਰੋ।
- ਹੋ ਸਕੇ ਤਾਂ ਹਰਬਲ ਉਤਪਾਦਾਂ ਦੀ ਵਰਤੋਂ ਕਰੋ।
- ਸਮੱਸਿਆ ਹੋਣ 'ਤੇ ਆਪਣੇ ਤੌਰ 'ਤੇ ਦਵਾਈ ਖਾਣ ਤੋਂ ਬਚੋ ਅਤੇ ਮਾਹਿਰ ਡਾਕਟਰ ਤੋਂ ਇਲਾਜ ਸ਼ੁਰੂ ਕਰਾਓ।

### ਉਪਾਅ

ਸਿਰ ਦੀ ਚਮੜੀ ਵਿਚ ਇਨਫੈਕਸਨ ਤੋਂ ਬਚਾਅ ਅਤੇ ਇਲਾਜ ਬਾਰੇ ਡਾਕਟਰਾਂ ਦਾ ਕਹਿਣਾ ਹੈ ਕਿ ਸਿਰ ਨੂੰ ਸੁੱਕਾ ਰੱਖਣਾ ਚਾਹੀਦਾ ਹੈ। ਬਰਸਾਤ ਵਿਚ ਭਿੱਜਣ ਤੋਂ ਬਾਅਦ ਜੇਕਰ ਵਾਲ਼ਾਂ ਨੂੰ ਜਲਦੀ ਨਾ ਸੁਕਾਇਆ ਜਾਵੇ ਤਾਂ ਵਾਲਾਂ ਵਿਚ ਨਮੀ ਰਹਿਣ ਕਾਰਨ ਫੰਗਲ ਇਨਫੈਕਸ਼ਨ ਦਾ ਖ਼ਤਰਾ ਬਣ ਸਕਦਾ ਹੈ। ਮਾਨਸੂਨ ਵਿਚ ਫੰਗਲ ਇਨਫੈਕਸ਼ਨ ਤੋਂ ਬਚਣ ਦਾ ਸਭ ਤੋਂ ਵਧੀਆ ਤਰੀਕਾ ਸਫਾਈ ਹੈ। ਲੋੜ ਪੈਣ 'ਤੇ ਫੰਗਲ ਰੋਕੂ ਅਤੇ ਐਂਟੀ ਬੈਕਟੀਰੀਅਲ ਪਾਊਡਰ ਦੀ ਵਰਤੋਂ ਵੀ ਫਾਇਦੇਮੰਦ ਰਹਿੰਦੀ ਹੈ।



### ਕਿਉਂ ਫੈਲਦੇ ਹਨ ਕੀਟਾਣੂੰ

ਬਰਸਾਤ ਨਾਲ ਵਾਤਾਵਰਣ ਦੇ ਤਾਪਮਾਨ 'ਚ ਤਬਦੀਲੀ ਆਉਂਦੀ ਹੈ। ਹਵਾ ਵਿਚ ਨਮੀ ਦੀ ਮਾਤਰਾ ਵਧ ਜਾਂਦੀ ਹੈ। ਨਮੀ ਕਾਰਨ ਚਮੜੀ 'ਤੇ ਇਸ ਦਾ ਸਿੱਧਾ ਅਸਰ ਪੈਂਦਾ ਹੈ। ਇਸ ਮੌਸਮ ਵਿਚ ਚਮੜੀ ਸਬੰਧੀ ਰੋਗ, ਇਨਫੈਕਸ਼ਨ ਅਤੇ ਜਲਣ ਆਦਿ ਦਾ ਖ਼ਤਰਾ 10 ਗੁਣਾ ਵਧ ਜਾਂਦਾ ਹੈ ਇਸ ਦੌਰਾਨ ਹਵਾ ਵਿਚ ਮੌਜੂਦ ਨਮੀ ਸਰੀਰ ਵਿਚ ਤੇਲ ਦੀ ਮਾਤਰਾ ਵਧਾਉਂਦੀ ਹੈ।

# ਦਸਤਾਂ ਦੌਰਾਨ ਕੀ ਕਰੀਏ ?

ਪੰਜਾਬ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਦਸਤ ਰੋਗ ਦੀ ਰੋਕਥਾਮ ਸਬੰਧੀ 10 ਤੋਂ 24 ਜੁਲਾਈ ਤੀਕ ਦਾ ਸਮਾਂ 'ਦਸਤ ਰੋਕੂ ਪੰਦਰਵਾੜੇ' ਦੇ ਤੌਰ 'ਤੇ ਮਨਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਦਾ ਉੱਦੇਸ਼ ਆਮ ਲੋਕਾਂ ਨੂੰ ਦਸਤ ਰੋਗ ਤੋਂ ਬਚਾਅ, ਹੱਥਾਂ ਦੀ ਉਚਿਤ ਸਾਫ਼-ਸਫਾਈ ਅਤੇ ਓਆਰਐੱਸ ਘੋਲ ਨੂੰ ਕਿਵੇਂ ਤਿਆਰ ਕਰਨਾ ਹੈ ਸੰਬੰਧੀ ਜਾਗਰੂਕ ਕਰਨਾ ਹੈ। ਇਸ ਤੋਂ ਇਲਾਵਾ ਸਿਹਤ ਕਰਮੀਆਂ ਵੱਲੋਂ 5 ਸਾਲ ਤੀਕ ਦੇ ਬੱਚਿਆਂ ਲਈ ਓਆਰਐੱਸ ਦੇ ਪੈਕਟ ਵੰਡੇ ਜਾਣਗੇ ਅਤੇ ਪ੍ਰਭਾਵਿਤ ਬੱਚਿਆਂ ਨੂੰ ਜ਼ਿੰਕ ਦੀਆਂ ਗੋਲੀਆਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ। ਗਰਮੀਆਂ ਅਤੇ ਬਰਸਾਤਾਂ ਦੇ ਮੌਸਮ 'ਚ ਦਸਤ ਰੋਗ ਭਾਈਚਾਰੇ ਲਈ ਇੱਕ ਸਿਹਤ ਸਮੱਸਿਆ ਪੈਦਾ ਕਰਦਾ ਹੈ। ਭਾਰਤ ਵਿੱਚ ਨਵਜਾਤਾਂ ਅਤੇ 5 ਸਾਲ ਤੀਕ ਦੇ ਬੱਚਿਆਂ ਦੀਆਂ ਮੌਤਾਂ ਲਈ ਜ਼ਿੰਮੇਵਾਰ ਮੁੱਖ ਪੰਜ ਬਿਮਾਰੀਆਂ ਵਿੱਚ ਦਸਤ ਵੀ ਸ਼ਾਮਲ ਹੈ। ਦਸਤਾਂ ਨਾਲ ਸੰਬੰਧਿਤ ਬਹੁਤੀਆਂ ਮੌਤਾਂ ਨਿਰਜਲੀਕਰਨ ਕਾਰਣ ਹੋ ਜਾਂਦੀਆਂ ਹਨ ਪਰੰਤੂ ਮੌਤ ਦਰ ਨੂੰ ਮੂੰਹ ਰਾਹੀਂ ਪੁਨਰ ਜਲੀਕਰਨ ਓਰਲ ਰੀਹਾਈਡਰੇਸ਼ਨ ਥੈਰਪੀ ਨਾਲ ਘਟਾਇਆ ਜਾ ਸਕਦਾ ਹੈ। ਦਸਤਾਂ ਦੀ ਇਹ ਮਾਰ ਅਪੂਰਣ ਖ਼ੁਰਾਕ ਲੈਣ ਵਾਲੇ ਬੱਚਿਆਂ 'ਤੇ ਵੱਧ ਪੈਂਦੀ ਹੈ।

ਆਮ ਆਦਮੀ ਦਿਹਾੜੀ ਵਿੱਚ 1-2 ਵਾਰ ਪਾਖ਼ਾਨਾ ਜਾਂਦਾ ਹੈ। ਪਾਖ਼ਾਨੇ ਰਸਤੇ ਆਮ ਨਾਲੋਂ ਜ਼ਿਆਦਾ ਪਤਲਾ ਜਾਂ ਪਾਣੀ ਵਰਗਾ ਮਲ ਵਾਰ-ਵਾਰ ਨਿਕਲਣ ਨੂੰ ਦਸਤ ਕਹਿੰਦੇ ਹਨ। ਕਿਸੇ ਵਾਇਰਲ, ਬੈਕਟੀਰੀਅਲ ਜਾਂ ਪਰਜੀਵੀ ਇਨਫੈੱਕਸ਼ਨ ਕਾਰਨ ਦਸਤ ਰੋਗ ਹੋ ਸਕਦਾ ਹੈ। ਇਸ ਤੋਂ ਇਲਾਵਾ ਦੂਸ਼ਿਤ ਪਾਣੀ ਪੀਣ, ਗੰਦੇ ਹੱਥਾਂ ਨਾਲ ਖਾਣਾ ਖਾਣ, ਅਣ-ਢੱਕੀਆਂ ਚੀਜ਼ਾਂ ਖਾਣ ਜਾਂ ਬੇਹਾ ਖਾਣਾ ਖਾਣ ਨਾਲ ਵੀ ਦਸਤ ਰੋਗ ਹੋ ਸਕਦਾ ਹੈ। ਬੋਤਲ ਰਾਹੀਂ ਦੁੱਧ ਪੀਣ ਵਾਲੇ ਬੱਚਿਆਂ ਵਿੱਚ ਇਹ ਰੋਗ ਜ਼ਿਆਦਾ ਹੁੰਦਾ ਹੈ। ਦਸਤ ਜੇਕਰ ਜ਼ਿਆਦਾ ਹੋ ਜਾਣ ਤਾਂ ਕਿਸੇ ਵੀ ਵਿਅਕਤੀ ਅੰਦਰ ਖ਼ਾਸ ਤੌਰ 'ਤੇ ਬੱਚਿਆਂ ਅੰਦਰ ਪਾਣੀ ਦੀ ਘਾਟ ਹੋਣ ਕਾਰਣ ਅਤਿਅੰਤ ਨਿਰਜਲੀਕਰਨ ਹੋ ਸਕਦਾ ਹੈ ਅਤੇ ਲਾਪਰਵਾਹੀ ਕਾਰਣ ਹਾਲਤ ਜਾਨਲੇਵਾ ਵੀ ਹੋ ਸਕਦੀ ਹੈ। ਦਸਤਾਂ ਨਾਲ ਜੇਕਰ ਉਲਟੀਆਂ ਲੱਗੀਆਂ ਹੋਣ, ਮਰੋੜ, ਬੁਖ਼ਾਰ ਹੋਵੇ, ਮਲ ਵਿੱਚ ਲਹੂ ਅਤੇ ਲੇਸ ਹੋਵੇ ਜਾਂ ਦਸਤ ਰੋਗ ਜ਼ਿਆਦਾ ਵੱਧ ਗਿਆ ਹੋਵੇ ਤਾਂ ਛੇਤੀ ਹੀ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ।

### ਚਿੰਨ੍ਹ ਅਤੇ ਲੱਛਣ :

- ਪੇਟ ਦਰਦ, ਪਿਆਸ ਲੱਗਣੀ ਅਤੇ ਬੇਚੈਨੀ।
- ਸਰੀਰ 'ਚ ਪਾਣੀ ਅਤੇ ਰਸਾਇਣਾਂ ਦੀ ਕਮੀ ਹੋਣਾ।
- ਵਾਰ-ਵਾਰ ਪਤਲਾ ਜਾਂ ਪਾਣੀ ਵਰਗਾ ਮਲ ਤਿਆਗ ਕਰਨਾ।
- ਨਿਰਜਲੀਕਰਨ, ਚਿਹਰਾ ਮੁਰਝਾ ਜਾਣਾ, ਚਮੜੀ ਦਾ ਲਚਕੀਲਾਪਣ ਖ਼ਤਮ ਹੋ ਜਾਣਾ, ਕਮਜ਼ੋਰੀ ਅਤੇ ਚਿੜਚਿੜਾਪਣ।

10 ਤੋਂ 24 ਜੁਲਾਈ ਤੀਕ ਦਾ ਸਮਾਂ 'ਦਸਤ ਰੋਕੂ ਪੰਦਰਵਾੜੇ' ਦੇ ਤੌਰ 'ਤੇ ਮਨਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਦਾ ਉੱਦੇਸ਼ ਆਮ ਲੋਕਾਂ ਨੂੰ ਦਸਤ ਰੋਗ ਤੋਂ ਬਚਾਅ, ਹੱਥਾਂ ਦੀ ਉਚਿਤ ਸਾਫ਼-ਸਫਾਈ ਅਤੇ ਓਆਰਐੱਸ ਘੋਲ ਤਿਆਰ ਕਰਨ ਸੰਬੰਧੀ ਜਾਗਰੂਕ ਕਰਨਾ ਹੈ। ਦਸਤਾਂ ਦੀ ਇਹ ਮਾਰ ਅਪੂਰਣ ਖ਼ੁਰਾਕ ਲੈਣ ਵਾਲੇ ਬੱਚਿਆਂ 'ਤੇ ਵੱਧ ਪੈਂਦੀ ਹੈ।



### ਸਫ਼ਾਈ ਰੱਖੋ

ਦੂਸ਼ਿਤ ਖਾਧ ਪਦਾਰਥ ਅਤੇ ਪਾਣੀ ਨਾ ਵਰਤੋ। ਘਰ 'ਚ ਤਿਆਰ ਕੀਤਾ ਸਾਫ਼ ਪੌਸ਼ਟਿਕ ਭੋਜਨ ਹੀ ਖਾਓ। ਪੀਣ ਲਈ ਉਬਾਲ ਕੇ ਠੰਢੇ ਕੀਤੇ, ਕਲੋਰੀਨੇਟਡ ਜਾਂ ਫਿਲਟਰਡ ਪਾਣੀ ਦੀ ਵਰਤੋਂ ਨਾਲ ਕਈ ਪਰੇਸ਼ਾਨੀਆਂ ਤੋਂ ਬਚਿਆ ਜਾ ਸਕਦਾ ਹੈ। ਖਾਣ ਪੀਣ ਵਾਲੀਆਂ ਚੀਜ਼ਾਂ ਨੂੰ ਸਾਫ਼-ਸੁਥਰੇ ਭਾਂਡੇ ਵਿੱਚ ਢੱਕ ਕੇ ਰੱਖੋ ਤਾਂ ਜੋ ਇਹਨਾਂ 'ਤੇ ਧੂੜ ਮਿੱਟੀ, ਮੱਛਰ ਜਾਂ ਮੱਖੀਆਂ ਨਾ ਬੈਠ ਸਕਣ। ਤਲੀਆਂ ਤੇਜ਼ ਮਸਾਲੇਦਾਰ ਚੀਜ਼ਾਂ ਤੋਂ ਪਰਹੇਜ਼ ਕਰੋ।

- ਅਤਿਅੰਤ ਪਾਣੀ ਦੀ ਕਮੀ ਕਾਰਨ ਬੇਹੋਸ਼ੀ ਵੀ ਹੋ ਸਕਦੀ ਹੈ।

### ਮੁੱਢਲੀ ਸਹਾਇਤਾ ਅਤੇ ਸਾਵਧਾਨੀਆਂ

- ਰੋਗੀ ਨੂੰ ਬਿਸਤਰ 'ਚ ਆਰਾਮ ਕਰਨਾ ਚਾਹੀਦਾ ਹੈ।
- ਦਸਤ ਰੋਗ ਸ਼ੁਰੂ ਹੋਣ 'ਤੇ ਛੇਤੀ ਹੀ ਮੂੰਹ ਰਸਤੇ ਪੀਣ ਲਈ ਪਾਣੀ ਅਤੇ ਤਰਲ ਪਦਾਰਥ ਦੇਣੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਕਿਉਂਕਿ ਸਰੀਰ ਵਿੱਚੋਂ ਤਰਲ ਨਿਕਲਣ ਨਾਲ ਨਿਰਜਲੀਕਰਨ ਦਾ ਖ਼ਤਰਾ ਬਣਿਆ ਰਹਿੰਦਾ ਹੈ। ਦੁਨੀਆ ਦੇ ਗ਼ਰੀਬ ਅਤੇ ਵਿਕਾਸਸ਼ੀਲ ਦੇਸ਼ਾਂ 'ਚ ਵਿਸ਼ਵ ਸਿਹਤ ਸੰਸਥਾ ਦੀ ਸਲਾਹ 'ਤੇ ਮੂੰਹ ਰਾਹੀਂ ਪੁਨਰ ਜਲੀਕਰਨ (ਓਰਲ ਰੀਹਾਈਡਰੇਸ਼ਨ ਥੈਰਪੀ) ਦੇਣਾ ਇੱਕ ਸਸਤਾ ਅਤੇ ਆਸਾਨ ਢੰਗ ਹੈ ਅਤੇ ਘਰ ਵਿੱਚ ਹੀ ਸ਼ੁਰੂ ਕੀਤਾ ਜਾ ਸਕਦਾ ਹੈ।
- ਪਾਣੀ ਅਤੇ ਰਸਾਇਣਾਂ ਦੀ ਕਮੀਂ ਪੂਰੀ ਕਰਨ ਲਈ ਪਾਣੀ 'ਚ ਘੋਲਣ ਲਈ ਦਵਾਈਆਂ ਦੀਆਂ ਦੁਕਾਨਾਂ ਤੋਂ ਰਸਾਇਣ, ਖੰਡ ਅਤੇ ਨਮਕ ਮਿਸ਼ਰਣ (ਓਆਰਐੱਸ) ਦੇ ਬੰਦ ਪੈਕਟ ਤਿਆਰ ਮਿਲਦੇ ਹਨ। ਜਿਹਨਾਂ ਨੂੰ ਇੱਕ ਲੀਟਰ ਸਾਫ਼ ਪਾਣੀ ਅਤੇ ਸਾਫ਼ ਬਰਤਨ ਵਿੱਚ ਚੰਗੀ ਤਰ੍ਹਾਂ ਘੋਲ ਕੇ ਥੋੜ੍ਹਾ-ਥੋੜ੍ਹਾ ਲੈਣਾ ਚਾਹੀਦਾ ਹੈ। ਸਮੇਂ ਸਿਰ ਓਆਰਐੱਸ ਘੋਲ ਪਿਲਾਉਣ ਨਾਲ ਜਿੱਥੇ ਨਿਰਜਲੀਕਰਨ ਤੋਂ ਬਚਿਆ ਜਾ ਸਕਦਾ ਹੈ, ਉੱਥੇ ਮੌਤ ਅਤੇ ਸਬੰਧਿਤ ਸਮੱਸਿਆਵਾਂ ਤੋਂ ਵੀ ਬਚਾਅ ਹੋ ਜਾਂਦਾ ਹੈ।
- ਦਸਤਾਂ ਦੌਰਾਨ ਓਆਰਐੱਸ ਘੋਲ ਦੇ ਨਾਲ ਨਾਲ ਡਾਕਟਰੀ ਹਦਾਇਤਾਂ ਅਨੁਸਾਰ ਜ਼ਿੰਕ ਦੀਆਂ ਗੋਲੀਆਂ ਦੀ ਖ਼ੁਰਾਕ ਵੀ ਦਿਓ।
- ਘਰ ਵਿੱਚ ਓਆਰਐੱਸ ਦਾ ਘੋਲ ਤਿਆਰ ਕਰਨਾ ਹੋਵੇ ਤਾਂ ਪਹਿਲਾਂ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਧੋਅ ਲਓ। ਇੱਕ ਲੀਟਰ ਸਾਫ਼ ਪਾਣੀ ਨੂੰ ਉਬਾਲਣ ਉਪਰੰਤ ਠੰਢਾ ਕਰ ਲਿਆ ਜਾਵੇ। ਇਸ ਵਿੱਚ 6 ਛੋਟੇ ਚਮਚੇ ਚੀਨੀ ਅਤੇ ਅੱਧਾ ਚਮਚਾ ਲੂਣ ਪਾ ਕੇ ਇਹ ਘੋਲ ਤਿਆਰ ਕੀਤਾ ਜਾ ਸਕਦਾ ਹੈ। ਰੋਗੀ ਨੂੰ ਇਹ ਘੋਲ਼ ਥੋੜ੍ਹਾ-ਥੋੜ੍ਹਾ ਪੀਣ ਨੂੰ ਦਿੰਦੇ ਰਹੋ। ਦਸਤਾਂ ਉਲਟੀਆਂ ਦੀ ਹਾਲਤ ਵਿੱਚ ਨਿਰਜਲੀਕਰਨ ਅਤੇ ਰਸਾਇਣਾਂ ਦੀ ਪੂਰਤੀ ਲਈ ਖ਼ਾਸ ਕਰਕੇ ਬੱਚਿਆਂ ਨੂੰ ਸ਼ੁਰੂ ਵਿੱਚ ਘਰੇਲੂ ਇਲਾਜ ਦੇ ਤੌਰ 'ਤੇ ਦੇਣਾ ਲਾਭਕਾਰੀ ਹੁੰਦਾ ਹੈ।
- ਬਣੇ ਹੋਏ ਓਆਰਐੱਸ ਘੋਲ ਨੂੰ 24 ਘੰਟਿਆਂ ਦੇ ਅੰਦਰ ਅੰਦਰ ਇਸਤੇਮਾਲ ਕਰ ਲਓ।
- ਜਦੋਂ ਕੋਈ ਬੱਚਾ ਮਾਂ ਦਾ ਦੁੱਧ ਪੀਂਦਾ ਹੋਵੇ ਤਾਂ ਇਹ ਜ਼ਰੂਰੀ ਹੈ ਕਿ ਬੱਚੇ ਨੂੰ ਦਸਤਾਂ ਦੌਰਾਨ ਵੀ ਮਾਵਾਂ ਆਪਣਾ ਦੁੱਧ ਲਗਾਤਾਰ ਦਿੰਦੀਆਂ ਰਹਿਣ। ਦਸਤ ਵਾਲੇ ਬੱਚੇ ਨੂੰ ਉਪਰੀ ਆਹਾਰ ਦੇਣਾ ਵੀ ਜ਼ਰੂਰੀ ਹੈ।
- ਡਾਕਟਰ ਦੀ ਸਲਾਹ ਤੋਂ ਬਿਨਾਂ ਦਸਤ ਰੋਕਣ ਲਈ ਕੋਈ ਵੀ ਦਵਾਈ ਆਪੇ ਨਾ ਲਓ/ ਨਾ ਦਿਓ।
- ਹੱਥਾਂ ਦੀ ਸਫ਼ਾਈ ਦਾ ਵਿਸ਼ੇਸ਼ ਖ਼ਿਆਲ ਰੱਖਿਆ ਜਾਵੇ। ਖਾਣਾ ਜਾਂ ਫਿਰ ਕੋਈ ਵੀ ਹੋਰ ਚੀਜ਼ ਖਾਣ/ਪਕਾਉਣ ਤੋਂ ਪਹਿਲਾਂ ਅਤੇ ਬੱਚੇ ਦਾ ਮਲ ਸਾਫ਼ ਕਰਨ ਦੇ ਬਾਅਦ ਆਪਣੇ ਹੱਥਾਂ ਦੀ ਸਾਬਣ ਪਾਣੀ ਨਾਲ ਚੰਗੀ ਤਰ੍ਹਾਂ ਧੁਆਈ ਕਰ ਲੈਣੀ ਚਾਹੀਦੀ ਹੈ।
- ਬੱਚੇ ਦੇ ਮਲ ਦਾ ਤੁਰੰਤ ਨਿਪਟਾਰਾ ਕਰੋ ਅਤੇ ਸਾਫ਼-ਸਫ਼ਾਈ ਦਾ ਧਿਆਨ ਰੱਖੋ।
- ਸਾਫ਼ ਸੁਥਰੇ ਪਾਖ਼ਾਨਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ।
- ਦੂਸ਼ਿਤ ਖਾਧ ਪਦਾਰਥ ਅਤੇ ਪਾਣੀ ਨਾ ਵਰਤੋ। ਘਰ 'ਚ ਤਿਆਰ ਕੀਤਾ ਸਾਫ਼ ਪੌਸ਼ਟਿਕ ਭੋਜਣ ਹੀ ਖਾਓ। ਪੀਣ ਲਈ ਉਬਾਲ ਕੇ ਠੰਢੇ ਕੀਤੇ, ਕਲੋਰੀਨੇਟਡ ਜਾਂ ਫਿਲਟਰਡ ਪਾਣੀ ਦੀ ਵਰਤੋਂ ਨਾਲ ਕਈ ਪਰੇਸ਼ਾਨੀਆਂ ਤੋਂ ਬਚਿਆ ਜਾ ਸਕਦਾ ਹੈ। ਖਾਣ ਪੀਣ ਵਾਲੀਆਂ ਚੀਜ਼ਾਂ ਨੂੰ ਸਾਫ਼-ਸੁਥਰੇ ਭਾਂਡੇ ਵਿੱਚ ਢੱਕ ਕੇ ਰੱਖੋ ਤਾਂ ਜੋ ਇਹਨਾਂ 'ਤੇ ਧੂੜ ਮਿੱਟੀ, ਮੱਛਰ ਜਾਂ ਮੱਖੀਆਂ ਨਾ ਬੈਠ ਸਕਣ।
- ਆਲੇ ਦੁਆਲੇ ਦੀ ਸਾਫ਼-ਸਫਾਈ ਅਤੇ ਖਾਣ-ਪੀਣ ਵਾਲੀਆਂ ਚੀਜ਼ਾਂ ਨੂੰ ਚੰਗੀ ਤਰ੍ਹਾਂ ਵਗਦੇ ਪਾਣੀ ਹੇਠਾਂ ਧੋਤਾ ਜਾਵੇ। ਬਜ਼ਾਰੂ ਅਣਢਕੀਆਂ ਚੀਜ਼ਾਂ ਖਾਣ ਤੋਂ ਬਚੋ।
- ਗਲੇ-ਸੜੇ ਫਲ ਸਬਜ਼ੀਆਂ ਅਤੇ ਘਟੀਆ ਕੁਆਲਟੀ ਦੇ ਜੂਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਤਲੀਆਂ ਤੇਜ਼ ਮਸਾਲੇਦਾਰ ਚੀਜ਼ਾਂ ਤੋਂ ਪਰਹੇਜ਼ ਕਰੋ।

ਅਜਿਹੇ ਛੋਟੇ-ਛੋਟੇ ਉਪਾਅ ਅਤੇ ਸਸਤੇ ਤਰੀਕਿਆਂ ਨਾਲ ਅਸੀਂ ਦਸਤ ਰੋਗ ਤੋਂ ਖ਼ੁਦ ਅਤੇ ਆਪਣੇ ਭਾਈਚਾਰੇ ਦਾ ਕਾਫੀ ਹੱਦ ਤੀਕ ਬਚਾਅ ਕਰ ਸਕਦੇ ਹਾਂ। ਦਸਤ ਰੋਗ ਤੋਂ ਬਚਾਅ ਸੰਬੰਧੀ ਜਾਣਕਾਰੀ ਸਮਾਜ ਦੇ ਹਰ ਵਰਗ ਦੇ ਲੋਕਾਂ ਤੀਕ ਪਹੁੰਚਾਈ ਜਾਣੀ ਚਾਹੀਦੀ ਹੈ।

• ਨਰੇਸ਼ ਪਠਾਣੀਆ
98557-00157

# ਯੋਗ ਨਾਲ ਜ਼ਰੂਰੀ ਹੈ ਸਹੀ ਭੋਜਨ




ਅਕਸਰ ਦੇਖਿਆ ਗਿਆ ਹੈ ਕਿ ਆਮ ਲੋਕਾਂ ਨੂੰ ਇਹ ਜਾਣਕਾਰੀ ਨਹੀ ਹੁੰਦੀ ਕਿ ਅਸੀ ਆਪਣੀ ਸਿਹਤ ਨੂੰ ਤੰਦਰੁਸਤ ਅਤੇ ਰੋਗਾਂ ਤੋ ਦੂਰ ਰੱਖਣ ਲਈ ਕੀ ਕਰਨਾ ਹੁੰਦਾ ਹੈ। ਅਸੀ ਤਰ੍ਹਾਂ ਤਰ੍ਹਾਂ ਦੀਆਂ ਕਸਰਤਾਂ ਅਤੇ ਯੋਗ ਦਾ ਸਹਾਰਾ ਲੈ ਕੇ ਸ਼ਰੀਰ ਨੂੰ ਠੀਕ ਕਰਨ ਵਿੱਚ ਲੱਗ ਜਾਂਦੇ ਹਾਂ ਪਰ ਸਾਨੂੰ ਇਹ ਜਾਣਕਾਰੀ ਨਹੀਂ ਹੁੰਦੀ ਕਿ ਅਸੀਂ ਖਾਣ-ਪਾਣ ਕਿਸ ਤਰ੍ਹਾਂ ਦਾ ਕਰਨਾ ਹੁੰਦਾ ਹੈ, ਕਿਉਂਕਿ ਯੋਗ ਜਾਂ ਹੋਰ ਕਸਰਤਾਂ ਦੇ ਨਾਲ ਨਾਲ ਖਾਣ-ਪਾਣ ਦਾ ਵੱਡਾ ਰੋਲ ਹੈ। ਖਾਣ-ਪਾਣ ਹੀ ਸਾਡੀ ਸਿਹਤ ਨੂੰ ਠੀਕ ਅਤੇ ਖ਼ਰਾਬ ਕਰਦਾ ਹੈ। ਕਈ ਵਾਰ ਦੇਖਿਆ ਗਿਆ ਹੈ ਕਿ ਸਰੀਰਕ ਕਸਰਤਾਂ ਕਰਨ ਤੋ ਬਾਅਦ ਅਸੀਂ ਖਾਣ-ਪਾਣ ਦਾ ਜ਼ਿਆਦਾ ਧਿਆਨ ਨਹੀਂ ਰੱਖਦੇ। ਅਸੀਂ ਇਹ ਸੋਚਦੇ ਹਾਂ ਕਿ ਹੁਣ ਤਾਂ ਅਸੀਂ ਸਰੀਰਕ ਕਸਰਤਾਂ ਸ਼ੁਰੂ ਕਰ ਦਿੱਤੀਆ ਹਨ, ਹੁਣ ਅਸੀਂ ਜਿਹੋ ਜਿਹਾ ਮਰਜ਼ੀ ਖਾਣ-ਪਾਣ ਖਾਈਏ। ਅੱਜ ਤੋਂ ਤਕਰੀਬਨ 20 ਸਾਲ ਪਹਿਲਾਂ ਲੋਕ ਸਰੀਰਕ ਕੰਮ ਵੀ ਬਹੁਤ ਕਰਦੇ ਸਨ ਅਤੇ ਖਾਣ-ਪਾਣ ਵੀ ਉਸੇ ਤਰ੍ਹਾਂ ਵੱਧ ਖਾਂਦੇ ਸੀ, ਉਦੋਂ ਕੰਮਾਂ-ਕਾਰਾਂ ਕਰ ਕੇ ਖਾਧਾ ਹੋਇਆ ਭੋਜਨ ਜਲਦੀ ਜਲਦੀ ਪਚ ਜਾਂਦਾ ਸੀ, ਨਾਲ ਹੀ ਖਾਣਾ ਬਹੁਤ ਸ਼ੁੱਧ ਹੁੰਦਾ ਸੀ ਪਰ ਸਮਾਂ ਹੌਲੀ ਹੌਲੀ ਬਦਲ ਰਿਹਾ ਹੈ, ਸਮੇਂ ਦੇ ਬਦਲਾਅ ਨਾਲ ਲੋਕ ਕੰਮ ਵੀ ਘੱਟ ਕਰਨ ਲੱਗ ਪਏ ਹਨ ਅਤੇ ਨਾਲ ਹੀ ਖਾਣਾ ਵੀ ਜ਼ਹਿਰੀਲਾ ਹੁੰਦਾ ਜਾ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤੀ ਰਸੋਈਆਂ ਦਾ ਖਾਣਾ ਬਹੁਤ ਸਵਾਦ ਹੁੰਦਾ ਹੈ। ਪਹਿਲਾਂ ਵਾਂਗ ਅੱਜ ਵੀ ਲੋਕ ਖਾਣਾ ਬਹੁਤ ਖਾਂਦੇ ਹਨ ਪਰ ਕੰਮ ਕਰਨ ਦੀ ਸਮਰੱਥਾ ਘਟਾ ਰਹੇ ਹਨ। ਖੇਤਾਂ ਦੇ ਕੰਮ ਹੁਣ ਅਸੀ ਆਪ ਛੱਡ ਕੇ ਬਾਹਰਲੇ ਲੋਕਾਂ ਤੋਂ ਕਰਾਉਣੇ ਸ਼ੁਰੂ ਕਰ ਦਿੱਤੇ ਹਨ। ਇਹ ਵੀ ਇੱਕ ਵੱਡਾ ਕਾਰਨ ਹੈ ਸਿਹਤ ਨੂੰ ਖ਼ਰਾਬ ਕਰਨ ਦਾ। ਅਕਸਰ ਅਸੀਂ ਦੇਖਦੇ ਹਾਂ ਕਿ 8-8 ਘੰਟੇ ਸਰੀਰਕ ਕੰਮ ਕਰਨ ਵਾਲੇ ਲੋਕਾਂ ਦੀ ਸਿਹਤ ਆਮ ਲੋਕਾਂ ਨਾਲੋਂ ਕਿਤੇ ਵੱਧ ਤੰਦਰੁਸਤ ਅਤੇ ਬੀਮਾਰੀਆਂ ਤੋ ਰਹਿਤ ਹੁੰਦੀ ਹੈ।

ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਯੋਗ ਜਾਂ ਹੋਰ ਕਸਰਤਾਂ ਨਾਲ ਖਾਣ-ਪਾਣ ਜੇਕਰ ਸਹੀ ਨਹੀਂ ਹੋਵੇਗਾ ਤਾਂ ਅਸੀਂ ਹੋਰ ਬਿਮਾਰ ਹੋ ਜਾਂਵਾਗੇ, ਇਸ ਲਈ ਹਮੇਸ਼ਾ ਖਾਣ ਪਾਣ 'ਤੇ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਸਵੇਰ ਵੇਲੇ ਸਭ ਤੋ ਪਹਿਲਾਂ ਯੋਗ ਦੇ ਸ਼ਟਕਰਮ ਭਾਗ ਦਾ ਅਭਿਆਸ ਕਰਨਾ ਚਾਹੀਦਾ ਹੈ। ਸਵੇਰੇ ਯੋਗ ਜਾਂ ਹੋਰ ਕਸਰਤ ਕਰਨ ਤੋ ਬਾਅਦ ਹਲਕਾ ਖਾਣਾ ਸਰੀਰ ਦੀ ਲੋੜ ਅਨੁਸਾਰ ਖਾ ਲੈਣਾ ਚਾਹੀਦਾ ਹੈ, ਜਿਵੇਂ ਕਿ ਸ਼ਹਿਦ ਯੁਕਤ ਨਿੰਬੂ ਪਾਣੀ ਨਾਲ ਪਪੀਤਾ ਜਾਂ ਸੇਬ ਖਾ ਲੈਣਾ ਚਾਹੀਦਾ ਹੈ। ਨਾਲ ਹੀ ਇਹ ਵੀ ਧਿਆਨ ਰੱਖੋ ਕਿ ਜਦੋਂ ਵੀ ਪਾਣੀ ਪੀਓ ਗਰਮ ਜਾਂ ਨਾਰਮਲ ਪੀਓ, ਜ਼ਿਆਦਾ ਠੰਢਾ ਪਾਣੀ ਨਹੀਂ ਪੀਣਾ ਚਾਹੀਦਾ। ਠੰਢੇ ਪਾਣੀ ਨਾਲ ਸਰੀਰ ਵਿਚਲਾ ਖਾਧਾ ਹੋਇਆ ਖਾਣਾ ਜਲਦੀ ਨਹੀਂ ਪੱਚਦਾ। ਗਰਮ ਪਾਣੀ ਪੀਣ ਨਾਲ ਸਰੀਰ ਵਿਚਲੀ ਚਰਬੀ ਘੱਟਣੀ ਸ਼ੁਰੂ ਹੋ ਜਾਂਦੀ ਹੈ, ਜਿਸ ਨਾਲ ਅਸੀ ਮੋਟੇ ਤੋਂ ਪਤਲੇ ਅਤੇ ਰੋਗਾਂ ਤੋਂ ਦੂਰ ਹੋ ਜਾਂਦੇ ਹਾਂ। ਦੁਪਹਿਰ ਵੇਲੇ ਦਲੀਆ ਜਾਂ 1-2 ਬੇਸਨ ਦੀਆਂ ਰੋਟੀਆਂ ਬਿਨਾਂ ਘਿਉ ਵਾਲੀ ਦਾਲ ਜਾਂ ਸਬਜ਼ੀ ਨਾਲ ਖਾ ਲੈਣੀਆਂ ਚਾਹੀਦੀਆਂ ਹਨ। ਰਾਤ ਸਮੇਂ ਵੀ ਦਲੀਆ ਜਾਂ 1-2 ਰੋਟੀਆਂ ਖਾ ਲੈਣੀਆ ਚਾਹੀਦੀਆਂ ਹਨ । ਬਾਕੀ ਜਦੋਂ ਵੀ ਭੁੱਖ ਲੱਗੇ ਤਾਂ ਤਾਜ਼ੇ ਫਲ ਜਾਂ ਕੱਚੀਆਂ ਸਬਜ਼ੀਆਂ ਖਾ ਲਉ । ਦੁੱਧ ਦੀ ਵਰਤੋ ਸ਼ਾਮ ਸਮੇਂ ਕਰੋ। ਰਾਤ ਨੂੰ ਪੀਤਾ ਹੋਇਆ ਦੁੱਧ ਵੀ ਜਲਦੀ ਨਹੀਂ ਪੱਚਦਾ।

ਯੋਗ ਵਿੱਚ ਵਜਰਾਸਨ ਇੱਕੋ ਇੱਕ ਅਜਿਹਾ ਆਸਨ ਹੈ ਜਿਸ ਨੂੰ ਅਸੀ ਖਾਣਾ ਖਾਣ ਤੋਂ ਤਰੁੰਤ ਬਾਅਦ ਵੀ ਕਰ ਸਕਦੇ ਹਾਂ। ਸ਼ਵਾਸਨ ਅਤੇ ਤਰਾਟਕ ਕਿਰਿਆ ਦਾ ਅਭਿਆਸ ਖਾਣਾ ਖਾਣ ਤੋ ਕੁਝ ਸਮੇਂ ਬਾਅਦ ਕਰ ਸਕਦੇ ਹਾਂ। ਬਾਕੀ ਦੇ ਆਸਨ ਖਾਣਾ ਖਾਣ ਤੋ 3-4 ਘੰਟੇ ਬਾਅਦ ਕਰ ਸਕਦੇ ਹਾਂ ।

• ਇਸ਼ਟ ਪਾਲ (ਵਿੱਕੀ)
9872565003

# ਆਯੁਰਵੈਦਿਕ ਪਾਣੀ



ਆਯੁਰਵੇਦਿਕ ਪਾਣੀ ਇਕ ਅਜਿਹਾ ਕੁਦਰਤੀ ਨੁਸਖਾ ਹੈ ਜੋ ਤੁਹਾਡੇ ਸਰੀਰ ਵਿਚ ਪੈਦਾ ਹੋ ਰਹੀਆਂ ਬਿਮਾਰੀਆਂ ਨੂੰ ਠੀਕ ਕਰਨ ਵਿਚ ਮਦਦ ਕਰਦਾ ਹੈ। ਬਾਜ਼ਾਰ 'ਚੋਂ ਮਿਲਦੀਆਂ ਦਵਾਈਆਂ ਭਾਵੇਂ ਆਰਾਮ ਦਿੰਦੀਆਂ ਹਨ ਪਰ ਉਨ੍ਹਾਂ ਦੇ ਸਾਈਡ ਇਫੈਕਟ ਦਾ ਡਰ ਵੀ ਹਮੇਸ਼ਾ ਬਰਕਰਾਰ ਰਹਿੰਦਾ ਹੈ। ਅਜਿਹੇ ਵਿਚ ਕੁਦਰਤੀ ਰੂਪ ਦਾ ਇਲਾਜ ਜਾਂ ਆਯੁਰਵੇਦਿਕ ਦਵਾਈਆਂ ਤੇ ਤਰੀਕੇ ਰੋਗਾਂ ਤੋਂ ਸੁਰੱਖਿਅਤ ਰੂਪ ਨਾਲ ਬਚਾਅ ਕਰਦੀਆਂ ਹਨ। ਧਿਆਨ ਦੇਣ ਯੋਗ ਹੈ ਕਿ ਆਯੁਰਵੇਦਿਕ ਦਵਾਈਆਂ ਸਰੀਰ ਦੀ ਤਾਕਤ, ਬਿਮਾਰੀ, ਪੱਧਰ, ਸਹੀ ਮਾਤਰਾ ਅਤੇ ਮੌਸਮ ਮੁਤਾਬਕ ਲੈਣ ਨਾਲ ਹੀ ਲਾਭ ਮਿਲਦਾ ਹੈ। ਇਸ ਲਈ ਆਯੁਰਵੇਦਿਕ ਦਵਾਈਆਂ ਮਾਹਿਰ ਡਾਕਟਰ ਦੇ ਨਿਰਦੇਸ਼ ਮੁਤਾਬਕ ਹੀ ਖਾਣੀਆਂ ਚਾਹੀਦੀਆਂ ਹਨ।

### ਮੇਥੀ ਦਾ ਪਾਣੀ

ਭਾਰਤੀ ਘਰ ਵਿਚ ਆਮ ਵਰਤਿਆ ਜਾਣ ਵਾਲਾ ਮੇਥੀ ਦਾਣਾ ਸੁਆਦ ਵਿਚ ਹਲਕਾ ਕੌੜਾ ਹੁੰਦਾ ਹੈ। ਇਸ ਵਿਚ ਮੌਜੂਦ ਗੁਣ ਕਈ ਰੋਗਾਂ ਤੋਂ ਬਚਾਅ ਕਰਦੇ ਹਨ। ਇਹ ਐਂਟੀ ਆਕਸੀਡੈਂਟ ਅਤੇ ਐਂਟੀ ਇਨਫਲਾਮੈਟਰੀ ਗੁਣਾਂ ਨਾਲ ਭਰਪੂਰ ਹੁੰਦਾ ਹੈ। ਮੇਥੀ ਦਾਣਾ ਨੂੰ ਰਾਤ ਨੂੰ ਪਾਣੀ 'ਚ ਭਿਉਂ ਕੇ ਰੱਖ ਦਿਓ ਅਤੇ ਸਵੇਰੇ ਖਾਲੀ ਪੇਟ ਇਸ ਦਾ ਸੇਵਨ ਕਰੋ। ਮੇਥੀ ਦਾ ਪਾਣੀ ਸਰੀਰ ਤੋਂ ਵਾਟਰ ਰਿਟੈਂਸ਼ਨ ਦੀ ਸਮੱਸਿਆ ਦੂਰ ਕਰਨ ਵਿਚ ਵੀ ਮਦਦ ਕਰਦਾ ਹੈ। ਮੇਥੀ ਵਿਚ ਮੌਜੂਦ ਅਮੀਨੋ ਐਸਿਡ ਪੈਨਕ੍ਰਿਆਜ਼ 'ਚੋਂ ਨਿਕਲਣ ਵਾਲੇ ਇੰਨਸੂਲਿਨ ਨੂੰ ਵੀ ਕਾਬੂ ਕਰਨ ਵਿਚ ਮਦਦਗਾਰ ਸਾਬਿਤ ਹੁੰਦਾ ਹੈ ਜਿਸ ਨਾਲ ਡਾਇਬਟੀਜ਼ ਵਿਚ ਸਰੀਰ ਦਾ ਬਲੱਡ ਸ਼ੂਗਰ ਲੈਵਲ ਵੀ ਕਾਬੂ ਹੇਠ ਰਹਿੰਦਾ ਹੈ।

### ਵਿਜੇਸਾਰ ਦਾ ਪਾਣੀ

ਇਸ ਨੂੰ ਭਾਰਤੀ ਭਾਸ਼ਾ ਵਿਚ ਇੰਡੀਅਨ ਕੀਨੋ ਜਾਂ ਮਾਲਾਬਾਰ ਕੀਨੋ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਡਾਇਬਟੀਜ਼ ਨੂੰ ਕਾਬੂ ਕਰਕੇ ਆਯੁਰਵੇਦ ਵਿਚ ਮੋਟਾਪੇ, ਡਾਇਰੀਆ ਅਤੇ ਐਗਜ਼ੀਮਾ ਵਿਚ ਵੀ ਲਾਭ ਦਿੰਦਾ ਹੈ। ਇਸ ਵਿਚ ਐਪੀਕਾਟੇਕਹਿਨ, ਮਾਰਸੁਪਸਿਨ ਅਤੇ ਟੇਰੋਸੁਪਸਿਨ ਵਰਗੇ ਗੁਣ ਹੁੰਦੇ ਹਨ ਜੋ ਡਾਇਬਟੀਜ਼ ਵਿਚ ਬਲੱਡ ਗਲੂਕੋਜ਼ ਪੱਧਰ ਨੂੰ ਕਾਬੂ ਕਰਨ ਵਿਚ ਮਦਦਗਾਰ ਹੁੰਦੇ ਹਨ। ਇਹ ਆਯੁਰਵੇਦਿਕ ਨੁਸਖ਼ਾ ਸਾਡੇ ਸਰੀਰ ਵਿਚ ਪੈਨਕ੍ਰਿਆਜ਼ ਵਿਚ ਬੀਟਾ ਸੈਲਾਂ ਨੂੰ ਵੀ ਵੀ ਨਵਿਆਉਣ ਵਿਚ ਮਦਦ ਕਰਦਾ ਹੈ। ਵਿਜੇਸਾਰ ਨੂੰ ਰਾਤ ਸਮੇਂ ਪਾਣੀ ਵਿਚ ਭਿਉਂ ਕੇ ਰੱਖ ਦਿਓ ਅਤੇ ਸਵੇਰੇ ਜਦੋਂ ਪਾਣੀ ਹਲਕਾ ਭੂਰਾ ਹੋ ਜਾਵੇ ਤਾਂ ਖਾਲੀ ਪੇਟ ਪੀ ਲਓ।

ਇਨ੍ਹਾਂ ਦੋ ਆਯੁਰਵੇਦਿਕ ਨੁਸਖ਼ਿਆਂ ਨਾਲ ਡਾਇਬਟੀਜ਼ ਦੇ ਨਾਲ ਨਾਲ ਬਲੱਡ ਗਲੂਕੋਜ਼ ਨੂੰ ਵੀ ਕਾਬੂ ਕੀਤਾ ਜਾ ਸਕਦਾ ਹੈ। ਇਨ੍ਹਾਂ ਦਾ ਸਾਈਡ ਇਫੈਕਟ ਨਹੀਂ ਹੁੰਦਾ। ਫਿਰ ਵੀ ਜ਼ਿਆਦਾ ਲਾਭ ਲਈ ਆਯੁਰਵੇਦਿਕ ਮਾਹਿਰ ਦੀ ਸਲਾਹ ਲਈ ਜਾ ਸਕਦੀ ਹੈ।

# ਖਜੂਰ ਖਾਓ! ਬਲੱਡ ਪ੍ਰੈਸ਼ਰ ਘਟਾਓ!



ਬਲੱਡ ਪ੍ਰੈਸ਼ਰ ਆਧੁਨਿਕ ਜੀਵਨਸ਼ੈਲੀ ਦੀ ਸਭ ਤੋਂ ਆਮ ਬਿਮਾਰੀ ਹੈ। ਇਸ ਨੂੰ 'ਸਾਈਲੈਂਟ ਕਿੱਲਰ' ਤਕ ਕਿਹਾ ਜਾਂਦਾ ਹੈ। ਜਦੋਂ ਦਿਲ ਦੀਆਂ ਨਾੜੀਆਂ ਵਿਚ ਦਬਾਅ ਵਧ ਜਾਂਦਾ ਹੈ ਤਾਂ ਖ਼ੂਨ ਨੂੰ ਦਿਲ ਤਕ ਪੁੱਜਣ ਲਈ ਆਮ ਤੋਂ ਵੱਧ ਦਬਾਅ ਝੱਲਣਾ ਪੈਂਦਾ ਹੈ, ਇਸ ਨੂੰ ਹਾਈ ਬਲੱਡ ਪ੍ਰੈਸ਼ਰ ਕਹਿੰਦੇ ਹਨ। ਸਿਰਦਰਦ, ਚੱਕਰ ਆਉਣਾ ਅਤੇ ਧੜਕਣ ਵਧਣਾ ਆਦਿ ਇਸ ਦੇ ਮੁੱਖ ਲੱਛਣ ਹੁੰਦੇ ਹਨ।

ਇਹ ਇਕ ਗੰਭੀਰ ਸਮੱਸਿਆ ਹੈ। ਇਸ ਨਾਲ ਪੀੜਤ ਮਰੀਜ਼ਾਂ ਲਈ ਖ਼ੂਨ ਦਾ ਦਬਾਅ ਕਾਬੂ ਵਿਚ ਰੱਖਣਾ ਬੇਹੱਦ ਜ਼ਰੂਰੀ ਹੁੰਦਾ ਹੈ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਦਬਾਅ ਨਾਲ ਸਰੀਰ ਦੇ ਅੰਗਾਂ ਨੂੰ ਨੁਕਸਾਨ ਪੁੱਜ ਸਕਦਾ ਹੈ। ਹਾਈ ਬਲੱਡ ਪ੍ਰੈਸ਼ਰ ਹੋਣ 'ਤੇ ਹਾਰਟ ਅਟੈਕ, ਕਿਡਨੀ ਵਿਚ ਖ਼ਰਾਬੀ ਵਰਗੀਆਂ ਸਮੱਸਿਆਵਾਂ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਖਾਣ ਪੀਣ ਦੀਆਂ ਗ਼ਲਤ ਆਦਤਾਂ, ਮਾਨਸਿਕ ਤਣਾਅ ਅਤੇ ਨੀਂਦ ਪੂਰੀ ਨਾ ਹੋਣਾ ਇਸ ਸਮੱਸਿਆ ਦੇ ਮੁੱਖ ਕਾਰਨ ਹਨ। ਇਸ ਦੇ ਬਹੁਤ ਇਲਾਜ ਪ੍ਰਚਲਿਤ ਹਨ ਪਰ ਕੁਝ ਕੁਦਰਤੀ ਚੀਜ਼ਾਂ ਵਿਚ ਵੀ ਇਸ ਸਮੱਸਿਆ ਦਾ ਇਲਾਜ ਕਰਨ ਦੀ ਸਮਰੱਥਾ ਹੁੰਦੀ ਹੈ। ਇਨ੍ਹਾਂ ਵਿਚੋਂ ਇਕ ਹੈ ਖਜੂਰ। ਜੀ ਹਾਂ! ਮਿੱਠੀ ਖਜੂਰ ਦੀ ਮਦਦ ਨਾਲ ਹਾਈ ਬਲੱਡ ਪ੍ਰੈਸ਼ਰ 'ਤੇ ਕਾਬੂ ਪਾਇਆ ਜਾ ਸਕਦਾ ਹੈ।

### ਗੁਣਾਂ ਭਰਪੂਰ ਖਜੂਰ

ਦਿਖਣ ਵਿਚ ਛੋਟੀ ਜਿਹੀ ਖਜੂਰ ਵਿਚ ਭਾਰੀ ਮਾਤਰਾ ਵਿਚ ਵਿਟਾਮਿਨ ਅਤੇ ਮਿਨਰਲ ਦੇ ਨਾਲ ਨਾਲ ਪ੍ਰੋਟੀਨ ਵੀ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਫਾਈਬਰ ਨਾਲ ਭਰਪੂਰ ਹੁੰਦੀ ਹੈ। ਇੰਨਾ ਹੀ ਨਹੀਂ, ਖਜੂਰ ਵਿਚ ਵਿਟਾਮਿਨ ਬੀ1, ਬੀ2, ਬੀ3, ਬੀ5, ਏ1 ਅਤੇ ਵਿਟਾਮਿਨ ਸੀ ਵੀ ਪਾਇਆ ਜਾਂਦਾ ਹੈ। ਇਸ ਦੇ ਨਾਲ ਹੀ ਪੋਟਾਸ਼ੀਅਮ ਨਾਲ ਭਰਪੂਰ ਪਰ ਸੋਡੀਅਮ ਤੋਂ ਰਹਿਤ ਹੁੰਦੀ ਹੈ। ਖਜੂਰ ਨੂੰ ਡ੍ਰਾਈ ਫਰੂਟ ਵਰਗ ਵਿਚ ਰੱਖਿਆ ਜਾਂਦਾ ਹੈ ਜਿਸ ਦੇ ਅਣਗਿਣਤ ਸਿਹਤ ਲਾਭ ਹਨ। ਸੁਆਦ ਵਿਚ ਤਾਂ ਇਹ ਲਜ਼ੀਜ਼ ਹੈ ਹੀ! ਸੋ, ਆਓ ਸਿਹਤ ਗੁਣਾਂ ਨਾਲ ਲਬਰੇਜ਼ ਖਜੂਰਾਂ ਨੂੰ ਆਪਣੀ ਰੋਜ਼ਾਨਾ ਖ਼ੁਰਾਕ ਵਿਚ ਦੱਸੇ ਮੁਤਾਬਕ ਸ਼ਾਮਿਲ ਕਰੀਏ ਤੇ ਬਲੱਡ ਪ੍ਰੈਸ਼ਰ ਵਰਗੀ ਨਾਮੁਰਾਦ ਬਿਮਾਰੀ ਤੋਂ ਛੁਟਕਾਰਾ ਪਾਈਏ!

### ਇੰਜ ਖਾਓ

ਰੋਜ਼ਾਨਾ ਸਵੇਰੇ ਨਾਸ਼ਤੇ ਤੋਂ ਪਹਿਲਾਂ ਤਿੰਨ ਖਜੂਰ ਖਾਓ। ਇਸ ਤੋਂ ਤੁਰੰਤ ਬਾਅਦ ਗਰਮ ਪਾਣੀ ਪੀ ਲਓ। ਇਸ ਉਪਾਅ ਨੂੰ ਲਗਾਤਾਰ ਇਕ ਮਹੀਨੇ ਤਕ ਦੁਹਰਾਓ। ਹਾਲਾਂਕਿ ਇਕ ਮਹੀਨੇ ਤੋਂ ਬਾਅਦ ਵਿਚ ਇਸ ਉਪਾਅ ਨੂੰ ਜਾਰੀ ਰੱਖਿਆ ਜਾ ਸਕਦਾ ਹੈ। ਪਰ ਧਿਆਨ ਰਹੇ ਕਿ ਇਸ ਉਪਾਅ ਦੇ ਨਾਲ ਨਾਲ ਤੁਹਾਨੂੰ ਆਪਣੇ ਖਾਣ ਪੀਣ ਦੀ ਵੀ ਪੂਰਾ ਖ਼ਿਆਲ ਰੱਖਣਾ ਚਾਹੀਦਾ ਹੈ। ਨਿਯਮਿਤ ਰੂਪ ਨਾਲ ਕਸਰਤ ਵੀ ਜ਼ਰੂਰੀ ਹੈ। ਇਸ ਦੇ ਨਾਲ ਹੀ ਹਾਈ ਬਲੱਡ ਪ੍ਰੈਸ਼ਰ ਲਈ ਡਾਕਟਰ ਵੱਲੋਂ ਦੱਸੀਆਂ ਦਵਾਈਆਂ ਦੀ ਵੀ ਨਿਯਮਿਤ ਵਰਤੋਂ ਕਰਨੀ ਚਾਹੀਦੀ ਹੈ। ਸਮੱਸਿਆ ਵਿਚ ਸੁਧਾਰ ਆਉਣ 'ਤੇ ਡਾਕਟਰ ਨਾਲ ਸਲਾਹ ਜ਼ਰੂਰ ਕਰੋ।

## ਸੰਪਾਦਕੀ

# ਬਿਹਾਰ 'ਚ ਚੋਣਾਂ ਤੋਂ ਪਹਿਲਾਂ ਵੋਟਰਾਂ ਦੇ ਸ਼ਨਾਖਤੀਕਰਨ ਅਤੇ ਰਜਿਸਟਰੇਸ਼ਨ

ਬਿਹਾਰ 'ਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਸ਼ੁਰੂ ਕੀਤੀ ਗਈ ਇੱਕ ਅਹਿਮ ਕਵਾਇਦ ਖ਼ਬਰਾਂ 'ਚ ਹੈ। ਸਰ ਨਾਮ ਵਾਲੀ ਇਹ ਚੋਣ ਪ੍ਰਕਿਰਿਆ ਇਸ ਅਹਿਮ ਸੂਬੇ ਵਿੱਚ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਵੋਟਰਾਂ ਦੇ ਸ਼ਨਾਖਤੀਕਰਨ ਅਤੇ ਰਜਿਸਟਰੇਸ਼ਨ ਨਾਲ ਸਬੰਧਿਤ ਹੈ। ਵਿਸ਼ੇਸ਼ ਵਿਆਪਕ ਸੁਧਾਈ ਸਪੈਸ਼ਲ ਇੰਟੈਸਿਵ ਰਿਵਿਜ਼ਨ) ਦਾ ਮਤਲਬ ਇਹ ਹੈ ਕਿ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਘਰ ਘਰ ਜਾ ਕੇ ਮੁਕੰਮਲ ਪੜਤਾਲ ਮਗਰੋਂ ਨਵੇਂ ਸਿਰਿਓਂ ਬਣਾਈਆਂ ਜਾਣਗੀਆਂ। ਇਹ ਸੂਚੀਆਂ ਤਿਆਰ ਕਰਨ ਵੇਲੇ ਯੋਗ ਵੋਟਰਾਂ ਦੇ ਸੰਦਰਭ ਵਿੱਚ ਮੌਜੂਦਾ ਵੋਟਰ ਸੂਚੀਆਂ ਦਾ ਕੋਈ ਹਵਾਲਾ ਨਹੀਂ ਦਿੱਤਾ ਜਾਵੇਗਾ। ਮੂਲ ਰੂਪ ਵਿੱਚ ਇਹ ਕੋਈ ਗ਼ਲਤ ਜਾਂ ਮਾੜੀ ਪ੍ਰਕਿਰਿਆ ਨਹੀਂ ਅਤੇ ਨਾ ਹੀ ਇਹ ਪਹਿਲੀ ਵਾਰ ਹੋ ਰਹੀ ਹੈ ਪਰ ਇਸ ਨੂੰ ਅਮਲ ਵਿੱਚ ਲਿਆਂਦੇ ਜਾਣ ਵਾਲੇ ਸਮੇਂ ਦੀ ਚੋਣ ਅਤੇ ਰੱਖੀਆਂ ਗਈਆਂ ਸ਼ਰਤਾਂ ਜ਼ਰੂਰ ਸਵਾਲਾਂ ਦੇ ਘੇਰੇ ਵਿੱਚ ਹਨ।

ਬਿਹਾਰ ਵਿੱਚ ਅਨਪੜ੍ਹਤਾ ਦਰ ਬਹੁਤ ਉੱਚੀ ਹੈ, ਗ਼ਰੀਬੀ ਅਤੇ ਬੇਰੁਜ਼ਗਾਰੀ ਕਾਰਨ ਲੱਖਾਂ ਲੋਕਾਂ ਨੂੰ ਰੁਜ਼ਗਾਰ ਲਈ ਦੂਜੇ ਸੂਬਿਆਂ ਵਿੱਚ ਜਾਣਾ ਪੈਂਦਾ ਹੈ, ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿੱਚ ਬਹੁਤ ਵੱਡਾ ਪਾੜਾ ਹੈ, ਬਰਸਾਤ ਦੇ ਦਿਨਾਂ ਵਿੱਚ ਹੜ੍ਹਾਂ ਕਾਰਨ ਬਹੁਤ ਤਬਾਹੀ ਹੁੰਦੀ ਹੈ ਅਤੇ ਆਮ ਜਨ-ਜੀਵਨ ਵਿੱਚ ਵਿਘਨ ਪਿਆ ਰਹਿੰਦਾ ਹੈ। ਇਸ ਲਈ ਅਜਿਹੇ ਰਾਜ ਵਿੱਚ ਚੋਣਾਂ ਤੋਂ ਐਨ ਪਹਿਲਾਂ ਇਸ ਕਿਸਮ ਦੀ ਪ੍ਰਕਿਰਿਆ ਸ਼ੁਰੂ ਕਰਨ ਦੇ ਕਾਰਨ ਲੋਕਾਂ ਦੀ ਸਮਝ ਤੋਂ ਪਰ੍ਹੇ ਹਨ। ਇੱਥੇ ਇਹ ਗੱਲ ਵੀ ਵਿਸ਼ੇਸ਼ ਧਿਆਨ ਮੰਗਦੀ ਹੈ ਕਿ ਚੋਣ ਕਮਿਸ਼ਨ, ਜੋ ਇਹ ਸਾਰੀ ਪ੍ਰਕਿਰਿਆ ਸੰਚਾਲਿਤ ਕਰਦਾ ਹੈ, ਖ਼ੁਦ ਆਪਣੇ ਵੱਲੋਂ ਜਾਰੀ ਕੀਤੇ ਗਏ ਵੋਟਰ ਕਾਰਡ ਅਤੇ ਸਰਕਾਰੀ ਰਾਸ਼ਨ ਕਾਰਡ ਨੂੰ ਵੀ ਪ੍ਰਵਾਨ ਨਹੀਂ ਕਰ ਰਿਹਾ। ਪਿਛਲੇ ਕੁਝ ਦਹਾਕਿਆਂ ਤੋਂ ਹਰ ਜਗ ?ਹਾ ਕੰਮ ਆਉਣ ਵਾਲੇ ਆਧਾਰ ਨੂੰ ਵੀ ਇਸ ਪ੍ਰਕਿਰਿਆ ਲਈ ਆਧਾਰਹੀਣ ਕਰਾਰ ਦੇ ਦਿੱਤਾ ਗਿਆ ਹੈ।

ਨਿਰਸੰਦੇਹ, ਏਡੇ ਵੱਡੇ ਰਾਜ ਵਿੱਚ ਅਜਿਹੇ ਢੰਗ ਨਾਲ ਜਲਦਬਾਜ਼ੀ 'ਚ ਹੋ ਰਹੀ ਇਸ ਕਵਾਇਦ ਉੱਪਰ ਸਵਾਲ ਉੱਠਣੇ ਹੀ ਸਨ ਜੋ ਉੱਠੇ ਵੀ ਅਤੇ ਸਿਖਰਲੀ ਅਦਾਲਤ ਤੱਕ ਪੁੱਜੇ ਵੀ। ਇਸ ਮਾਮਲੇ 'ਚ ਪਹਿਲ ਏਡੀਆਰ (ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼) ਨੇ ਕੀਤੀ ਅਤੇ ਇਸ ਮਗਰੋਂ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਵੀ ਪਟੀਸ਼ਨਾਂ ਦਾਇਰ ਕੀਤੀਆਂ। ਇਨ੍ਹਾਂ ਪਟੀਸ਼ਨਾਂ ਵਿੱਚ ਕਿਹਾ ਗਿਆ ਕਿ ਸਮੁੱਚੀ ਪ੍ਰਕਿਰਿਆ ਗ਼ੈਰ-ਸੰਵਿਧਾਨਕ ਹੈ, ਜਿਸ ਨਾਲ ਲੱਖਾਂ ਵੋਟਰ ਆਪਣੇ ਵੋਟ ਦੇ ਹੱਕ ਤੋਂ ਮਹਿਰੂਮ ਹੋ ਜਾਣਗੇ। ਸੁਪਰੀਮ ਕੋਰਟ ਨੇ ਭਾਵੇਂ ਇਸ ਪ੍ਰਕਿਰਿਆ ਉੱਤੇ ਰੋਕ ਤਾਂ ਨਹੀਂ ਲਾਈ ਪਰ ਚੋਣ ਕਮਿਸ਼ਨ ਨੂੰ ਕਿਹਾ ਕਿ ਉਹ ਲੋਕਾਂ ਦੇ ਨਾਮ ਵੋਟਰ ਲਿਸਟ ਵਿੱਚ ਸ਼ਾਮਲ ਕਰਨ ਲਈ ਆਧਾਰ ਕਾਰਡ, ਰਾਸ਼ਨ ਕਾਰਡ ਅਤੇ ਵੋਟਰ ਕਾਰਡ ਸ਼ਨਾਖਤੀ ਕਾਰਡ ਨੂੰ ਵੀ ਪ੍ਰਮਾਣਿਕ ਸਬੂਤ ਮੰਨੇ।

ਇੱਕ ਹਕੀਕਤ ਇਹ ਵੀ ਹੈ ਕਿ ਜੇ ਸਾਡੇ ਵਰਗੇ ਕਿਸੇ ਮੱਧ ਵਰਗੀ ਬੰਦੇ ਨੂੰ ਵੀ ਜਲਦੀ ਨਾਲ ਅਜਿਹਾ ਕੋਈ ਕਾਰਡ ਦਿਖਾਉਣ ਜਾਂ ਬਣਵਾਉਣ ਲਈ ਕਿਹਾ ਜਾਵੇ ਤਾਂ ਉਹਨੂੰ ਵੀ ਹੱਥਾਂ-ਪੈਰਾਂ ਦੀ ਪੈ ਜਾਂਦੀ ਹੈ। ਮਤਲਬ ਜਿਨ੍ਹਾਂ ਲੋਕਾਂ ਦੀਆਂ ਜੇਬਾਂ ਵਿੱਚ ਚਾਰ ਪੈਸੇ ਵੀ ਹੋਣਗੇ, ਦਫ਼ਤਰਾਂ ਦੇ ਗੇੜੇ ਮਾਰਨ ਲਈ ਸਕੂਟਰ ਜਾਂ ਕਾਰ ਵੀ ਹੋਵੇਗੀ, ਕਿਸੇ ਅਫ਼ਸਰ ਨਾਲ ਦੂਰ-ਨੇੜੇ ਦੀ ਵਾਕਫ਼ੀਅਤ ਵੀ ਹੋਵੇਗੀ, ਉਹ ਵੀ ਆਪਣੀ ਸ਼ਨਾਖਤ ਦੀ ਪ੍ਰਮਾਣਿਕਤਾ ਦਾ ਸਬੂਤ ਇਕਦਮ ਪੇਸ਼ ਕਰਨ ਦੀ ਮੰਗ ਤੋਂ ਪ੍ਰੇਸ਼ਾਨ ਜ਼ਰੂਰ ਹੋਵੇਗਾ। ਤੇ ਫਿਰ ਜਿਸ ਰਾਜ ਵਿੱਚ ਗ਼ਰੀਬਾਂ, ਅਨਪੜ੍ਹਾਂ ਅਤੇ ਬੇਰੁਜ਼ਗਾਰਾਂ ਦੀ ਗਿਣਤੀ ਬਹੁਤ ਵੱਡੀ ਹੋਵੇ, ਉੱਥੇ ਲੋਕ ਇਕਦਮ ਅਜਿਹੇ ਨਵੇਂ ਸਬੂਤ ਕਿੱਥੋਂ ਲੈ ਕੇ ਆਉਣ ਕਿ ਉਹ ਭਾਰਤ ਦੇ ਅਹਿਮ ਸੂਬੇ ਬਿਹਾਰ ਦੇ ਨਾਗਰਿਕ ਹਨ। ਵੋਟਰ ਬਣਨਾ ਉਨ੍ਹਾਂ ਦਾ ਬੁਨਿਆਦੀ ਹੱਕ ਹੈ। ਆਜ਼ਾਦੀ ਵੇਲੇ ਦੇਸ਼ ਦੇ ਸੰਵਿਧਾਨ ਨੇ ਇਹ ਮਹੱਤਵਪੂਰਨ ਹੱਕ ਦੇਸ਼ ਦੇ ਹਰ ਬਾਸ਼ਿੰਦੇ ਨੂੰ ਦਿੱਤਾ ਚਾਹੇ ਉਹ ਅਮੀਰ ਸੀ ਜਾਂ ਗ਼ਰੀਬ।

ਨਿਸ਼ਚਿਤ ਤੌਰ 'ਤੇ ਚੋਣ ਕਮਿਸ਼ਨ ਨੂੰ ਇਹ ਪ੍ਰਕਿਰਿਆ ਸ਼ੁਰੂ ਕਰਨ ਤੋਂ ਪਹਿਲਾਂ ਜੋ ਸੋਚ-ਵਿਚਾਰ ਕਰਨੀ ਚਾਹੀਦੀ ਸੀ, ਉਹ ਨਹੀਂ ਕੀਤੀ ਗਈ ਸੀ, ਇਸੇ ਲਈ ਚੋਣ ਕਮਿਸ਼ਨ ਜਿਹੀ ਅਹਿਮ ਸੰਸਥਾ ਨੂੰ ਹਰ ਰੋਜ਼ ਨਵੇਂ ਅਤੇ ਔਖੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮੌਜੂਦਾ ਪ੍ਰਸਥਿਤੀਆਂ ਦੇ ਸੰਦਰਭ 'ਚ ਹੁਣ ਇਹ ਸਵਾਲ ਵੀ ਉੱਠ ਰਹੇ ਹਨ ਕਿ ਜੇਕਰ ਚੋਣ ਕਮਿਸ਼ਨ ਨੇ ਸੁਪਰੀਮ ਕੋਰਟ ਦੀ ਗੱਲ ਨਾ ਮੰਨੀ ਤਾਂ ਫਿਰ ਕੀ ਹੋਵੇਗਾ ? ਦਲੀਲ ਦਿੱਤੀ ਜਾ ਰਹੀ ਹੈ ਕਿ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਬਾਰੇ ਸਿਰਫ਼ ਸਲਾਹ ਦਿੱਤੀ ਹੈ, ਕੋਈ ਹੁਕਮ ਨਹੀਂ ਦਿੱਤਾ ਕਿਉਂਕਿ ਚੋਣ ਕਮਿਸ਼ਨ ਵੀ ਇੱਕ ਸੰਵਿਧਾਨਕ ਸੰਸਥਾ ਹੈ। ਇਸ ਮੁੱਦੇ ਬਾਰੇ ਇੱਕ ਪ੍ਰੈੱਸ ਕਾਨਫਰੰਸ 'ਚ ਕਾਂਗਰਸ ਦੇ ਤਰਜਮਾਨ ਅਤੇ ਸੁਪਰੀਮ ਕੋਰਟ ਦੇ ਵਕੀਲ ਅਭਿਸ਼ੇਕ ਮਨੂਸਿੰਘਵੀ ਨੇ ਇੱਕ ਸਵਾਲ ਦੇ ਜਵਾਬ 'ਚ ਆਖਿਆ ਕਿ ਕਿਸੇ ਕੋਲ ਵੀ ਇਸ ਗੱਲ ਦਾ ਕੋਈ ਵਿਕਲਪ ਨਹੀਂ ਹੁੰਦਾ ਕਿ ਸੁਪਰੀਮ ਕੋਰਟ ਦੀ ਗੱਲ/ਸਲਾਹ ਨਾ ਮੰਨੀ ਜਾਵੇ। ਸੁਪਰੀਮ ਕੋਰਟ ਵਿੱਚ ਚੋਣ ਕਮਿਸ਼ਨ ਦੇ ਵਕੀਲ ਵੱਲੋਂ ਅਦਾਲਤ ਨੂੰ ਇਹ ਬੇਨਤੀ ਕੀਤੀ ਗਈ ਸੀ ਕਿ ਉਹ ਵੋਟਾਂ ਦੀ ਵਿਸ਼ੇਸ਼ ਵਿਆਪਕ ਸੁਧਾਈ ਦੇ ਅਮਲ 'ਤੇ ਰੋਕ ਨਾ ਲਾਉਣ। ਇਸ ਮਾਮਲੇ ਦੀ ਸੁਣਵਾਈ ਕਰ ਰਹੇ ਦੋ-ਮੈਂਬਰੀ ਜੱਜਾਂ ਦੇ ਬੈਂਚ 'ਚੋਂ ਇੱਕ ਜੱਜ ਨੇ ਸੁਣਵਾਈ ਦੌਰਾਨ ਚੋਣ ਕਮਿਸ਼ਨ ਵੱਲੋਂ ਵੋਟਰ ਨੂੰ ਆਪਣੀ ਪ੍ਰਮਾਣਿਕਤਾ ਸਾਬਤ ਕਰਨ ਲਈ ਪੇਸ਼ ਕੀਤੇ ਜਾਣ ਵਾਲੇ 11 ਦਸਤਾਵੇਜ਼ਾਂ ਦੀ ਸੂਚੀ ਦੇਖਦਿਆਂ ਕਿਹਾ ਸੀ ਕਿ ਜੇਕਰ ਉਨ੍ਹਾਂ ਨੂੰ ਵੀ ਇਹ ਦਸਤਾਵੇਜ਼ ਪੇਸ਼ ਕਰਨ ਲਈ ਕਿਹਾ ਜਾਵੇ ਤਾਂ ਉਹ ਵੀ ਇਸ 'ਚ ਸਫ਼ਲ ਨਹੀਂ ਹੋਣਗੇ।

ਸੁਪਰੀਮ ਕੋਰਟ ਵੱਲੋਂ ਇਨ੍ਹਾਂ ?11 ਦਸਤਾਵੇਜ਼ਾਂ ਦੇ ਨਾਲ ਨਾਲ ਵੋਟਰ ਸ਼ਨਾਖਤੀ ਕਾਰਡ, ਆਧਾਰ ਕਾਰਡ ਤੇ ਰਾਸ਼ਨ ਕਾਰਡ ਨੂੰ ਪੁਖ਼ਤਾ ਅਤੇ ਪ੍ਰਮਾਣਿਕ ਦਸਤਾਵੇਜ਼ ਮੰਨਣ ਦੇ ਸੁਝਾਅ ਮਗਰੋਂ ਚੋਣ ਕਮਿਸ਼ਨ ਨੇ ਖ਼ਾਮੋਸ਼ੀ ਧਾਰੀ ਹੋਈ ਹੈ। ਉਸ ਨੇ ਰਸਮੀ ਤੌਰ 'ਤੇ ਪ੍ਰੈੱਸ ਕਾਨਫਰੰਸ ਕਰ ਕੇ ਜਾਂ ਆਪਣੇ ਸੋਸ਼ਲ ਮੀਡੀਆ ਹੈਂਡਲਾਂ 'ਤੇ ਕਿਧਰੇ ਵੀ ਇਹ ਸਪੱਸ਼ਟ ਨਹੀਂ ਕੀਤਾ ਕਿ ਇਸ ਮਾਮਲੇ 'ਤੇ ਉਸ ਦਾ ਅਧਿਕਾਰਕ ਰੁਖ਼ ਕੀ ਹੈ ? ਚੋਣ ਕਮਿਸ਼ਨ ਨੇ 24 ਜੂਨ ਨੂੰ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ ਦੇ ਹੁਕਮ ਦਿੱਤੇ ਸਨ। ਪਹਿਲੀ ਅਗਸਤ ਨੂੰ ਨਵੀਆਂ ਵੋਟਰ ਸੂਚੀਆਂ ਜਾਰੀ ਕੀਤੇ ਜਾਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਹੈਰਾਨ ਕਰ ਦੇਣ ਵਾਲੀ ਗੱਲ ਇਹ ਹੈ ਕਿ ਜੋ ਚੋਣ ਕਮਿਸ਼ਨ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਵੋਟ ਫ਼ੀਸਦ ਵਿੱਚ ਵਾਧਾ ਦੱਸਣ ਵਿੱਚ ਕਾਫ਼ੀ ਸਮਾਂ ਲੈਂਦਾ ਰਿਹਾ, ਉਹੀ ਹੁਣ ਲਗਭਗ ਅੱਠ ਕਰੋੜ ਵੋਟਰਾਂ ਵਾਲੇ ਸੂਬੇ ਦੀਆਂ ਨਵੀਆਂ ਵੋਟਰ ਸੂਚੀਆਂ ਮੁਕੰਮਲ ਪੜਤਾਲ ਮਗਰੋਂ ਲਗਭਗ ਛੇ ਹਫ਼ਤਿਆਂ ਦੇ ਵਿੱਚ-ਵਿੱਚ ਜਾਰੀ ਕਰਨ ਦੇ ਦਾਅਵੇ ਕਰ ਰਿਹਾ ਹੈ।

ਚੋਣ ਕਮਿਸ਼ਨ ਤੇ ਅਜਿਹੀਆਂ ਹੋਰ ਸੰਸਥਾਵਾਂ ਨੂੰ ਅਜਿਹੇ ਫ਼ੈਸਲੇ ਲੈਣ ਵੇਲੇ ਇੱਕ ਗੱਲ ਜ਼ਰੂਰ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਤੁਸੀਂ ਲੋਕਾਂ ਲਈ ਹੋ, ਲੋਕ ਤੁਹਾਡੇ ਲਈ ਨਹੀਂ। ਚੋਣ ਕਮਿਸ਼ਨ ਨੂੰ ਇਹ ਗੱਲ ਤਾਂ ਸੋਚਣੀ ਬਣਦੀ ਹੀ ਸੀ ਕਿ ਉਸ ਦੇ ਕਿਸੇ ਵੀ ਫ਼ੈਸਲੇ ਨਾਲ ਆਮ ਨਾਗਰਿਕਾਂ ਨੂੰ ਪ੍ਰੇਸ਼ਾਨੀ ਜਾਂ ਖੱਜਲ-ਖੁਆਰੀ ਨਾ ਹੋਵੇ। ਇਸ ਮੁਲਕ 'ਚ ਵੋਟ ਦਾ ਹੱਕ ਹੀ ਇੱਕੋ-ਇੱਕ ਅਜਿਹਾ ਅਧਿਕਾਰ ਹੈ ਜੋ ਅਮੀਰ ਤੇ ਗ਼ਰੀਬ ਨੂੰ ਬਰਾਬਰ ਹਾਸਲ ਹੈ। ਕੋਈ ਵੀ ਖ਼ ?ਆਲ, ਯੋਜਨਾ, ਤਰਕੀਬ, ਪ੍ਰਕਿਰਿਆ ਜੇ ਹਾਸ਼ੀਏ 'ਤੇ ਬੈਠੇ ਗ਼ਰੀਬ ਨੂੰ ਪ੍ਰੇਸ਼ਾਨ ਕਰਦੀ ਹੈ ਤਾਂ ਉਸ ਨੂੰ ਲਾਗੂ ਕਰਨ ਤੋਂ ਪਹਿਲਾਂ ਸੌ ਵਾਰ ਸੋਚਣਾ ਬਣਦਾ ਹੈ।

# ਪਵਨ ਗੁਪਤਾ ਦੀ ਅਗਵਾਈ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਦੀ ਮੀਟਿੰਗ ਆਯੋਜਿਤ

## ਵਿਜੇ ਸੂਦ ਪੰਜਾਬ ਰਾਜ ਦੇ ਜਨਰਲ ਸਕੱਤਰ ਨਿਯੁਕਤ



**ਪਟਿਆਲਾ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਲੁਧਿਆਣਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਹਿੰਦੁਸਤਾਨ ਟਰਾਂਸਪੋਰਟ ਸੈਨਾ ਲੁਧਿਆਣਾ ਪੱਪੀ ਮਹਾਜਨ ਦੀ ਨਿਗਰਾਨੀ ਹੇਠ ਟਰਾਂਸਪੋਰਟ ਨਗਰ ਸਥਿਤ ਜ਼ਿਲ੍ਹਾ ਦਫ਼ਤਰ ਵਿੱਚ ਹੋਈ। ਪਾਰਟੀ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਪੁਰਾਣੇ ਪ੍ਰਸਿੱਧ ਹਿੰਦੂ ਟਕਸਾਲੀ ਆਗੂ ਸਮਾਜ ਸੇਵਕ ਵਿਜੇ ਸੂਦ ਬੌਬੀ, ਡਿੰਪਲ ਧਵਨ ਆਪਣੇ ਸਾਥੀਆਂ ਸਮੇਤ ਸ਼ਿਵ ਸੈਨਾ ਹਿੰਦੁਸਤਾਨ ਵਿੱਚ ਸ਼ਾਮਲ ਹੋਏ। ਇਸ ਮੌਕੇ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਪਵਨ ਗੁਪਤਾ ਅਤੇ ਪਾਰਟੀ ਦੇ ਜਨਰਲ ਸਕੱਤਰ ਕ੍ਰਿਸ਼ਨਾ ਸ਼ਰਮਾ ਨੇ ਨਵ-ਨਿਯੁਕਤ ਵਿਜੇ ਸੂਦ ਬੌਬੀ ਅਤੇ ਡਿੰਪਲ ਧਵਨ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਪਵਨ ਗੁਪਤਾ ਨੇ ਵਿਜੇ ਸੂਦ ਨੂੰ ਪੰਜਾਬ ਰਾਜ ਦੇ ਜਨਰਲ ਸਕੱਤਰ ਨਿਯੁਕਤ ਕਰਨ ਦਾ ਐਲਾਨ ਕੀਤਾ। ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਪਵਨ ਗੁਪਤਾ ਨੇ ਕਿਹਾ ਕਿ ਅੱਜ ਵਿਜੇ ਸੂਦ ਦੇ ਆਪਣੇ ਸਾਥੀਆਂ ਸਮੇਤ ਸ਼ਿਵ ਸੈਨਾ ਹਿੰਦੁਸਤਾਨ ਵਿੱਚ ਸ਼ਾਮਲ ਹੋਣ ਨਾਲ ਲੁਧਿਆਣਾ ਪੱਧਰ ਅਤੇ ਸੂਬਾ ਪੱਧਰ 'ਤੇ ਪਾਰਟੀ ਮਜ਼ਬੂਤ ਹੋਈ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਸ਼ਿਵ ਸੈਨਾ ਹਿੰਦੁਸਤਾਨ ਲੁਧਿਆਣਾ ਦਾ ਬਹੁਤ ਜਲਦੀ ਪੁਨਰਗਠਨ ਕੀਤਾ ਜਾਵੇਗਾ ਅਤੇ ਨਵੇਂ ਅਹੁਦੇਦਾਰਾਂ ਦਾ ਐਲਾਨ ਕੀਤਾ ਜਾਵੇਗਾ। ਅੱਜ ਪਾਰਟੀ ਵਿੱਚ ਸ਼ਾਮਲ ਹੋਏ ਡਿੰਪਲ ਧਵਨ ਨੂੰ ਵੀ ਬਹੁਤ ਜਲਦੀ ਜ਼ਿਲ੍ਹਾ ਪੱਧਰ 'ਤੇ ਅਹੁਦੇਦਾਰ ਨਿਯੁਕਤ ਕੀਤਾ ਜਾਵੇਗਾ।

ਅੱਜ ਦੀ ਮੀਟਿੰਗ ਵਿੱਚ ਉਨ੍ਹਾਂ ਨੇ ਪੰਜਾਬ ਵਿੱਚ ਵੱਡੇ ਪੱਧਰ 'ਤੇ ਗਊ ਕਤਲਖਾਨਿਆਂ ਨੂੰ ਫੜਨ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਗੁਰੂਆਂ, ਦੇਵਤਿਆਂ ਅਤੇ ਮਹਾਂਪੁਰਖਾਂ ਦੀ ਧਰਤੀ ਹੈ, ਪਰ ਹਾਲ ਹੀ ਵਿੱਚ, ਗੁਰੂ ਨਗਰੀ ਅੰਮ੍ਰਿਤਸਰ ਵਿੱਚ ਵੀ ਵੱਡੇ ਪੱਧਰ 'ਤੇ ਗਊ-ਕਤਲ ਕਰਦੇ ਦੋਸ਼ੀ ਫੜੇ ਗਏ, ਪਰ ਮੁੱਖ ਮੰਤਰੀ ਜਾਂ ਸਰਕਾਰ ਵੱਲੋਂ ਮੰਤਰੀਆਂ ਵੱਲੋਂ ਨਿੰਦਾ ਦਾ ਇੱਕ ਵੀ ਸ਼ਬਦ ਨਹੀਂ ਬੋਲਿਆ ਗਿਆ। ਸ਼ਿਵ ਸੈਨਾ ਹਿੰਦੁਸਤਾਨ ਨੇ ਐਲਾਨ ਕੀਤਾ ਕਿ ਸਾਰੇ ਹਿੰਦੂ ਸੰਗਠਨਾਂ ਦੀ ਇੱਕ ਸਮੂਹਿਕ ਸਾਂਝੀ ਰਣਨੀਤੀ ਬਣਾਈ ਜਾਵੇਗੀ ਅਤੇ ਪੰਜਾਬ ਵਿੱਚ ਇੱਕ ਵੱਡਾ ਅੰਦੋਲਨ ਚਲਾਇਆ ਜਾਵੇਗਾ।

# ਪੰਜਾਬ ਕਾਂਗਰਸ ਵੱਲੋਂ ਲੁਧਿਆਣਾ ਵਿਖੇ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਦੇ ਵਿਰੁੱਧ ਵਿਰੋਧ ਪ੍ਰਦਰਸ਼ਨ



**ਮਾਛੀਵਾੜਾ ਸਾਹਿਬ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਲੈਂਡ ਪੋਲਿੰਗ ਦੀ ਅਪਣਾਈ ਗਈ ਨੀਤੀ ਦੇ ਵਿਰੋਧ ਵਿੱਚ ਪੰਜਾਬ ਕਾਂਗਰਸ ਵੱਲੋਂ ਅੱਜ ਲੁਧਿਆਣਾ ਦੇ ਗਲਾਡਾ ਦੇ ਦਫਤਰ ਸਾਹਮਣੇ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਇਸ ਵਿਰੋਧ ਪ੍ਰਦਰਸ਼ਨ ਵਿੱਚ ਮਾਛੀਵਾੜਾ ਸਾਹਿਬ ਤੋਂ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਅਗਵਾਈ ਵਿੱਚ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਅਤੇ ਸ਼ਹਿਰੀ ਪ੍ਰਧਾਨ ਕਪਿਲ ਅਨੰਦ ਵੱਡੀ ਗਿਣਤੀ ਵਿੱਚ ਆਪਣੇ ਵਰਕਰ ਸਮੇਤ ਪੁੱਜੇ।

ਵਿਰੋਧ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਕਿਸਾਨ ਪੰਜਾਬ ਹਿਤੈਸ਼ੀ ਪਾਰਟੀ ਹੈ ਅਤੇ ਹਮੇਸ਼ਾ ਕਿਸਾਨਾਂ ਦੇ ਹੱਕਾਂ ਲਈ ਡੱਟ ਕੇ ਉਹਨਾਂ ਦੇ ਨਾਲ ਖੜ੍ਹੀ ਹੈ। ਹੁਣ ਵੀ ਆਪ ਦੀ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਜਮੀਨ ਅਖ਼ਬਾਰ ਕਰਨ ਲਈ ਜੋ ਲੈਂਡ ਪੂਲਿੰਗ ਨੀਤੀ ਅਪਣਾਈ ਗਈ ਹੈ, ਪੰਜਾਬ ਪ੍ਰਦੇਸ਼ ਕਾਂਗਰਸ ਉਸ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ ਅਤੇ ਕਿਸਾਨਾਂ ਦੇ ਨਾਲ ਡੱਟ ਕੇ ਖੜ੍ਹੀ ਹੈ।ਕਿਸੇ ਵੀ ਕਿਸਾਨ ਦੀ ਜਮੀਨ ਜਬਰਦਸਤੀ ਐਕਵਾਇਰ ਨਹੀਂ ਹੋਣ ਦਿੱਤੀ ਜਾਵੇਗੀ।

ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਕਹਿੰਦੇ ਸੰਬੋਧਨ ਕਰਦਿਆਂ ਕਿਹਾ ਕਿ ਆਪ ਦੀ ਪੰਜਾਬ ਸਰਕਾਰ ਜੋ ਲੁਧਿਆਣੇ ਦੇ ਨੇੜੇ 24,500 ਅਤੇ 250 ਏਕੜ ਜਮੀਨ ਸਮਰਾਲਾ ਹਲਕੇ ਦੇ ਬਾਲਿਓਂ ਪਿੰਡ ਦੇ ਨਜ਼ਦੀਕ ਲੈਂਡ ਪੂਲਿੰਗ ਪਾਲਿਸੀ ਤਹਿਤ ਐਕਵਾਇਰ ਕਰਨ ਲੱਗੀ ਹੈ ਉਹ ਕਿਸੇ ਵੀ ਹਾਲਤ ਉੱਤੇ ਸਰਕਾਰ ਨੂੰ ਕਾਮਯਾਬ ਨਹੀਂ ਹੋਣ ਦੇਣਗੇ ਤੇ ਇਸ ਦੇ ਵਿਰੁੱਧ ਵਿੱਚ ਕਾਂਗਰਸ ਪਾਰਟੀ ਆਉਣ ਵਾਲੇ ਦਿਨਾਂ ਵਿੱਚ ਹੋਰ ਵੱਡਾ ਵਿਰੋਧ ਪ੍ਰਦਰਸ਼ਨ ਕਰੇਗੀ।

ਇਸ ਰੋਸ ਪ੍ਰਦਰਸ਼ਨ ਵਿੱਚ ਮਾਛੀਵਾੜਾ ਸਾਹਿਬ ਤੋਂ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਸ਼ਹਿਰੀ ਪ੍ਰਧਾਨ ਕਪਿਲ ਆਨੰਦ, ਜ਼ਿਲ੍ਹਾ ਕਾਂਗਰਸ ਵਾਈਸ ਪ੍ਰਧਾਨ ਕਸਤੂਰੀ ਲਾਲ ਮਿੰਟੂ, ਸੀਨੀਅਰ ਆਗੂ ਜਗਜੀਤ ਸਿੰਘ ਪ੍ਰਿਥੀਪੁਰ, ਬਲਾਕ ਸੋਸ਼ਲ ਮੀਡੀਆ ਇੰਚਾਰਜ ਵਨੀਤ ਕੁਮਾਰ ਝੜੌਦੀ, ਮੰਡਲ ਪ੍ਰਧਾਨ ਨੰਦ ਕਿਸ਼ੋਰ, ਕਮਲ ਪੂਨੀਆ ,ਰਾਜਨ ਸਰਪੰਚ ਮੰਡਲ ਪ੍ਰਧਾਨ,ਸੁਖਦੀਪ ਸਿੰਘ ਮੰਡਲ ਪ੍ਰਧਾਨ, ਬੀ.ਸੀ. ਸੈੱਲ ਜ਼ਿਲ੍ਹਾ ਪ੍ਰਧਾਨ ਵਿਜੇ ਰਾਣਾ, ਕੌਂਸਲਰ ਸੁਰਿੰਦਰ ਸਿੰਦੀ, ਸਾਬਕਾ ਕੌਂਸਲਰ ਪਰਮਜੀਤ ਪੰਮੀ, ਚੇਤਨ ਚਰਾਇਆ, ਸਾਬਕਾ ਕੌਂਸਲਰ ਅਮਰਜੀਤ ਸਿੰਘ, ਬਰਿੰਦਰ ਲਾਲ, ਵੀਰਪਾਲ ,ਰਜਿੰਦਰ ਕੁਮਾਰ ,ਬਲਕਾਰ ਸਿੰਘ, ਬਿੱਟੂ ,ਕਰਨੈਲ ਸਿੰਘ ਹੁਸ਼ਿਆਰ ਸਿੰਘ,ਜਗਦੀਸ਼ ਸਿੰਘ, ਮਨਪ੍ਰੀਤ ਸਿੰਘ, ਗੁਰਬੀਰ ਸਿੰਘ, ਕੁਲਵੰਤ ਸਿੰਘ ਸਰਪੰਚ, ਰਕੇਸ਼ ਕੁਮਾਰ ਸਿੰਦੂ, ਮਨਪ੍ਰੀਤ ਮੰਨਾ ਗੁਲਜਾਰ ਸਿੰਘ, ਸ਼ੇਰ ਸਿੰਘ, ਕਾਕਾ ਸਰਪੰਚ, ਯੁਵਰਾਜਜੀਤ ਸਿੰਘ ਰਾਏ, ਜੋਰਾ ਸਿੰਘ, ਵਿਜੇ ਕੁਮਾਰ, ਬਲਵਿੰਦਰ ਰਾਏ ਸੋਨੀ ਅਤੇ ਵੱਡੀ ਗਿਣਤੀ ਵਿੱਚ ਵਰਕਰ ਕਾਫਲਾ ਦੇ ਰੂਪ ਵਿੱਚ ਪੁੱਜੇ।

# ਮਾਛੀਵਾੜਾ ਦੀ ਜੈਸਮੀਨ ਬਰਾੜ ਨੇ ਸਿਡਨੀ ਵਿਖੇ ਸਮਾਗਮ ਦੌਰਾਨ ਜਿੱਤਿਆ ਧੀ ਪੰਜਾਬ ਦੀ ਐਵਾਰਡ

**ਮਾਛੀਵਾੜਾ ਸਾਹਿਬ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਹਿੰਦੇ ਹਨ ਕਿ ਪੰਜਾਬੀ ਦੁਨੀਆਂ ਤੇ ਆਏ ਹੀ ਮੇਲਾ ਬਣਾਉਣ ਹਨ। ਤੇ ਜਿੱਥੇ ਚਾਰ ਪੰਜਾਬੀ ਇਕੱਠੇ ਹੋ ਜਾਣ ਉੱਥੇ ਤੁਰਦਾ ਫਿਰਦਾ ਮੇਲਾ ਬਣ ਜਾਂਦਾ, ਅਤੇ ਮੇਲੇ ਵਿੱਚ ਤਾਂ ਪੰਜਾਬੀਆਂ ਦਾ ਜਲੌਅ, ਉਤਸਾਹ, ਚਾਅ ਵੇਖਣ ਯੋਗ ਹੁੰਦਾ ਹੈ। ਇਸ ਲਈ ਪੰਜਾਬੀਆਂ ਦੀ ਦੁਨੀਆਂ ਦੇ ਹਰ ਕੋਨੇ ਵਿੱਚ ਇੱਕ ਵੱਖਰੀ ਪਹਿਚਾਣ ਅਤੇ ਪੰਜਾਬ ਦੀ ਬੱਲੇ ਬੱਲੇ ਹੈ। ਮਾਛੀਵਾੜਾ ਸਾਹਿਬ ਦੀ ਪੰਜਾਬਣ ਮੁਟਿਆਰ ਜੈਸਮੀਨ ਕੌਰ ਬਰਾੜ ਨੇ ਆਸਟਰੇਲੀਆ ਦੇ ਸ਼ਹਿਰ ਸਿਡਨੀ ਵਿਖੇ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਸਮਾਗਮ ਵਿੱਚ ਧੀ ਪੰਜਾਬ ਦੀ ਐਵਾਰਡ ਪ੍ਰਾਪਤ ਕਰ ਹਰ ਪੰਜਾਬ ਵਾਸੀ ਦਾ ਸਿਰ ਮਾਂ ਨਾਲ ਉੱਚਾ ਕੀਤਾ ਹੈ। ਜੈਸਮੀਨ ਕੌਰ ਬਰਾੜ ਦੇ ਪਿਤਾ ਮਾਛੀਵਾੜਾ ਵਾਸੀ ਹਰਦਮਨ ਸਿੰਘ ਬਰਾੜ ਅਤੇ ਮਾਤਾ ਪਵਨਦੀਪ ਕੌਰ ਬਰਾੜ ਅਤੇ ਛੋਟੀ ਭੈਣ ਅਨਮੋਲ ਬਰਾੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੈਸਮੀਨ ਕੌਰ ਬਰਾੜ ਪਿਛਲੇ ਕਈ ਵਰ੍ਹ ?ਆਂ ਤੋਂ ਆਸਟਰੇਲੀਆ ਵਿਖੇ ਪੜ੍ਹਾਈ ਕਰ ਰਹੀ ਹੈ। ਪੰਜਾਬੀ ਸੱਭਿਆਚਾਰਿਕ ਸਮਾਗਮਾਂ ਵਿੱਚ ਵੱਧ ਚੜ੍ਹਕੇ ਹਿੱਸਾ ਲੈਣ ਵਾਲੀ ਉਨ੍ਹਾਂ ਦੀ ਬੇਟੀ ਜੈਸਮੀਨ ਬਰਾੜ ਪੜ੍ਹਾਈ ਵਿੱਚ ਵੀ ਮੱਲਾਂ ਮਾਰ ਰਹੀ ਹੈ ਅਤੇ ਸੱਭਿਆਚਾਰਕ ਸਮਾਗਮਾਂ ਵਿੱਚ ਵੀ ਮੋਹਰੀ ਭੂਮਿਕਾ ਨਿਭਾਉਂਦੀ ਹੈ।

ਉਹਨਾਂ ਦੱਸਿਆ ਕਿ ਪਹਿਲਾਂ ਸਿਡਨੀ ਵਿੱਚ ਹੋਏ ਤੀਆਂ ਦੇ ਸਮਾਗਮ ਵਿੱਚ ਵੀ ਜੈਸਮੀਨ ਫਸਟ ਰਹੀ ਅਤੇ ਮੈਲਬੋਰਨ ਵਿਖੇ ਸਭਿਆਚਾਰਕ ਪ੍ਰੋਗਰਾਮ ਵਿੱਚ ਵੀ ਉਸਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੰਜਾਬੀ ਸੱਭਿਆਚਾਰ ਦੀ ਵਿਸ਼ੇਸ਼ ਛਾਪ ਛੱਡੀ।

ਬੀਤੀ 12 ਜੁਲਾਈ ਨੂੰ ਸਿਡਨੀ ਵਿਖੇ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਸਮਾਗਮ ਵਿੱਚ ਉਸਨੇ ਪੰਜਾਬੀ ਸੱਭਿਆਚਾਰ ਦੀਆਂ ਵੱਖ-ਵੱਖ ਵੰਨਗੀਆਂ ਪੇਸ਼ ਕਰਦਿਆਂ ਧੀ ਪੰਜਾਬ ਦੀ ਦਾ ਐਵਾਰਡ ਪ੍ਰਾਪਤ ਕਰ ਆਪਣੀਆਂ ਸਫਲਤਾਵਾਂ ਵਿੱਚ ਇੱਕ ਹੋਰ ਕੀਮਤੀ ਪਲ ਜੋੜ ਲਿਆ ਹੈ। ਇਸ ਪ੍ਰਤੀਯੋਗਤਾ ਦੇ ਫਾਈਨਲ ਵਿੱਚ ਅੱਠ ਪੰਜਾਬਣ ਮੁਟਿਆਰਾਂ ਨੇ ਆਪੋ ਆਪਣੀ ਕਲਾਕਾਰੀ ਪੇਸ਼ਕਾਰ ਪੰਜਾਬੀ ਸੱਭਿਆਚਾਰ ਨੂੰ ਪੇਸ਼ ਕੀਤਾ। ਇਸ ਮੌਕੇ ਪਰਿਵਾਰ ਨੂੰ ਵਧਾਈ ਦੇਣ ਵਾਲਿਆਂ ਵਿੱਚ ਰਿਸ਼ਤੇਦਾਰ,ਸੱਜਣ ਸਨੇਹੀ ਅਤੇ ਉੱਘੇ ਸਮਾਜ ਸੇਵੀ ਸ਼ਿਵ ਕੁਮਾਰ ਸ਼ਿਵਲੀ, ਰਣਜੋਤ ਸਿੰਘ, ਕੁਲਵਿੰਦਰ ਸਿੰਘ, ਜਸਵੰਤ ਕੌਰ, ਸ਼ਰਨਜੀਤ ਕੌਰ ਵੀ ਮੌਜੂਦ ਸਨ।

# ਸਮਾਣਾ ਦੇ ਸਕੂਲਾਂ ਨੂੰ ਸੇਫ਼ ਸਕੂਲ ਵਾਹਨ ਨੀਤੀ ਤਹਿਤ ਨੋਟਿਸ ਜਾਰੀ, 10 ਦਿਨਾਂ 'ਚ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਦੇ ਨਿਰਦੇਸ਼



**ਸਮਾਣਾ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰੀਜ਼ਨਲ ਟਰਾਂਸਪੋਰਟ ਅਫ਼ਸਰ ਬਬਨਦੀਪ ਸਿੰਘ ਵਾਲੀਆ ਨੇ ਦੱਸਿਆ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੇਫ਼ ਸਕੂਲ ਵਾਹਨ ਨੀਤੀ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਸਮਾਣਾ ਦੇ ਸਕੂਲਾਂ ਨੂੰ ਨੋਟਿਸ ਜਾਰੀ ਕਰਕੇ 10 ਦਿਨਾਂ ਦੇ ਅੰਦਰ-ਅੰਦਰ ਨਿਯਮਾਂ ਦਾ ਪਾਲਣ ਕਰਨ ਦੀ ਹਦਾਇਤ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਨਿਰਦੇਸ਼ਾਂ ਮੁਤਾਬਕ ਸਮਾਣਾ ਦੇ ਐਸ.ਡੀ.ਐਮ ਰਿਚਾ ਗੋਇਲ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਰੂਪਵੰਤ ਕੌਰ ਤੇ ਟਰਾਂਸਪੋਰਟ ਵਿਭਾਗ ਅਤੇ ਟ ?ੈਫਿਕ ਪੁਲਿਸ ਦੀ ਟੀਮ ਵੱਲੋਂ ਸਮਾਣਾ ਸਬ ਡਵੀਜਨ ਅੰਦਰ ਪੈਂਦੇ 8 ਪ੍ਰਾਈਵੇਟ ਸਕੂਲਾਂ ਦੇ ਵਾਹਨਾਂ ਦੀ ਚੈਕਿੰਗ ਕੀਤੀ ਗਈ।

ਇਸ ਦੌਰਾਨ ਸੇਫ ਸਕੂਲ ਵਾਹਨ ਨੀਤੀ ਤਹਿਤ ਸਾਹਮਣੇ ਆਈਆਂ ਖਾਮੀਆਂ ਕਰਕੇ 82 ਤੇ 66 ਚਲਾਨ ਕੱਟੇ ਗਏ ਤੇ 4 ਵਾਹਨ ਬਾਊਂਡ ਕੀਤੇ ਗਏ ਹਨ ਜਦਕਿ 1 ਲੱਖ 75 ਹਜ਼ਾਰ ਰੁਪਏ ਦੇ ਜੁਰਮਾਨੇ ਵੀ ਕੀਤੇ ਗਏ ਹਨ।

ਐਸ.ਡੀ.ਐਮ. ਰਿਚਾ ਗੋਇਲ ਨੇ ਦੱਸਿਆ ਕਿ ਮਿਤੀ 7, 9 ਅਤੇ 11 ਜੁਲਾਈ ਨੂੰ ਕ੍ਰਮਵਾਰ 2, 4 ਅਤੇ 2 ਸਕੂਲਾਂ ਦੀ ਚੈਕਿੰਗ ਕੀਤੀ ਗਈ। ਇਸ ਤੋਂ ਬਿਨ੍ਹਾਂ ਇਨ੍ਹਾਂ ਸਕੂਲਾਂ ਵਿੱਚ ਪੋਕਸੋ ਐਕਟ ਅਤੇ ਸਕੂਲ ਬੈਗ ਬਾਰੇ ਨੀਤੀ ਤਹਿਤ ਚੈਕਿੰਗ ਕੀਤੀ ਗਈ ਅਤੇ ਲੈਕਚਰ ਵੀ ਕਰਵਾਏ ਗਏ ਹਨ।

ਉਨ੍ਹਾਂ ਕਿਹਾ ਕਿ ਸਕੂਲਾਂ ਨੂੰ ਵਾਰ-ਵਾਰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾ ਰਹੇ ਹਨ ਕਿ ਸਕੂਲੀ ਬੱਚਿਆਂ ਦੀ ਸੁਰੱਖਿਅਤ ਆਵਾਜਾਈ ਯਕੀਨੀ ਬਣਾਉਣ ਲਈ ਕੋਈ ਕੁਤਾਹੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਗਿਆ ਕਿ ਜੇਕਰ ਸਕੂਲਾਂ ਦੇ ਵਾਹਨਜ ਜਾਂ ਪ੍ਰਾਈਵੇਟ ਵਾਹਨ ਹਰ ਪਖੋਂ ਸਹੀ ਹੋਣਗੇ ਤਾਂ ਹੀ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਂਈ ਜਾ ਸਕਦੀ ਹੈ। ਬੱਚਿਆਂ ਦੀ ਸੁਰੱਖਿਆ ਪ੍ਰਸ਼ਾਸਨ, ਸਕੂਲਾਂ, ਮਾਪਿਆਂ ਆਦਿ ਸਭ ਦੀ ਸਮੂਹਿਕ ਜਿੰਮੇਵਾਰੀ ਹੈ।

# ਧਰਾਂਗ ਵਾਲਾ ਸਕੂਲ 'ਚ ਵਿਦਿਆਰਥੀਆਂ ਨੇ ਚਾਰਟਾਂ ਰਾਹੀਂ ਦਿੱਤਾ ਵਧਦੀ ਆਬਾਦੀ ਨੂੰ ਰੋਕਣ ਦਾ ਸੁਨੇਹਾ



**ਫਾਜ਼ਿਲਕਾ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਯੁਵਾ ਭਾਰਤ ਵਿਭਾਗ ਵੱਲੋਂ, ਜ਼ਿਲ੍ਹਾ ਯੂਥ ਅਫ਼ਸਰ ਮਨੀਸ਼ਾ ਗੋਇਲ ਦੀ ਅਗਵਾਈ ਹੇਠ, ਵਿਦਿਆਰਥੀਆਂ ਵਿਚ ਵਧਦੀ ਆਬਾਦੀ ਨੂੰ ਰੋਕਣ ਹਿਤ ਜਾਗਰੂਕਤਾ ਪੈਦਾ ਕਰਨ ਲਈ ਚਾਰਟ ਮੁਕਾਬਲੇ ਆਯੋਜਿਤ ਕੀਤੇ ਗਏ। ਤਾਂ ਜੋ ਲੋਕਾਂ ਅੰਦਰ ਇਸ ਪ੍ਰਤੀ ਜਾਗਰੂਕਤਾ ਪੈਦਾ ਹੋਵੇ।

ਉਨ੍ਹਾਂ ਕਿਹਾ ਕਿ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਧਰਾਂਗ ਵਾਲਾ ਵਿਖ਼ੇ ਕਰਵਾਏ ਗਏ ਮੁਕਾਬਲਿਆਂ ਵਿਚ ਪਹਿਲੇ ਨੰਬਰ ਤੇ ਨੌਵੀਂ ਜਮਾਤ ਦੀ ਦਿਵਤਾ, ਦੂਜੇ ਨੰਬਰ ਤੇ ਦਸਵੀਂ ਜਮਾਤ ਦੀ ਨਿਸ਼ਾ ਗੋਇਲ ਤੇ ਤੀਸਰੇ ਨੰਬਰ ਤੇ ਸੱਤਵੀ ਜਮਾਤ ਦੀ ਜਾਨਵੀ ਰਹੇ,

ਇਸ ਮੌਕੇ ਪ੍ਰਿੰਸੀਪਲ ਬਲਜਿੰਦਰ ਸਿੰਘ ਬਰਾੜ, ਰਾਮ ਚੰਦਰ ਸਟਾਫ ਅੰਜੂ ਆਦਿ ਹਾਜਰ ਸਨ,

# ਸ਼ਹੀਦਾਂ ਦੀਆਂ ਯਾਦਗਾਰਾਂ ਤੇ ਸਮਾਰਕਾਂ ਉੱਪਰ ਮਸ਼ਹੂਰੀ ਦੇ ਪੋਸਟਰ ਲਗਾਉਣ ਵਾਲਿਆਂ ਖ਼ਿਲਾਫ਼ ਹੋਵੇਗੀ ਕਾਨੂੰਨੀ ਕਾਰਵਾਈ



**ਗੁਰਦਾਸਪੁਰ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਮਾਂਡਰ ਬਲਜਿੰਦਰ ਵਿਰਕ (ਰਿਟਾ.), ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਗੁਰਦਾਸਪੁਰ ਨੇ ਦੱਸਿਆ ਕਿ ਦੇਸ਼ ਦੀਆਂ ਸਰਹੱਦਾਂ ਤੇ ਸ਼ਹੀਦ ਹੋਣ ਵਾਲੇ ਸੈਨਿਕਾਂ ਦੀ ਯਾਦ ਨੂੰ ਤਾਜ਼ਾ ਰੱਖਣ ਹਿਤ ਉਨ੍ਹਾਂ ਦੇ ਨਾ ਤੇ ਸੜਕ, ਗੇਟ, ਸਕੂਲ, ਕਾਲਜ ਜਾਂ ਬੁੱਤ ਆਦਿ ਯਾਦਗਾਰਾਂ ਬਣਾਈਆਂ ਗਈਆਂ ਹਨ। ਅਜਿਹੀਆਂ ਯਾਦਗਾਰਾਂ ਅਤੇ ਸਮਾਰਕ ਦੇਸ਼ ਦੇ ਧਰੋਹਰ ਹੁੰਦੇ ਹਨ, ਇਸ ਲਈ ਇਨ੍ਹਾਂ 'ਤੇ ਪੋਸਟਰ ਲਗਾਉਣ ਨਾਲ ਜਿੱਥੇ ਸ਼ਹੀਦਾਂ ਦਾ ਅਪਮਾਨ ਹੁੰਦਾ ਹੈ ਉਥੇ ਨਾਲ ਹੀ ਇਹ ਕਾਨੂੰਨੀ ਅਪਰਾਧ ਹੈ।

ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਨੇ ਕਿਹਾ ਕਿ ਇਹ ਆਮ ਤੌਰ ਤੇ ਵੇਖਣ ਵਿੱਚ ਆਇਆ ਹੈ ਕਿ ਜਦੋਂ ਵੀ ਕਿਸੇ ਵੱਲੋਂ ਕੋਈ ਸਤਸੰਗ ਜਾਂ ਧਾਰਮਿਕ ਸਮਾਗਮ ਕਰਵਾਇਆ ਜਾਂਦਾ ਹੈ, ਪ੍ਰਾਈਵੇਟ ਸਕੂਲਾਂ ਵਿੱਚ ਦਾਖਲਾ ਸ਼ੁਰੂ ਹੁੰਦਾ ਹੈ ਜਾਂ ਕਿਸੇ ਦੁਕਾਨਦਾਰ ਵੱਲੋਂ ਆਪਣੇ ਸਾਮਾਨ ਦੇ ਪ੍ਰਚਾਰ ਸਬੰਧੀ ਮਸ਼ਹੂਰੀ ਕੀਤੀ ਜਾਂਦੀ ਹੈ ਤਾਂ ਪੋਸਟਰ ਇਨ੍ਹਾਂ ਯਾਦਗਾਰਾਂ ਤੇ ਚਿਪਕਾ ਦਿੱਤੇ ਜਾਂਦੇ ਹਨ ਜੋ ਕਿ ਗੈਰ ਕਾਨੂੰਨੀ ਹਨ। ਉਨ੍ਹਾਂ ਕਿਹਾ ਕਿ ਜਦੋਂ ਇਸ ਸਬੰਧੀ ਸਬੰਧਿਤ ਧਿਰ ਨੂੰ ਪੁੱਛਿਆ ਜਾਂਦਾ ਹੈ ਤਾਂ ਉਹ ਸਾਰੀ ਜ਼ਿੰਮੇਵਾਰੀ ਪੋਸਟਰ ਲਗਾਉਣ ਵਾਲੀ ਲੇਬਰ ਉੱਪਰ ਸੁੱਟ ਦਿੰਦੇ ਹਨ। ਉਨ੍ਹਾਂ ਕਿਹਾ ਕਿ ਜਿਸ ਕਿਸੇ ਵੱਲੋਂ ਵੀ ਪੋਸਟਰ ਲਗਵਾਏ ਜਾਂਦੇ ਹਨ ਇਹ ਉਸ ਦੀ ਨਿੱਜੀ ਜ਼ਿੰਮੇਵਾਰੀ ਹੈ ਕਿ ਪੋਸਟਰ ਸਿਰਫ਼ ਨਿਰਧਾਰਿਤ ਥਾਵਾਂ ਉੱਪਰ ਹੀ ਲਗਾਏ ਜਾਣ। ਉਨ੍ਹਾਂ ਕਿਹਾ ਕਿ ਪੋਸਟਰ ਲਗਾਉਣ ਵਾਲੀ ਲੇਬਰ ਨੂੰ ਪਹਿਲਾਂ ਮਸ਼ਹੂਰੀ ਕਰਵਾਉਣ ਵਾਲੀ ਫ਼ਰਮ ਵੱਲੋਂ ਚੰਗੀ ਤਰਾਂ ਸਮਝਾਇਆ ਜਾਵੇ ਕਿ ਉਹ ਕਿਸ ਥਾਂ ਉੱਪਰ ਪੋਸਟਰ ਲਗਾ ਸਕਦੇ ਹਨ ਅਤੇ ਕਿੱਥੇ ਨਹੀਂ। ਉਨ੍ਹਾਂ ਕਿਹਾ ਭਵਿੱਖ ਵਿੱਚ ਜੇਕਰ ਕਿਸੇ ਵੀ ਸ਼ਹੀਦੀ ਯਾਦਗਾਰ ਜਾਂ ਸਮਾਰਕ ਉੱਪਰ ਕੋਈ ਮਸ਼ਹੂਰੀ ਦਾ ਪੋਸਟਰ ਲੱਗਾ ਦਿਖਾਈ ਦਿੱਤਾ ਤਾਂ ਮਸ਼ਹੂਰੀ ਕਰਵਾਉਣ ਵਾਲੀ ਸਬੰਧਿਤ ਧਿਰ ਖ਼ ?ਲਾਫ਼ ਕਾਨੂੰਨੀ ਕਰਵਾਈ ਕੀਤੀ ਜਾਵੇਗੀ। ਉਨ੍ਹਾਂ ਸਮੂਹ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਸ਼ਹੀਦਾਂ ਦੀਆਂ ਯਾਦਗਾਰਾਂ ਤੇ ਸਮਾਰਕਾਂ ਦਾ ਪੂਰਾ ਸਨਮਾਨ ਕੀਤਾ ਜਾਵੇ।

# ਕਾਸੋ ਓਪਰੇਸ਼ਨ ਦੌਰਾਨ 03 ਮੁਕੱਦਮੇ ਦਰਜ, 03 ਵਿਅਕਤੀ ਗ੍ਰਿਫਤਾਰ, 34.24 ਗ੍ਰਾਮ ਨਸ਼ੀਲਾ ਪਾਊਡਰ ਕੀਤਾ ਬਰਾਮਦ

**ਰੂਪ ਨਗਰ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਕਪਤਾਨ ਪੁਲਿਸ ਰੂਪਨਗਰ ਸ. ਗੁਲਨੀਤ ਸਿੰਘ ਖੁਰਾਣਾ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਨਸ਼ਿਆਂ ਖਿਲਾਫ ਚਲਾਈ ਮੁਹਿੰਮ ਅਧੀਨ ਜ਼ਿਲ੍ਹਾ ਰੂਪਨਗਰ ਵਿੱਚ ਪੈਦੀਆਂ ਸਾਰੀਆਂ ਸਬ-ਡਵੀਜਨਾਂ ਦੇ ਡਰੱਗ ਹਾਟ-ਸਪਾਟ ਥਾਵਾਂ ਤੇ ÷ਕਾਰਡਨ ਐਂਡ ਸਰਚ ਓਪਰੇਸ਼ਨ÷ ਚਲਾਇਆ ਗਿਆ।

ਉਨ੍ਹਾਂ ਦੱਸਿਆ ਕਿ ਇਸ ਕਾਰਵਾਈ ਦੌਰਾਨ ਐਨ.ਡੀ.ਪੀ.ਐਸ. ਐਕਟ ਤਹਿਤ 03 ਮੁਕੱਦਮੇ ਦਰਜ ਕੀਤੇ ਗਏ, ਜਿਨ੍ਹਾਂ ਵਿੱਚ 03 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨਾਂ ਪਾਸੋ 34.24 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਕੀਤਾ ਗਿਆ। ਇਸ ਤੋਂ ਇਲਾਵਾ 75 ਸ਼ੱਕੀ ਵਹੀਕਲਾਂ ਨੂੰ ਚੈੱਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਆਪ੍ਰੇਸ਼ਨ ਵਿੱਚ 02 ਐਸ.ਪੀਜ. 07 ਡੀ.ਐਸ.ਪੀ. 10 ਇੰਸਪੈਕਟਰ ਅਤੇ 120 ਦੇ ਕਰੀਬ ਪੁਲਿਸ ਮੁਲਾਜਮ ਲਗਾਏ ਗਏ ਸਨ।

ਸ. ਗੁਲਨੀਤ ਸਿੰਘ ਖੁਰਾਨਾ ਨੇ ਦੱਸਿਆ ਕਿ ਰੂਪਨਗਰ ਪੁਲਿਸ ਵਲੋ ਪਹਿਲਾਂ ਹੀ ਵਿਸ਼ੇਸ਼ ਮੁਹਿੰਮ ਆਰੰਭ ਕਰਕੇ ਰੋਜ਼ਾਨਾ ਹੀ ਗਸ਼ਤਾਂ, ਨਾਕਾਬੰਦੀਆਂ ਅਤੇ ਸਰਚ ਕਰਵਾ ਕੇ ਜਿੱਥੇ ਮਾੜੇ ਅਨਸਰਾਂ ਨੂੰ ਕਾਬੂ ਕੀਤਾ ਜਾ ਰਿਹਾ ਹੈ, ਉਥੇ ਹੀ ਨਸ਼ਿਆਂ ਦਾ ਧੰਦਾ ਕਰਨ ਵਾਲਿਆਂ ਵਿਰੁੱਧ ਮੁਕਦਮੇ ਦਰਜ ਕਰਕੇ ਬਰਾਮਦਗੀ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਕਿਸੇ ਵੀ ਸ਼ਰਾਰਤੀ ਅਤੇ ਮਾੜੇ ਅਨਸਰ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ। ਜ਼ਿਲ੍ਹੇ ਦੇ ਅੰਦਰ ਅਮਨ ਕਾਨੂੰਨ ਵਿਵਸਥਾ ਨੂੰ ਹਰ ਹਾਲ ਕਾਇਮ ਰੱਖਿਆ ਜਾਵੇਗਾ। ਰੂਪਨਗਰ ਪੁਲਿਸ ਵਲੋਂ ਵਿੱਢੀ ਮੁਹਿੰਮ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਹੀ ਜਾਰੀ ਰੱਖਿਆ ਜਾਵੇਗਾ।

# ਗੁਰਤੇਜ ਸੌਂਧੇਵਾਲੀਆ ਜਲਦੀ ਹੀ ਸਰੋਤਿਆਂ ਦੇ ਸਾਹਮਣੇ ਆਉਣਗੇ



**ਸਮਾਣਾ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਤੇਜ ਸੌਂਧੇਵਾਲੀਆ ਜਲਦੀ ਹੀ ਸਰੋਤਿਆਂ ਦੀ ਕਚਹਿਰੀ ਦੇ ਵਿੱਚ ਕਦਰ ਸੌਂਗ ਆਪਣੀ ਖੂਬਸੂਰਤ ਆਵਾਜ਼ ਅਤੇ ਕਲਮ ਦੇ ਨਾਲ ਲੈ ਕੇ ਹਾਜ਼ਰ ਹੋ ਰਹੇ ਨੇ ਗੁਰਤੇਜ ਸੌਂਦੇ ਵਾਲੀਏ ਦਾ ਇੱਕ ਸੌਂਗ ਮਾਵਾ ਪਹਿਲਾਂ ਵੀ ਆਇਆ ਸੀ ਦਰਸ਼ਕਾਂ ਨੇ ਬਹੁਤ ਸਾਰਾ ਪਿਆਰ ਦਿੱਤਾ ਸੀ ਅਤੇ ਗੁਰਤੇਜ ਬਚਪਨ ਤੋਂ ਹੀ ਕਈ ਐਕਟਰਾਂ ਦੀਆਂ ਆਵਾਜ਼ਾਂ ਕੱਢ ਲੈਂਦਾ ਹੈ ਅਤੇ ਕਨਵਰ ਗਰੇਵਾਲ ਦੀ ਆਵਾਜ਼ ਦੇ ਵਿਚ ਗਾ ਕੇ ਕਈ ਮੁਲਾਜ਼ਮਾਂ ਅਤੇ ਦਰਸ਼ਕਾ ਦਾ ਦਿਲ ਜਿੱਤਿਆ ਹੈ ਗੁਰਤੇਜ ਸੋਧੇ ਵਾਲੀਏ ਨੇ ਜਗਰਾਤੇ ਵੀ ਲਗਾਏ ਹਨ ਅਤੇ ਜੀਤ ਪੈਂਚਰਾਂ ਵਾਲਿਆਂ ਦੀਆਂ ਆਵਾਜ਼ਾਂ ਕੱਢ ਕੱਢ ਕੇ ਲੋਕਾਂ ਨੂੰ ਬਹੁਤ ਹਸਾਇਆ ਹੈ ਹੁਣ ਜਲਦੀ ਹੀ ਲੋਕਾਂ ਦੀ ਕਚਹਿਰੀ ਵਿੱਚ ਲੈ ਕੇ ਆਪਣਾ ਲਿਖਿਆ ਹੋਇਆ ਸੌਂਗ ਕਦਰ ਹਾਜ਼ਰ ਹੋ ਰਹੇ ਨੇ ਪਰਮਾਤਮਾ ਉਹਨਾਂ ਤੋਂ ਮਿਹਰ ਭਰਿਆ ਹੱਥ ਰੱਖੇ

# ਸਮਾਜ ਭਲਾਈ ਹੀ ਅਸਲੀ ਮਾਨਵਤਾ ਦੀ ਸੇਵਾ : ਡਾ. ਕਾਂਸਲ




**ਪਟਿਆਲਾ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਸਲ ਫਾਊਂਡੇਸ਼ਨ ਦੇ ਪ੍ਰਧਾਨ ਡਾ. ਗੁਰਵਿੰਦਰ ਕਾਂਸਲ ਅਤੇ ਡੈਡੀਕੇਟਿਡ ਬ੍ਰਦਰਜ਼ ਗਰੁੱਪ ਦੇ ਪ੍ਰਧਾਨ ਡਾ. ਰਾਕੇਸ਼ ਵਰਮੀ, ਜਨਰਲ ਸਕੱਤਰ ਹਰਪ੍ਰੀਤ ਸੰਧੂ ਦੇ ਨਾਲ ਨਾਲ ਭਾਜਪਾ ਯੁਵਾ ਆਗੂ ਹਰਸ਼ਦੀਪ ਸਿੰਘ, ਸਤਿੰਦਰ ਪਾਠੀ, ਐਸ ਕੇ ਭਾਰਦਵਾਜ, ਰਾਕੇਸ਼ ਕੁਮਾਰ, ਹੇਮਾ, ਇਸ਼ਾਂਤ ਅਤੇ ਸੁਸ਼ਾਂਤ ਨੇ ਅਨੰਦ ਨਗਰ-ਬੀ ਦੇ ਗੁਰੂਦਵਾਰਾ ਹੋਈ ਮਰਦਾਨ ਵਿੱਖੇ ਅੱਖਾਂ ਦੇ ਮੁਫ਼ਤ ਚੈੱਕਅਪ ਕੈਂਪ ਦਾ ਆਯੋਜਨ ਕੀਤਾ ਜਿਸ ਵਿੱਚ ਚਿੱਟੇ ਅਤੇ ਕਾਲੇ ਮੋਤੀਏ ਦਾ ਓਪਰੇਸ਼ਨ ਵੀ ਮੁਫ਼ਤ ਵਿੱਚ ਕੀਤਾ ਜਾਇਗਾ।

ਕਾਂਸਲ ਫਾਊਂਡੇਸ਼ਨ ਅਤੇ ਡੈਡੀਕੇਟਿਡ ਬ੍ਰਦਰਜ਼ ਗਰੁੱਪ ਹਮੇਸ਼ਾ ਹੀ ਸਮਾਜ ਭਲਾਈ ਦੇ ਕੰਮ ਕਰਦੇ ਆ ਰਹੇ ਹਨ ਤੇ ਕੈਂਪ ਦੌਰਾਨ ਡਾ. ਗੁਰਵਿੰਦਰ ਕਾਂਸਲ ਨੇ ਕਿਹਾ ਕਿ ਸਮਾਜ ਭਲਾਈ ਹੀ ਅਸਲੀ ਮਾਨਵਤਾ ਦੀ ਸੇਵਾ ਹੈ ਤੇ ਕਾਂਸਲ ਫਾਊਂਡੇਸ਼ਨ ਅਤੇ ਡੈਡੀਕੇਟਿਡ ਬ੍ਰਦਰਜ਼ ਗਰੁੱਪ ਹਰ ਵਕਤ ਸਮਾਜ ਦੀ ਸੇਵਾ ਲਈ ਹਾਜ਼ਰ ਹਨ ਨਾਲ ਹੀ ਡਾ. ਕਾਂਸਲ ਨੇ ਇਹ ਵੀ ਦਸਿਆ ਕਿ ਗੁਰਦੁਆਰਾ ਅਨੰਦ ਨਗਰ-ਬੀ ਵਿੱਚ ਲਗਾਏ ਗਏ ਕੈਂਪ ਦੌਰਾਨ ਲਗਭਗ 120 ਵਿਅਕਤੀਆਂ ਨੇ ਲਾਭ ਲਿਆ ਹੈ। ਇਸ ਮੌਕੇ ਡੈਡੀਕੇਟਿਡ ਬ੍ਰਦਰ ਗਰੁੱਪ ਦੇ ਪ੍ਰਧਾਨ ਡਾ. ਰਾਕੇਸ਼ ਵਰਮੀ, ਜਨਰਲ ਸਕੱਤਰ ਹਰਪ੍ਰੀਤ ਸੰਧੂ ਦਾ ਕਹਿਣਾ ਹੈ ਕਿ ਅਸੀਂ ਸਾਰੇ ਇੱਕ ਹੋਕੇ ਜਿਵੇਂ ਸਮਾਜ ਭਲਾਈ ਦੇ ਕੰਮ ਕਰਦੇ ਆਏ ਹੈ ਇਸ ਤਰ੍ਹਾਂ ਹੀ ਕਰਦੇ ਰਹਾਂਗੇ ਤੇ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ ਪਟਿਆਲਾ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਲਗਾਉਣ ਦੀ ਕੋਸ਼ਿਸ਼ ਕਰਨਗੇ ਜਿਸ ਤੋਂ ਪਟਿਆਲਾ ਵਾਸੀ ਜ਼ਿਆਦਾ ਤੋਂ ਜ਼ਿਆਦਾ ਲਾਭ ਲੈ ਸਕਣ।

# ਭਗਵੰਤ ਮਾਨ ਨੂੰ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਵਿਰੁੱਧ ਵਰਤੀ ਗਈ ਗੈਰ-ਸੰਸਦੀ ਭਾਸ਼ਾ ਲਈ ਮੰਗਣੀ ਚਾਹੀਦੀ ਹੈ ਮੁਆਫ਼ੀ : ਕੈਂਥ



**ਪਟਿਆਲਾ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਦੇ ਉਪ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਿਰੁੱਧ ਕੀਤੀ ਗਈ ਟਿੱਪਣੀ ਦੀ ਨਿੰਦਾ ਕਰਦਿਆਂ ਕਿਹਾ ਕਿ ਉਹ ਗੈਰ-ਸੰਸਦੀ ਭਾਸ਼ਾ ਦੀ ਵਰਤੋਂ ਕਰ ਰਹੇ ਹਨ ਜੋ ਮੁੱਖ ਮੰਤਰੀ ਅਹੁਦੇ ਦੀ ਸ਼ਾਨ ਨੂੰ ਠੇਸ ਪਹੁੰਚਾ ਰਹੀ ਹੈ ਅਤੇ ਉਹ ਇੱਕ ਬੇਰੋਕ ਖੇਡ ਖੇਡ ਰਹੇ ਹਨ ਅਤੇ ਭਾਰਤੀ ਸਭਿਅਤਾ ਦੇ ਵਿਰੁੱਧ ਹਨ। ਉਨ੍ਹਾਂ ਕਿਹਾ ਕਿ ਮਾਨ ਨੂੰ ਆਪਣੀ ਅਸਭਿਅਕ ਭਾਸ਼ਾ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ। ਭਾਜਪਾ ਆਗੂ ਕੈਂਥ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਸਭਿਅਕ ਭਾਸ਼ਾ ਦੀ ਵਰਤੋਂ ਕਰਕੇ ਕੀ ਸਾਬਤ ਕਰਨਾ ਚਾਹੁੰਦੇ ਹਨ ? ਆਮ ਆਦਮੀ ਪਾਰਟੀ ਨੇ ਹਮੇਸ਼ਾ ਅਰਾਜਕਤਾ ਅਤੇ ਵਿਵਸਥਾ ਵਿਰੁੱਧ ਬੋਲ ਕੇ ਅਤੇ ਦੂਜਿਆਂ ਨੂੰ ਦੋਸ਼ ਦੇ ਕੇ ਅਤੇ ਉਨ੍ਹਾਂ ਵਿੱਚ ਨੁਕਸ ਲੱਭ ਕੇ ਸੱਤਾ ਹਾਸਲ ਕਰਨ ਲਈ ਸਸਤੇ ਹੱਥਕੰਡੇ ਅਪਣਾਏ ਹਨ, ਅੱਜ ਵੀ ਉਹ ਉਸੇ ਰਸਤੇ 'ਤੇ ਚੱਲ ਰਹੇ ਹਨ, ਜੋ ਭਾਰਤੀ ਲੋਕਤੰਤਰ ਦੀਆਂ ਪਰੰਪਰਾਵਾਂ ਦੇ ਵਿਰੁੱਧ ਹਨ। ਇਸ ਨਾਲ ਸਮਾਜ ਵਿੱਚ ਅਸ਼ਾਂਤੀ ਫੈਲਦੀ ਹੈ, ਜਿਸ ਨਾਲ ਕਾਨੂੰਨ ਵਿਵਸਥਾ ਦੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਸ ਵੇਲੇ ਪੰਜਾਬ ਵਿੱਚ ਜਾਨੀ ਨੁਕਸਾਨ ਅਤੇ ਕਾਨੂੰਨ ਵਿਵਸਥਾ ਦੀ ਸਮੱਸਿਆ ਬਹੁਤ ਗੰਭੀਰ ਹੋ ਗਈ ਹੈ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਨੂੰ ਕਾਬੂ ਕਰਨ ਵਿੱਚ ਅਸਫਲ ਰਹੀ ਹੈ। ਦਿਨ-ਦਿਹਾੜੇ ਕਤਲ, ਲੁੱਟ-ਖਸੁੱਟ, ਧਮਕੀਆਂ, ਜਬਰੀ ਵਸੂਲੀ ਅਤੇ ਹਮਲੇ ਆਮ ਹੋ ਗਏ ਹਨ। ਭਾਜਪਾ ਆਗੂ ਪਰਮਜੀਤ ਸਿੰਘ ਕੈਂਥ ਨੇ ਕਿਹਾ ਹੈ ਕਿ ਮੁੱਖ ਮੰਤਰੀ ਮਾਨ ਨੂੰ ਅਜਿਹੀ ਅਸਭਿਅਕ ਭਾਸ਼ਾ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਸੀ, ਜਿਸ ਨਾਲ ਕੇਂਦਰ ਅਤੇ ਸੂਬੇ ਦੇ ਸਬੰਧਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਮਤਭੇਦ ਪੈਦਾ ਹੋ ਸਕੇ ਅਤੇ ਪੰਜਾਬ ਦੇ ਸਬੰਧਾਂ ਵਿੱਚ ਕੁੜੱਤਣ ਪੈਦਾ ਹੋ ਸਕਦੀ ਹੈ।

# ਸੂਬੇ ਦੀ ਤਰੱਕੀ ਲਈ ਪੰਜਾਬ ਸਰਕਾਰ ਕਰ ਰਹੀ ਮਿਸਾਲੀ ਕਾਰਜ : ਹਰਚੰਦ ਸਿੰਘ ਬਰਸਟ

**ਪਟਿਆਲਾ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ), ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਪਟਿਆਲਾ ਦਫ਼ਤਰ ਵਿਖੇ ਲੋਕ ਮਿਲਣੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸ. ਬਰਸਟ ਵੱਲੋਂ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਸਮੇਤ ਲੋਕਾਂ ਨਾਲ ਮੁਲਾਕਾਤ ਕੀਤੀ ਗਈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ, ਜਿਨ੍ਹਾਂ ਦਾ ਮੌਕੇ ਤੇ ਹੀ ਨਿਪਟਾਰਾ ਕੀਤਾ ਗਿਆ। ਇਸ ਦੌਰਾਨ ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਇਸ ਲੋਕ ਮਿਲਣੀ ਪ੍ਰੋਗਰਾਮ ਦਾ ਮੁੱਖ ਉਦੇਸ਼ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਿੱਧੇ ਤੌਰ ਤੇ ਸੁਣਨਾ ਅਤੇ ਉਨ੍ਹਾਂ ਦਾ ਤੁਰੰਤ ਨਿਪਟਾਰਾ ਕਰਨਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ, ਜੋ ਹਮੇਸ਼ਾ ਲੋਕ ਹਿੱਤ ਵਿੱਚ ਕੰਮ ਕਰਦੀ ਹੈ। ਉਨ੍ਹਾਂ ਕਿਹਾ ਕਿ ਅਸੀਂ ਹਮੇਸ਼ਾ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ’ਤੇ ਹੱਲ ਕਰਨ ਲਈ ਵਚਨਬੱਧ ਹਾਂ।




ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਤਰੱਕੀ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਲਈ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ। ਇਸਦੇ ਨਾਲ ਹੀ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਨਾ ਕਰਨੇ ਪਵੇ, ਇਸਦੇ ਲਈ ਵੀ ਪੰਜਾਬ ਸਰਕਾਰ ਪੂਰੀ ਤਰ੍ਹਾਂ ਨਾਲ ਕਾਰਜਸ਼ੀਲ ਹੈ। ਪੰਜਾਬ ਸਰਕਾਰ ਵੱਲੋਂ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਸੂਬੇ ਦੀ ਤਰੱਕੀ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਸ. ਬਰਸਟ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ 3 ਸਾਲਾਂ ਦੇ ਕਾਰਜਕਾਲ ਦੌਰਾਨ ਸਿੱਖਿਆ, ਸਿਹਤ, ਰੁਜ਼ਗਾਰ ਸਮੇਤ ਹਰ ਖੇਤਰ ਵਿੱਚ ਸ਼ਾਨਦਾਰ ਕੰਮ ਕਰਕੇ ਮਿਸਾਲ ਕਾਇਮ ਕੀਤੀ ਹੈ। ਲੋਕਾਂ ਨੂੰ ਚੰਗੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਸੂਬਾ ਸਰਕਾਰ ਵੱਲੋਂ ਵਿਸ਼ੇਸ਼ ਪੱਧਰ ਤੇ ਕੰਮ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਦੀ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸੂਬੇ ਦੇ 65 ਲੱਖ ਪਰਿਵਾਰਾਂ ਨੂੰ 10 ਲੱਖ ਰੁਪਏ ਤੱਕ ਦਾ ਮੁੱਫ਼ਤ ਅਤੇ ਕੈਸ਼ਲੈਸ ਇਲਾਜ ਮਿਲੇਗਾ, ਤਾਂ ਕਿ ਬਿਨਾਂ ਕਿਸੇ ਆਰਥਿਕ ਬੋਝ ਤੋਂ ਲੋਕ ਆਪਣਾ ਇਲਾਜ ਕਰਵਾ ਸਕਣ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਚੰਗੀ ਸਿੱਖਿਆ ਪ੍ਰਣਾਲੀ ਸਦਕਾ ਐਨ.ਸੀ.ਈ.ਆਰ.ਟੀ. ਵੱਲੋਂ ਨੈਸ਼ਨਲ ਅਚੀਵਮੈਂਚ ਸਰਵੇ (ਐਨ.ਏ.ਐਸ.) 2024 ਵਿੱਚ ਪੰਜਾਬ ਨੇ ਦੇਸ਼ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ, ਜੋ ਕਿ ਬਹੁਤ ਹੀ ਮਾਣ ਵਾਲੀ ਗਈ ਹੈ। ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਰਕਾਰ ਵੱਲੋਂ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ਼ ਸਖ਼ਤ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਖਿਲਾਫ਼ ਚੱਲ ਰਹੀ ਮੁਹਿੰਮ ਵਿੱਚ ਵੱਧ-ਚੜ੍ਹ ਕੇ ਆਪਣਾ ਯੋਗਦਾਨ ਪਾਉਣ, ਤਾਂ ਜੋ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਇਆ ਜਾ ਸਕੇ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੇ ਲੋਕ ਮਿਲਣੀ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਇਸ ਮੌਕੇ ਮਨਿੰਦਰ ਸਿੰਘ ਵਿੱਕੀ ਘਨੌਰ ਵਾਇਸ ਚੇਅਰਮੈਨ ਹੈਲਥ ਕਾਰਪੋਰੇਸ਼ਨ, ਹਰਿੰਦਰ ਸਿੰਘ ਧਬਲਾਨ, ਹਨੀ ਮਾਹਲਾ ਚੇਅਰਮੈਨ ਮਾਰਕਿਟ ਕਮੇਟੀ ਡਕਾਲਾ, ਗੁਲਜਾਰ ਸਿੰਘ ਦੌਂਗਾਟ, ਸ਼ਾਮ ਲਾਲ ਦੱਤ, ਬਲਕਾਰ ਸਿੰਘ ਡਕਾਲਾ, ਗੁਰਪਿਆਰ ਸਿੰਘ ਬਠੋਈ, ਜਸਪਾਲ ਬਾਬਾ, ਗੁਰਪਿਆਰ ਸਿੰਘ, ਲਖਵਿੰਦਰ ਸਿੰਘ ਸਰਪੰਚ ਖੇੜੀ ਬਰਨਾ, ਮਹਿੰਦਰ ਸਿੰਘ ਸਰਪੰਚ ਡਰੋਲਾ, ਕ੍ਰਿਸ਼ਨ ਸਰਪੰਚ ਮੱਵੀ ਸੱਪਾਂ, ਲਖਵਿੰਦਰ ਸਿੰਘ ਸਾਬਕਾ ਸਰਪੰਚ ਲਲੋਛੀ, ਨਵਾਬ ਸਿੰਘ ਰਾਣਾ ਪ੍ਰਧਾਨ ਪੰਚਾਇਤ ਸੈਕਟਰੀ ਯੂਨੀਅਨ ਪੰਜਾਬ ਪਟਿਆਲਾ, ਕਰਨੈਲ ਸਿੰਘ ਪੰਜੇਟਾ, ਬਲਜੀਤ ਸਿੰਘ ਪੰਚ ਡਰੋਲਾ, ਗੁਰਚਰਨ ਸਿੰਘ ਰੁਪਾਣਾ, ਉੱਤਮਦੀਪ ਸਿੰਘ, ਪ੍ਰੀਤਇੰਦਰ ਸਿੰਘ ਮੌਜੂਦ ਰਹੇ।

# ਨਸ਼ਾ ਛੱਡ ਰਹੇ ਵਿਅਕਤੀਆਂ ਨੂੰ ਫਾਸਟ ਫੂਡ ਟ੍ਰੇਨਿੰਗ ਕੋਰਸ ਕਰਵਾਇਆ

## ਨਸ਼ਾ ਛੱਡ ਚੁੱਕੇ ਵਿਅਕਤੀਆਂ ਨੂੰ ਸਵੈ ਰੋਜ਼ਗਾਰ ਦੇ ਕਾਬਲ ਬਣਾਉਣ ਲਈ ਕਰਵਾਏ ਜਾ ਰਹੇ ਨੇ ਕਿੱਤਾ ਮੁਖੀ ਕੋਰਸ : ਡਿਪਟੀ ਕਮਿਸ਼ਨਰ




ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਫਾਸਟ ਫੂਡ ਦੀ ਟਰੇਨਿੰਗ ਕਰਨ ਵਾਲੇ ਨੌਜਵਾਨਾਂ ਨੂੰ ਸਰਟੀਫਿਕੇਟ ਤਕਸੀਮ ਕਰਦੇ ਹੋਏ।

**ਪਟਿਆਲਾ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨਸ਼ਾ ਛੱਡਣ ਵਾਲੇ ਵਿਅਕਤੀਆਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਦੇ ਮਕਸਦ ਨਾਲ ਇਲਾਜ ਦੌਰਾਨ ਹੀ ਕਿੱਤਾ ਮੁਖੀ ਕੋਰਸ ਦੀ ਟਰੇਨਿੰਗ ਦੇਣ ਦੀ ਪਹਿਲ ਕਦਮੀ ਕੀਤੀ ਗਈ ਹੈ, ਜਿਸ ਤਹਿਤ ਸਾਕੇਤ ਨਸ਼ਾ ਮੁਕਤੀ ਤੇ ਜ਼ਿਲ੍ਹਾ ਪੁਨਰਵਾਸ ਕੇਂਦਰ ਵਿਖੇ ਇਲਾਜ ਕਰਵਾ ਰਹੇ ਵਿਅਕਤੀਆਂ ਨੂੰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਆਰਸੇਟੀ ਦੇ ਸਹਿਯੋਗ ਨਾਲ ਫਾਸਟ ਫੂਡ ਟਰੇਨਿੰਗ ਕੋਰਸ ਮੁਕੰਮਲ ਕਰਵਾਇਆ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕੋਰਸ ਮੁਕੰਮਲ ਹੋਣ ’ਤੇ ਪ੍ਰਾਰਥੀਆਂ ਨੂੰ ਸਰਟੀਫਿਕੇਟ ਤਕਸੀਮ ਕੀਤੇ।

ਸਮਾਗਮ ਦੌਰਾਨ ਡਿਪਟੀ ਕਮਿਸ਼ਨਰ ਨੇ ਸਫਲਤਾਪੂਰਵਕ ਕੋਰਸ ਕਰਨ ਵਾਲੇ ਨੌਜਵਾਨਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਨਸ਼ਿਆਂ ਨੂੰ ਛੱਡ ਕੇ ਸਮਾਜ ਦੀ ਮੁਖ ਧਾਰਾ ਦਾ ਹਿੱਸਾ ਬਣਨ ਦੇ ਨਾਲ ਨਾਲ ਆਪਣਾ ਰੋਜ਼ਗਾਰ ਸ਼ੁਰੂ ਕਰਨ ਲਈ ਟਰੇਨਿੰਗ ਲੈਣਾ ਉਨ੍ਹਾਂ ਦੀ ਨਸ਼ਿਆਂ ਵਿਰੁੱਧ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ।

ਉਨ੍ਹਾਂ ਕਿਹਾ ਕਿ ਆਪਣਾ ਕੰਮ ਸ਼ੁਰੂ ਕਰਨ ਵਾਲੇ ਵਿਅਕਤੀਆਂ ਨੂੰ ਪੰਜਾਬ ਸਰਕਾਰ ਵੱਲੋਂ ਨਾ ਕੇਵਲ ਟਰੇਨਿੰਗ ਸਗੋਂ ਲੋਨ ਦਿਵਾਉਣ ਸਮੇਤ ਮਾਹਰਾਂ ਦੀ ਮਦਦ ਵੀ ਪ੍ਰਦਾਨ ਕੀਤੀ ਜਾਵੇਗੀ।

ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਨਸ਼ਾ ਛੱਡਣ ਲਈ ਦਾਖਲ ਵਿਅਕਤੀਆਂ ਲਈ ਭਵਿੱਖ ਵਿੱਚ ਵੀ ਅਜਿਹੇ ਕੋਰਸ ਕਰਵਾਏ ਜਾਣਗੇ, ਜਿਸ ਵਿੱਚ ਫਾਸਟ ਫੂਡ ਸਮੇਤ ਡੇਅਰੀ ਫਾਰਮਿੰਗ, ਪਲਬਰ, ਏ.ਸੀ. ਰਿਪੇਅਰ, ਇਲੈਕਟ੍ਰਸ਼ੀਅਨ ਆਦਿ ਕੋਰਸ ਕਰਵਾ ਕੇ ਇਲਾਜ ਤੋਂ ਬਾਅਦ ਆਪਣਾ ਕੰਮ ਸ਼ੁਰੂ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ।

ਇਸ ਮੌਕੇ ਸਾਕੇਤ ਦੇ ਪ੍ਰੋਜੈਕਟ ਕੋਆਰਡੀਨੇਟਰ ਡਾ. ਪਰਮਿੰਦਰ ਕੌਰ ਨੇ ਦੱਸਿਆ ਕਿ ਸਾਕੇਤ ਵਿਖੇ ਦਾਖਲ 25 ਪ੍ਰਾਰਥੀਆਂ ਨੂੰ ਆਰਸੇਟੀ ਵੱਲੋਂ ਫਾਸਟ ਫੂਡ ਦੀ ਟਰੇਨਿੰਗ ਦਿੱਤੀ ਗਈ ਹੈ। ਜਿਨ੍ਹਾਂ ਨੂੰ ਅੱਜ ਸਰਟੀਫਿਕੇਟ ਪ੍ਰਦਾਨ ਕੀਤੇ ਗਏ ਹਨ। ਇਸ ਮੌਕੇ ਆਰਸੇਟ ਦੇ ਡਾਇਰੈਕਟਰ ਭਗਵਾਨ ਸਿੰਘ ਵਰਮਾ ਨੇ ਆਰਸੇਟੀ ਵਿਖੇ ਚੱਲ ਰਹੇ ਵੱਖ ਵੱਖ ਕੋਰਸਾਂ ਸਬੰਧੀ ਜਾਣਕਾਰੀ ਸਾਂਝੀ ਕੀਤੀ ਅਤੇ ਦੱਸਿਆ ਕਿ ਲਗਾਤਾਰ ਆਰਸੇਟੀ ਵੱਲੋਂ ਕੋਰਸ ਕਰਵਾਏ ਜਾ ਰਹੇ ਹਨ।

ਇਸ ਮੌਕੇ ਡਾ. ਜਸਵਿੰਦਰ ਸਿੰਘ, ਆਰਸੇਟੀ ਦੇ ਕੋਆਰਡੀਨੇਟਰ ਹਰਦੀਪ ਰਾਏ, ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਦੇ ਡਿਪਟੀ ਸੀ.ਈ.ਓ ਸਤਿੰਦਰ ਸਿੰਘ, ਕੈਰੀਅਰ ਕਾਊਂਸਲਰ ਡਾ. ਰੂਪਸੀ ਪਾਹੂਜਾ, ਸੁਮਿਤ ਜੋਸ਼ੀ ਤੇ ਅਜੀਤਇੰਦਰ ਸਿੰਘ ਮੌਜੂਦ ਹਨ।

# ਨਸ਼ੇ ਦੀ ਅਲਾਮਤ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਸਭ ਦਾ ਸਹਿਯੋਗ ਜ਼ਰੂਰੀ : ਐਸ.ਡੀ.ਐਮ.

**ਪਟਿਆਲਾ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਵਿੱਢੀ ਮੁਹਿੰਮ ਤਹਿਤ ਨਸ਼ਾ ਮੁਕਤੀ ਯਾਤਰਾ ਦੇ ਦੂਜੇ ਪੜਾਅ ਨੂੰ ਸਫਲ ਬਣਾਉਣ ਲਈ ਐਸ.ਡੀ.ਐਮ ਪਟਿਆਲਾ ਗੁਰਦੇਵ ਸਿੰਘ ਵੱਲੋਂ ਪਟਿਆਲਾ ਸ਼ਹਿਰੀ ਤੇ ਦਿਹਾਤੀ ਹਲਕੇ ਦੇ ਪੁਲਿਸ, ਸਿਹਤ, ਪੰਚਾਇਤ ਵਿਭਾਗ ਦੇ ਅਧਿਕਾਰੀਆਂ ਤੇ ਇਲਾਕੇ ਦੇ ਪਤਵੰਤਿਆਂ ਨਾਲ ਬੈਠਕਾਂ ਕੀਤੀਆਂ ਗਈਆਂ।ਮੀਟਿੰਗ ਦੌਰਾਨ ਐਸ.ਡੀ.ਐਮ. ਨੇ ਕਿਹਾ ਕਿ ਨਸ਼ੇ ਦੀ ਅਲਾਮਤ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਸਮਾਜ ਦੇ ਹਰੇਕ ਵਰਗ ਦਾ ਸਹਿਯੋਗ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦਾ ਖ਼ਾਤਮਾ ਜਾਗਰੂਕਤਾ ਨਾਲ ਹੀ ਕੀਤਾ ਜਾ ਸਕਦਾ ਹੈ ਇਸ ਲਈ ਸਮਾਜ ਦੇ ਹਰੇਕ ਬਾਸ਼ਿੰਦੇ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਨਸ਼ਿਆਂ ਖ਼ਿਲਾਫ਼ ਵਿੱਢੀ ਇਸ ਲੜਾਈ ਵਿੱਚ ਆਪਣਾ ਯੋਗਦਾਨ ਪਾਵੇ।

ਉਨ੍ਹਾਂ ਕਿਹਾ ਕਿ ਜੇਕਰ ਕੋਈ ਨਸ਼ਾ ਕਰਦਾ ਹੈ ਤਾਂ ਉਸ ਨੂੰ ਜਾਗਰੂਕ ਕਰਕੇ ਨਸ਼ਾ ਛੁਡਾਊ ਕੇਂਦਰ ਵਿੱਚ ਭੇਜਿਆ ਜਾਵੇ ਜਿਸ ਲਈ ਵਿਲੇਜ਼ ਡਿਫੈਂਸ ਕਮੇਟੀਆਂ ਤੇ ਵਾਰਡ ਡਿਫੈਂਸ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਜੋ ਆਪਣੇ ਇਲਾਕੇ ਵਿੱਚ ਨਸ਼ਾ ਕਰਨ ਵਾਲੇ ਵਿਅਕਤੀਆਂ ਨੂੰ ਜਾਗਰੂਕ ਕਰ ਰਹੀਆਂ ਹਨ ਤੇ ਨਸ਼ਾ ਵੇਚਣ ਵਾਲਿਆਂ ਦੀ ਸੂਚਨਾ ਪੁਲਿਸ ਨੂੰ ਦੇ ਕੇ ਨਸ਼ਿਆਂ ਦੀ ਸਪਲਾਈ ਲਾਈਨ ਨੂੰ ਤੋੜਨ ਲਈ ਕੰਮ ਕਰ ਰਹੀਆਂ ਹਨ।

ਮੀਟਿੰਗ ਵਿੱਚ ਡੀ.ਐਸ.ਪੀ. ਸਿਟੀ-2 ਪਟਿਆਲਾ ਮਨੋਜ, ਗੌਰਸੀ, ਡੀ.ਐਸ.ਪੀ. ਗੁਰਬੀਰ ਸਿੰਘ ਬਰਾੜ, ਪਟਿਆਲਾ ਦਿਹਾਤੀ ਹਲਕੇ ਦੇ ਕੋਆਰਡੀਨੇਟਰ ਹਰਪਾਲ ਸਿੰਘ ਵਿਰਕ, ਜਗਦੀਪ ਸਿੰਘ ਧੰਗੇੜਾ, ਐਸ.ਐਮ.ਓ, ਤ੍ਰਿਪੜੀ ਅਤੇ ਮਾਡਲ ਟਾਊਨ, ਬਲਾਕ ਵਿਕਾਸ ਪੰਚਾਇਤ ਅਫ਼ਸਰ, ਪਟਿਆਲਾ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਦਿਹਾਤੀ ਦੇ ਨੁਮਾਇੰਦਿਆਂ ਵੀ ਮੌਜੂਦ ਸਨ।ਇਸ ਮੌਕੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਕਾਰਗਰ ਅਤੇ ਅਸਰਦਾਰ ਕਰਨ ਲਈ ਸਭ ਪਾਸੋਂ ਸੁਝਾਅ ਲਏ ਗਏ ਅਤੇ ਨਸ਼ਿਆਂ ਵਰਗੇ ਕੋਹੜ ਨੂੰ ਜੜੋ ਖ਼ਤਮ ਕਰਨ ਲਈ ਸਾਰੇ ਵਲੰਟੀਅਰ/ਕੋਆਰਡੀਨੇਟਰ ਆਦਿ ਤੋਂ ਸਹਿਯੋਗ ਦੀ ਅਪੀਲ ਕੀਤੀ ਗਈ।

# ਬਰਸਾਤ ਦੇ ਮੌਸਮ ਵਿੱਚ ਖੁਰਾਕ ਦਾ ਰੱਖਣਾ ਚਾਹੀਦਾ ਹੈ ਖਾਸ ਖਿਆਲ : ਸਿਵਲ ਸਰਜਨ

## ਵੈਕਟਰ ਬੌਰਨ ਡਜ਼ੀਜ਼ ਸਬੰਧੀ ਜਾਰੀ ਕੀਤੀ ਗਈ ਐਡਵਾਈਜ਼ਰੀ

**ਪਟਿਆਲਾ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਪਟਿਆਲਾ ਡਾ੍ ਜਗਪਾਲਇੰਦਰ ਸਿੰਘ ਵੱਲੋਂ ਮੀਂਹ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਜਿਸ ਤਹਿਤ ਇਹ ਜਾਣਕਾਰੀ ਦਿੱਤੀ ਗਈ ਕਿ ਵਾਧੂ ਨਮੀ, ਪਾਣੀ ਦੇ ਰੁਕੇ ਹੋਣ ਅਤੇ ਵਾਤਾਵਰਨਿਕ ਤਬਦੀਲੀਆਂ ਕਾਰਨ ਖਾਣ-ਪੀਣ ਦੀਆਂ ਵਸਤੂਆਂ ਵਿੱਚ ਬੈਕਟੀਰੀਆ ਪੈਦਾ ਹੋਣ ਨਾਲ ਖੁਰਾਕ ਪ੍ਰਦੂਸ਼ਣ ਦੇ ਮਾਮਲੇ ਵਧ ਰਹੇ ਹਨ। ਇਸ ਸਬੰਧੀ ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਪਣੀ ਸਿਹਤ ਦੀ ਰਾਖੀ ਲਈ ਕੁੱਝ ਜ਼ਰੂਰੀ ਸਾਵਧਾਨੀਆਂ ਵਰਤੇ ਜਾਣ ਦੀ ਲੋੜ ਹੈ।ਸਿਵਲ ਸਰਜਨ ਨੇ ਆਖਿਆ ਕਿ ਬਰਸਾਤੀ ਮੌਸਮ ਹੋਣ ਕਾਰਨ ਸਾਨੂੰ ਖਾਣ ਪੀਣ ਦੀਆਂ ਤਾਜ਼ਾ ਵਸਤਾਂ ਦੀ ਵਰਤੋਂ



ਕਰਨੀ ਚਾਹੀਦੀ ਹੈ ਤੇ ਬਾਹਰਲੀਆਂ ਚੀਜ਼ਾਂ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਘਰ ਦਾ ਬਣਿਆ ਸਾਫ ਖਾਣਾ ਖਾਣ ਨਾਲ ਅਸੀਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਦੂਰ ਰਹਿ ਸਕਦੇ ਹਾਂ। ਇਸ ਤੋਂ ਇਲਾਵਾ ਸਾਨੂੰ ਸਾਫ ਸੁਥਰਾ ਫਿਲਟਰ ਕੀਤਾ ਜਾਂ ਫਿਰ ਉਬਾਲ ਕੇ ਠੰਢਾ ਕੀਤਾ ਪਾਣੀ ਪੀਣਾ ਚਾਹੀਦਾ ਹੈ ਉਨ੍ਹਾਂ ਕਿਹਾ ਕਿ ਖਾਣਾ ਬਣਾਉਣ, ਪੀਣ ਤੇ ਸਬਜ਼ੀਆਂ-ਫਲ ਆਦਿ ਧੋਣ ਲਈ ਵੀ ਸਾਫ ਪਾਣੀ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

ਅਜੋਕੇ ਮੌਸਮ ਵਿੱਚ ਸਬਜ਼ੀਆਂ ਤੇ ਫਲਾਂ ਨੂੰ ਵਰਤਣ ਤੋਂ ਪਹਿਲਾਂ ਉਨ੍ਹਾਂ ਨੂੰ ਕੁੱਝ ਦੇਰ ਲਈ ਨਮਕ ਵਾਲੇ ਪਾਣੀ ਵਿੱਚ ਡੁਬੋ ਕੇ ਰੱਖ ਦੇਣਾ ਚਾਹੀਦਾ ਹੈ ਤੇ ਜਾਂ ਫਿਰ ਪਾਣੀ ਵਿੱਚ ਸਿਰਕਾ ਪਾ ਕੇ ਸਬਜ਼ੀਆਂ-ਫਲ 10-15 ਮਿੰਟ ਲਈ ਭਿੱਜੇ ਰਹਿਣ ਦੇਣੇ ਚਾਹੀਦੇ ਹਨ।ਇਸ ਮਗਰੋਂ ਉਨ੍ਹਾਂ ਨੂੰ ਸਾਫ ਪਾਣੀ ਵਿੱਚ ਧੋ ਕੇ ਵਰਤਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਖਾਣ-ਪੀਣ ਦੀਆਂ ਨੂੰ ਚੀਜ਼ਾਂ ਬੈਕਟੀਰੀਆ ਤੋਂ ਬਚਾਉਣ ਲਈ ਢੱਕ ਕੇ ਰੱਖਣਾ ਚਾਹੀਦਾ ਹੈ ਤੇ ਧੋਣ ਤੋਂ ਬਾਅਦ ਫਰਿੱਜ ਵਿੱਚ ਰੱਖ ਦੇਣਾ ਚਾਹੀਦਾ ਹੈ। 2 ਘੰਟੇ ਤੋਂ ਜ਼ਿਆਦਾ ਸਮੇਂ ਤੱਕ ਪੱਕਿਆ ਹੋਇਆ ਖਾਣਾ ਬਾਹਰ ਨਹੀਂ ਪਿਆ ਰਹਿਣ ਦੇਣਾ ਚਾਹੀਦਾ। ਖਾਣਾ ਤਿਆਰ ਕਰਨ ਜਾਂ ਖਾਣਾ ਖਾਣ ਤੋਂ ਪਹਿਲਾਂ ਹੱਥਾਂ ਨੂੰ ਚੰਗੀ ਤਰ੍ਹਾਂ ਧੋਣਾ ਚਾਹੀਦਾ ਹੈ। ਖਾਣਾ ਬਣਾਉਣ ਵਾਲੀ ਥਾਂ ਤੇ ਭਾਂਡਿਆਂ ਨੂੰ ਵੀ ਚੰਗੀ ਤਰ੍ਹਾਂ ਸਾਫ ਕਰਨਾ ਚਾਹੀਦਾ ਹੈ। ਪੈਕੇਜ਼ਡ ਫੂਡ ਦੀ ਵਰਤੋਂ ਬਹੁਤ ਘੱਟ ਕਰਨੀ ਚਾਹੀਦੀ ਹੈ ਤੇ ਜੇ ਵਰਤੋਂ ਕਰਨੀ ਵੀ ਪੈ ਜਾਂਦੀ ਹੈ ਤਾਂ ਉਨ੍ਹਾਂ ਦੀ ਐਕਸਪਾਇਰੀ ਡੇਟ ਜ਼ਰੂਰ ਜਾਂਚ ਲੈਣੀ ਚਾਹੀਦੀ ਹੈ। ਮੀਂਹ ਵਾਲੇ ਮੌਸਮ ਵਿੱਚ ਬ੍ਰੈੱਡ ਤੇ ਦੁੱਧ ਤੋਂ ਬਣੀਆਂ ਚੀਜ਼ਾਂ ਜਲਦੀ ਖਰਾਬ ਹੋ ਜਾਂਦੀਆਂ ਹਨ ਜਿਸ ਲਈ ਇਨ੍ਹਾਂ ਦੀ ਵਰਤੋਂ ਸਮਾਂ ਰਹਿੰਦਿਆਂ ਕਰ ਲੈਣੀ ਚਾਹੀਦੀ ਹੈ।

ਡਾ੍ ਜਗਪਾਲਇੰਦਰ ਸਿੰਘ ਨੇ ਅੱਗੇ ਆਖਿਆ ਕਿ ਹਰੀਆਂ ਪੱਤੇਦਾਰ ਸਬਜ਼ੀਆਂ ਜਿਵੇਂ ਕਿ ਪਾਲਕ ਤੇ ਪੱਤਾਗੋਭੀ ਆਦਿ ਮੀਂਹਾਂ ਦੇ ਮੌਸਮ ਵਿੱਚ ਜਲਦੀ ਖਰਾਬ ਹੋ ਸਕਦੀਆਂ ਹਨ ਇਸ ਲਈ ਇਨ੍ਹਾਂ ਦੀ ਘੱਟ ਵਰਤੋਂ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਸੜਕਾਂ ਉੱਤੇ ਮਿਲਣ ਵਾਲੇ ਕੱਟੇ ਹੋਏ ਫਲ, ਕੱਟੇ ਹੋਏ ਸਲਾਦ ਤੇ ਚਟਨੀਆਂ ਆਦਿ ਦੀ ਵਰਤੋਂ ਤੋਂ ਵੀ ਗੁਰੇਜ਼ ਕਰਨਾ ਚਾਹੀਦਾ ਹੈ।

ਉਨ੍ਹਾਂ ਆਖਿਆ ਕਿ ਟਾਇਰਾਂ, ਮਿੱਟੀ ਦੇ ਭਾਂਡੇ, ਨਾਰੀਅਲ ਦੇ ਛਿਲਕੇ, ਪਲਾਸਟਿਕ ਦੇ ਡੱਬੇ, ਘਰੇਲੂ ਪਾਣੀ ਦੇ ਖੁੱਲ੍ਹੇ ਭੰਡਾਰ ਤੇ ਉਸਾਰੀ ਵਾਲੀਆਂ ਥਾਂਵਾਂ ਉੱਤੇ ਪਾਣੀ ਨੂੰ ਖੜ੍ਹਨ ਨਹੀਂ ਦੇਣਾ ਚਾਹੀਦਾ। ਟੁੱਟੀਆਂ ਭੱਜੀਆਂ ਚੀਜ਼ਾਂ ਘਰ ਵਿੱਚ ਨਹੀਂ ਰੱਖਣੀਆਂ ਚਾਹੀਦੀਆਂ ਤੇ ਮੱਛਰ ਪੈਦਾ ਹੋਣ ਵਾਲੀਆਂ ਹੋਰਨਾਂ ਥਾਂਵਾਂ ਜਿਵੇਂ ਕੂਲਰ ਤੇ ਫਰਿੱਜ ਦੇ ਪਿੱਛਲੇ ਹਿੱਸੇ ਵਿੱਚ ਲੱਗੀਆਂ ਟਰੇਆਂ ਨੂੰ ਵੀ ਹਫਤੇ ਵਿੱਚ ਇੱਕ ਵਾਰੀ ਜ਼ਰੂਰ ਸੁਕਾਉਣਾ ਚਾਹੀਦਾ ਹੈ।

ਉਨ੍ਹਾਂ ਆਖਿਆ ਕਿ ਸਾਨੂੰ ਮੱਛਰ ਭਜਾਉਣ ਵਾਲੀਆਂ ਦਵਾਈਆਂ ਦੀ ਵਰਤੋਂ ਕਰਨੀ ਚਾਹੀਦੀ ਹੈ, ਪੂਰੀਆਂ ਬਾਹਾਂ ਦੇ ਕੱਪੜੇ ਪਾਉਣੇ ਚਾਹੀਦੇ ਹਨ ਤੇ ਮੱਛਰਦਾਨੀ ਦੀ ਵਰਤੋਂ ਕਰਨੀ ਚਾਹੀਦੀ ਹੈ।

# ਸਿਹਤ ਮੰਤਰੀ ਪੰਜਾਬ ਡਾ ਬਲਬੀਰ ਸਿੰਘ ਵੱਲੋਂ ਲੋਕ ਸਭਾ ਦੇ ਦਫਤਰ ਦਾ ਕੀਤਾ ਉਦਘਾਟਨ



**ਪਟਿਆਲਾ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਮਨੀਸ਼ ਸਸ਼ੋਦੀਆ ਅਤੇ ਅਮਨ ਅਰੋੜਾ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ ਵੱਲੋਂ ਬਲਜਿੰਦਰ ਸਿੰਘ ਢਿੱਲੋਂ ਨੂੰ ਲੋਕ ਸਭਾ ਹਲਕਾ ਪਟਿਆਲਾ ਇੰਚਾਰਜ ਬਣਾਏ ਜਾਣ ਤੇ ਉਹਨਾਂ ਦਾ ਧੰਨਵਾਦ ਕੀਤ, ਬਲਜਿੰਦਰ ਸਿੰਘ ਢਿੱਲੋ ਨੇ ਗੁਰੂਦੁਆਰਾ ਦੁਖ਼ ਨਿਵਾਰਨ ਸਾਹਿਬ ਦੇ ਨੇੜੇ ਢਿੱਲੋਂ ਰੈਜੀਡੈਂਸੀ ਕੰਪਲੈਕਸ ਵਿਖੇ ਲੋਕ ਸਭਾ ਦਾ ਦਫ਼ਤਰ ਖੋਲਿਆ, ਜਿਸ ਦਾ ਉਦਘਾਟਨ ਡਾ ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਵੱਲੋਂ ਰੀਬਨ ਕੱਟ ਕੇ ਕੀਤਾ ਗਿਆ, ਇਸ ਮੌਕੇ ਤੇ ਬਲਜਿੰਦਰ ਸਿੰਘ ਢਿੱਲੋਂ ਵੱਲੋਂ ਡਾ ਬਲਬੀਰ ਸਿੰਘ ਜੀ ਦਾ ਪੁਰਜ਼ੋਰ ਸਵਾਗਤ ਕੀਤਾ ਅਤੇ ਉਹਨਾਂ ਦਾ ਆਉਣ ਤੇ ਧੰਨਵਾਦ ਕੀਤਾ। ਉਦਘਾਟਨ ਮੌਕੇ ਤੇ ਸ ਹਰਚੰਦ ਸਿੰਘ ਬਰਸਟ ਚੇਅਰਮੈਨ ਪੰਜਾਬ ਮੰਡੀ ਬੋਰਡ ਵੀ ਸਿਹਤ ਮੰਤਰੀ ਦੇ ਨਾਲ ਮੌਜੂਦ ਸਨ, ਇਸ ਮੌਕੇ ਤੇ ਬੋਲਦਿਆਂ ਡਾ.ਬਲਬੀਰ ਸਿੰਘ ਜੀ ਨੇ ਕਿਹਾ ਕੀ ਬਲਜਿੰਦਰ ਸਿੰਘ ਢਿੱਲੋਂ ਇੱਕ ਸੂਜਵਾਨ ਅਤੇ ਬੁੱਧੀਜੀਵੀ ਦਾ ਵਿਚਾਰਾ ਵਾਲੇ ਵਿਅਕਤੀ ਹਨ ਮੈਨੂੰ ਆਸ ਹੈ ਕੀ ਉਹ ਪਾਰਟੀ ਨੂੰ ਹੋਰ ਮਜਬੂਤ ਕਰਨ ਲਈ ਦਿਨ ਰਾਤ ਕੰਮ ਕਰਨਗੇ ਅਤੇ ਆਉਣ ਵਾਲਿਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਪ੍ਰੋਗਰਾਮਾਂ ਨੂੰ ਲੋਕਾਂ ਤੱਕ ਪਹੁੰਚਾ ਕੇ ਮੁੜ ਜਿੱਤ ਦਾ ਰਾਹ ਪਧਰਾ ਕਰਨਗੇ ਡਾ ਬਲਬੀਰ ਸਿੰਘ ਨੇ ਪਤਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕੀ ਪੰਜਾਬ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡਾਂਗੇ ਬਰਸਾਤਾਂ ਤੋਂ ਬਾਅਦ ਸਾਰੇ ਸਹਿਰਾ ਗਲੀਆਂ ਅਤੇ ਸੜਕਾਂ ਦਾ ਕੰਮ ਤੇਜੀ ਨਾਲ ਨਾਲ ਕੀਤਾ ਜਾਵੇਗਾ। ਇਸ ਮੌਕੇ ਹਰਚੰਦ ਸਿੰਘ ਬਰਸਟ ਚੇਅਰਮੈਨ ਪੰਜਾਬ ਮੰਡੀ ਬੋਰਡ,ਰਣਜੋਧ ਸਿੰਘ ਹਡਾਣਾ ਚੇਅਰਮੈਨ PRTC, ਮੇਘ ਚੰਦ ਸ਼ੇਰਮਾਜਰਾ ਚੇਅਰਮੈਨ ਨਗਰ ਸੁਧਾਰ ਟਰੱਸਟ ਪਟਿਆਲਾ, ਜੱਸੀ ਸੋਹੀਆ ਵਾਲਾ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ,ਵਿੱਕੀ ਘਨੌਰ ਵਾਈਸ ਚੈਅਰਮੈਨ ਪੰਜਾਬ ਹੈਲਥ ਸਿਸਟਮ ਕਾਪੋਰੇਸ਼ਨ, ਇੰਦਰਜੀਤ ਸੰਧੂ ਚੈਅਰਮੈਨ ਕੋਨਵਿਅਰ,ਬਲਦੇਵ ਸਿੰਘ ਚੈਅਰਮੈਨ ਮਾਰਕੀਟ ਕਮੇਟੀ ਦੂਧਨ ਸਾਧਾ,ਪ੍ਰਦੀਪ ਜੋਸ਼ਨ ਪ੍ਰਧਾਨ ਨਗਰ ਕੌਂਸਲ ਸਨੌਰ, ਜਸਬੀਰ ਸਿੰਘ ਗਾਂਧੀ ਆਫਿਸ ਸੇਕਟਰੀ ਸਿਹਤ ਮੰਤਰੀ ਪੰਜਾਬ , ਲਾਲ ਸਿੰਘ ਓ ਐਸ ਡੀ ਸਿਹਤ ਮੰਤਰੀ ਪੰਜਾਬ ਮਹਿੰਦਰ ਮੋਹਨ ਮਾਲਵਾ ਜੋਨ ਸੈਕਟਰੀ ਪੰਜਾਬ, ਮੈਡਮ ਸਵਿੰਦਰ ਕੌਰ ਪ੍ਰਧਾਨ ਨਗਰ ਪੰਚਾਇਤ ਦੇਵੀਗੜ੍ਹ, ਕੁੰਦਨ ਗੋਗੀਆ ਮੇਅਰ ਪਟਿਆਲਾ, ਅਮਰੀਕ ਸਿੰਘ ਬੰਗੜ ਸੂਬਾ ਮੀਤ ਪ੍ਰਧਾਨ ਐਸ ਸੀ ਵਿੰਗ ਪੰਜਾਬ, ਅਸ਼ੋਕ ਸਿਰਸਵਲ ਚੇਅਰਮੈਨ ਮਾਰਕੀਟ ਕਮੇਟੀ ਪਟਿਆਲਾ, ਗੱਜਣ ਸਿੰਘ, ਮੀਡੀਆ ਸਲਾਹਕਾਰ, ਅੰਗਰੇਜ ਸਿੰਘ ਰਾਮਗੜ, ਰਾਜ ਕੁਮਾਰ ਮਿਠਾਰੀਆ ਜਿਲਾ ਇੰਚਾਰਜ ਆਈ ਟੀ ਸੈਲ ਪਟਿਆਲਾ, ਸੁਖਦੇਵ ਸਿੰਘ ਔਲਖ ਜਿਲ੍ਹਾ ਸੈਕਟਰੀ, ਜਗਤਾਰ ਜੱਗੀ, ਵੀਰਪਾਲ ਕੌਰ ਚਹਿਲ, ਜਤਿੰਦਰ ਕੌਰ ਐਸ ਕੇ ਐਮ ਸੀ, ਦਵਿੰਦਰ ਕੌਰ ਐਮ ਸੀ, ਸੋਨੀਆ ਦਾਸ ਐਮ ਸੀ, ਅਮਰਜੀਤ ਸਿੰਘ, ਜਸਵਿੰਦਰ ਰਿੰਪਾ, ਮੋਹਿਤ ਕੁਮਾਰ, ਮਨਦੀਪ ਜੋਲਾ ਹਰਿਦਰ ਧਬਲਾਨ ਹਾਜ਼ਿਰ ਰਹੇ।

# ਪੰਜਾਬ ਵਿੱਚ ਮੌਜੂਦਾ ਸਮੇਂ ਹੜ੍ਹਾਂ ਜਿਹੀ ਕੋਈ ਸਥਿਤੀ ਨਹੀਂ, ਸਰਕਾਰ ਵੱਲੋਂ ਹਰ ਸੰਭਾਵੀ ਸਥਿਤੀ ਨਾਲ ਨਜਿੱਠਣ ਲਈ ਪੁਖ਼ਤਾ ਪ੍ਰਬੰਧ: ਬਰਿੰਦਰ ਕੁਮਾਰ ਗੋਇਲ

**ਚੰਡੀਗੜ੍ਹ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਵਿਧਾਨ ਸਭਾ ਵਿੱਚ ਜਾਣਕਾਰੀ ਦਿੱਤੀ ਕਿ ਪੰਜਾਬ ਵਿੱਚ ਜਲ ਭੰਡਾਰਾਂ ਦਾ ਪੱਧਰ ਸਥਿਰ ਹੈ ਅਤੇ ਸੂਬੇ ਵਿੱਚ ਮੌਜੂਦਾ ਸਮੇਂ ਹੜ੍ਹਾਂ ਜਿਹੀ ਕੋਈ ਸਥਿਤੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਹਰ ਸੰਭਾਵੀ ਸਥਿਤੀ ਨਾਲ ਨਜਿੱਠਣ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ।

ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਵੱਲੋਂ ਜਲ ਭੰਡਾਰਾਂ (ਰੇਜ਼ਰਵਾਇਰਾਂ) ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਨੀਵੇਂ ਇਲਾਕਿਆਂ ਵਿੱਚ ਹੜ੍ਹਾਂ ਦੇ ਖਤਰੇ ਨੂੰ ਰੋਕਣ ਸਬੰਧੀ ਪੇਸ਼ ਕੀਤੇ ਗਏ ਧਿਆਨ ਦਿਵਾਊ ਮਤੇ ਦਾ ਜਵਾਬ ਦਿੰਦਿਆਂ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ 10 ਜੁਲਾਈ, 2025 ਤੱਕ ਪ੍ਰਮੁੱਖ ਜਲ ਭੰਡਾਰਾਂ ਵਿੱਚ ਪਾਣੀ ਦਾ ਪੱਧਰ ਸੁਰੱਖਿਅਤ ਸੀਮਾਵਾਂ ਦੇ ਅੰਦਰ ਰਿਹਾ।

ਉਨ੍ਹਾਂ ਦੱਸਿਆ ਕਿ ਭਾਖੜਾ ਡੈਮ ਵਿੱਚ ਮੌਜੂਦਾ ਪੱਧਰ 1590.48 ਫੁੱਟ ਹੈ, ਜੋ 2023 ਦੇ ਹੜ੍ਹਾਂ ਦੌਰਾਨ 10 ਜੁਲਾਈ, 2023 ਨੂੰ 1614.89 ਫੁੱਟ ਸੀ। ਇਸੇ ਤਰ੍ਹਾਂ ਪੌਂਗ ਡੈਮ ਵਿੱਚ ਮੌਜੂਦਾ ਪੱਧਰ 1325.48 ਫੁੱਟ ਹੈ, ਜੋ 2023 ਦੇ ਹੜ੍ਹਾਂ ਦੌਰਾਨ 10 ਜੁਲਾਈ, 2023 ਨੂੰ 1350.63 ਫੁੱਟ ਸੀ। ਉਨ੍ਹਾਂ ਦੱਸਿਆ



ਕਿ ਰਣਜੀਤ ਸਾਗਰ ਡੈਮ ਵਿੱਚ ਮੌਜੂਦਾ ਪੱਧਰ 505.41 ਮੀਟਰ ਹੈ, ਜੋ 2023 ਦੇ ਹੜ੍ਹਾਂ ਦੌਰਾਨ 10 ਜੁਲਾਈ, 2023 ਨੂੰ 520.2 ਮੀਟਰ ਸੀ। ਜਲ ਸਰੋਤ ਮੰਤਰੀ ਨੇ ਦੱਸਿਆ ਕਿ ਤਿੰਨੋਂ ਜਲ ਭੰਡਾਰ ਸੁਰੱਖਿਅਤ ਢੰਗ ਨਾਲ ਕੰਮ ਕਰ ਰਹੇ ਹਨ ਅਤੇ ਖ਼ਤਰੇ ਦੇ ਪੱਧਰ ਤੋਂ ਕਾਫ਼ੀ ਘੱਟ ਹਨ।

ਉਨ੍ਹਾਂ ਦੱਸਿਆ ਕਿ ਹੜ੍ਹਾਂ ਦੀ ਤਿਆਰੀ ਲਈ ਜਲ ਸਰੋਤ ਵਿਭਾਗ ਨੇ ਕਿਸੇ ਵੀ ਸੰਭਾਵੀ ਹੜ੍ਹ ਦੀ ਸਥਿਤੀ ਨਾਲ ਨਜਿੱਠਣ ਲਈ ਵਿਆਪਕ ਉਪਾਅ ਸਰਗਰਮੀ ਨਾਲ ਲਾਗੂ ਕੀਤੇ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਹੜ੍ਹਾਂ ਦੀ ਰੋਕਥਾਮ ਲਈ 204.5 ਕਰੋੜ ਰੁਪਏ ਦੇ ਫੰਡ ਅਲਾਟ ਕੀਤੇ ਹਨ। ਐਸ.ਡੀ.ਐਮ.ਐਫ, ਮਨਰੇਗਾ ਅਤੇ ਵਿਭਾਗੀ ਫੰਡਾਂ ਦੀ ਵਰਤੋਂ ਨਾਲ 599 ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਵਿਭਾਗੀ ਮਸ਼ੀਨਰੀ ਦੀ ਵਰਤੋਂ ਕਰਕੇ 4766 ਕਿਲੋਮੀਟਰ ਤੋਂ ਵੱਧ ਨਾਲਿਆਂ, ਨਦੀਆਂ ਅਤੇ ਚੋਆਂ ਦੀ ਗਾਰ ਸਾਫ਼ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਟੇਟ ਡਿਜ਼ਾਸਟਰ ਮਿਟੀਗੇਸ਼ਨ ਫੰਡ (ਐਸ.ਡੀ.ਐਮ.ਐਫ) ਅਧੀਨ ਬੰਨ੍ਹਾਂ ਦੀ ਮਜ਼ਬੂਤੀ ਲਈ ਪ੍ਰਾਜੈਕਟ ਲਏ ਗਏ ਹਨ। ਜ਼ਿਲ੍ਹਿਆਂ ਵਿੱਚ 8.76 ਲੱਖ ਈ.ਸੀ. ਬੈਗ (ਬੋਰੀਆਂ) ਖਰੀਦੇ ਗਏ ਹਨ ਅਤੇ 2.42 ਲੱਖ ਬੋਰੀਆਂ ਭਰੇ ਕੇ ਰੱਖੀਆਂ ਗਈਆਂ ਹਨ। ਇਸ ਤੋਂ ਇਲਾਵਾ ਮਿੱਟੀ ਦੀ ਸਥਿਰਤਾ ਨੂੰ ਵਧਾਉਣ ਲਈ 53,400 ਬਾਂਸ ਦੇ ਬੂਟੇ ਲਗਾਉਣ ਦੇ ਨਾਲ-ਨਾਲ 1044 ਚੈੱਕ ਡੈਮ, 3957 ਸੋਕ ਪਿਟ ਅਤੇ 294 ਕਿਲੋਮੀਟਰ ਲੰਬੇ ਵੈਟੀਵਰ ਘਾਹ ਦੇ ਬੂਟੇ ਪੂਰੇ ਕੀਤੇ ਗਏ ਹਨ।

ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਸੂਬੇ ਵਿੱਚ ਕੰਟਰੋਲ ਰੂਮ ਸਰਗਰਮ ਹਨ, ਐਮਰਜੈਂਸੀ ਰਿਸਪਾਂਸ ਟੀਮਾਂ ਤਿਆਰ ਹਨ ਅਤੇ ਸੰਵੇਦਨਸ਼ੀਲ ਖੇਤਰਾਂ ਵਿੱਚ ਦਰਿਆਵਾਂ ਅਤੇ ਨਾਲਿਆਂ ਦੀ ਅਸਲ-ਸਮੇਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਉਨ੍ਹਾਂ ਦੁਹਰਾਇਆ ਕਿ ਜਲ ਭੰਡਾਰਾਂ ਦਾ ਪੱਧਰ ਸਥਿਰ ਹੈ ਅਤੇ ਮਹੱਤਵਪੂਰਨ ਸੀਮਾਵਾਂ ਤੋਂ ਬਹੁਤ ਹੇਠਾਂ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਹੜ੍ਹਾਂ ਦੇ ਕਿਸੇ ਵੀ ਖ਼ਤਰੇ ਦਾ ਤੇਜ਼ੀ ਨਾਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ ਲਈ ਜ਼ਮੀਨੀ ਪੱਧਰ ’ਤੇ ਮਜ਼ਬੂਤ ਪ੍ਰਣਾਲੀਆਂ ਸਥਾਪਤ ਕੀਤੀਆਂ ਹਨ।

# ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਰਘਬੀਰ ਸਿੰਘ ਮਹਿਮੀ ਦੀ ਸਵੈ-ਜੀਵਨੀ ‘ਅੰਗਰੇਜੋ ਦਾ ਲਾਡਲਾ’ (ਭਾਗ ਦੂਜਾ) ਦਾ ਲੋਕ ਅਰਪਣ

## ਭਾਸ਼ਾ,ਸਾਹਿਤ ਅਤੇ ਸਭਿਆਚਾਰ ਨੂੰ ਜੋੜਨ ਲਈ ਮਜ਼ਬੂਤ ਪੁੱਲ ਦੀ ਭੂਮਿਕਾ ਨਿਭਾਉਂਦੀਆਂ ਹਨ ਸਾਹਿਤ ਸਭਾਵਾਂ : ਡਾ. ਦਰਸ਼ਨ ਸਿੰਘ ‘ਆਸ਼ਟ’

**ਪਟਿਆਲਾ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਅੱਜ ਮਿਤੀ 13 ਜੁਲਾਈ,2025 ਦਿਨ ਐਤਵਾਰ ਨੂੰ ਭਾਸ਼ਾ ਵਿਭਾਗ,ਪੰਜਾਬ,ਪਟਿਆਲਾ ਦੇ ਲੈਕਚਰ ਹਾਲ ਵਿਖੇ ਸਾਹਿਤਕ ਸਮਾਗਮ ਆਯੋਜਿਤ ਕੀਤਾ ਗਿਆ।ਇਸ ਸਮਾਗਮ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ‘ਆਸ਼ਟ’ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ,ਪਟਿਆਲਾ ਦੇ ਯੁਵਕ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਭੀਮ ਇੰਦਰ ਸਿੰਘ ਨੇ ਪ੍ਰਧਾਨਗੀ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਪੰਜਾਬੀ ਯੂਨੀਵਰਸਿਟੀ,ਪਟਿਆਲਾ ਦੇ ਪੰਜਾਬੀ ਵਿਭਾਗ ਦੇ ਮੁਖੀ ਅਤੇ ਸਟੇਟ ਐਵਾਰਡੀ ਡਾ. ਰਾਜਵੰਤ ਕੌਰ ਪੰਜਾਬੀ ਸ਼ਾਮਿਲ ਹੋਏ।ਸਮਾਗਮ ਦੇ ਵਿਸ਼ੇਸ਼ ਮਹਿਮਾਨ ਵਜੋਂ ਪ੍ਰਸਿੱਧ ਪੰਜਾਬੀ ਰਿਸਾਲੇ ‘ਅਣੂ’ (ਲੁਧਿਆਣਾ) ਦੇ ਸੰਪਾਦਕ ਸੁਰਿੰਦਰ ਕੈਲੇ,ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਪ੍ਰਸਿੱਧ ਨਾਟਕਕਾਰ ਸਤਿੰਦਰ ਸਿੰਘ ਨੰਦਾ ਸ਼ਾਮਿਲ ਹੋਏ।ਇਸ ਸਮਾਗਮ ਵਿਚ ਪ੍ਰਸਿੱਧ ਲੇਖਕ ਰਘਬੀਰ ਸਿੰਘ ਮਹਿਮੀ ਦੀ ਸਵੈ ਜੀਵਨੀ ‘ਅੰਗਰੇਜੋ ਦਾ ਲਾਡਲਾ’(ਭਾਗ ਦੂਜਾ) ਦਾ ਲੋਕ ਅਰਪਣ ਕੀਤਾ ਕੀਤਾ ਗਿਆ।ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ‘ਆਸ਼ਟ’ ਨੇ ਪੁੱਜੇ ਲੇਖਕਾਂ ਦਾ ਸੁਆਗਤ ਕਰਦਿਆਂ ਕਿਹਾ ਕਿ ਭਾਸ਼ਾ,ਸਾਹਿਤ ਅਤੇ ਸਭਿਆਚਾਰ ਨੂੰ



ਜੋੜਨ ਲਈ ਮਜ਼ਬੂਤ ਪੁੱਲ ਦੀ ਭੂਮਿਕਾ ਨਿਭਾਉਂਦੀਆਂ ਹਨ।ਡਾ. ਭੀਮ ਇੰਦਰ ਸਿੰਘ ਨੇ ਕਿਹਾ ਕਿ ਸਵੈ-ਜੀਵਨੀ ਲਿਖਣਾ ਸਰਲ ਕਾਰਜ ਨਹੀਂ ਸਗੋਂ ਸਖਤ ਮਿਹਨਤ,ਲਗਨ ਤੇ ਇਕਾਗਰਤਾ ਦਾ ਸਿੱਟਾ ਹੁੰਦਾ ਹੈ।ਡਾ. ਰਾਜਵੰਤ ਕੌਰ ਪੰਜਾਬੀ ਦਾ ਮਤ ਸੀ ਕਿ ਰਘਬੀਰ ਸਿੰਘ ਮਹਿਮੀ ਦੀ ਜੀਵਨ ਦੇ ਕੌੜੇ ਸੱਚ ਨੂੰ ਬਿਆਨਦੀ ਇਹ ਪੁਸਤਕ ਸਵੈ-ਜੀਵਨੀ ਪਿੜ ਦੇ ਖੋਜਾਰਥੀਆਂ ਲਈ ਲਾਹੇਵੰਦ ਸਿੱਧ ਹੋਵੇਗੀ।ਸੁਰਿੰਦਰ ਕੈਲੇ ਨੇ ਕਿਹਾ ਕਿ ਅਜਿਹੇ ਸਮਾਗਮ ਵਰਕਸ਼ਾਪਾਂ ਦੀ ਭੂਮਿਕਾ ਨਿਭਾਉਂਦੇ ਹਨ ਜਦੋਂ ਕਿ ਡਾ. ਪੰਧੇਰ ਦਾ ਕਹਿਣਾ ਸੀ ਕਿ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੂੰ ਪੰਜਾਬੀ ਸਾਹਿਤ ਸਭਾ ਪਟਿਆਲਾ ਵਰਗੀਆਂ ਸਰਗਰਮ ਸਭਾਵਾਂ ਦੀ ਨਿਰੰਤਰ ਕਾਰਜਸ਼ੀਲਤਾ ਉਪਰ ਫ਼ਖ਼ਰ ਹੈ।ਸਤਿੰਦਰ ਸਿੰਘ ਨੰਦਾ ਨੇ ਕਿਹਾ ਕਿ ਮਹਿਮੀ ਦੀ ਇਹ ਪੁਸਤਕ ਉਸ ਦੇ ਜੀਵਨ ਦੇ ਲੰਮੇਰੇ ਸੰਘਰਸ਼ ਦੀ ਦਾਸਤਾਨ ਦਾ ਦੂਜਾ ਨਾਂ ਹੈ।

ਇਸ ਪੁਸਤਕ ਉਪਰ ਮੁਖ ਪੇਪਰ ਭਾਸ਼ਾ ਵਿਭਾਗ ਪੰਜਾਬ ਦੇ ਸਾਬਕਾ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੁਰਜੀਤ ਸਿੰਘ ਖ਼ੁਰਮਾ ਵੱਲੋਂ ਲਿਖਿਆ ਗਿਆ ਮੁੱਖ ਪੇਪਰ ਮਨਪ੍ਰੀਤ ਕੌਰ ਨੇ ਪੜ੍ਹਿਆ ਜਿਸ ਵਿਚ ਮਹਿਮੀ ਦੀ ਲੇਖਣੀ ਦੇ ਅਹਿਮ ਪੱਖਾਂ ਬਾਰੇ ਖੁੱਲ੍ਹ ਕੇ ਚਰਚਾ ਕੀਤੀ ਗਈ। ਪੁਸਤਕ ਦੇ ਦੂਜੇ ਬੁਲਾਰਿਆਂ ਵਿਚੋਂ ਦਵਿੰਦਰ ਪਟਿਆਲਵੀ,ਡਾ. ਹਰਪ੍ਰੀਤ ਸਿੰਘ ਰਾਣਾ,ਬਾਬੂ ਸਿੰਘ ਰੈਹਲ, ਪ੍ਰਿੰ. ਚਰਨਜੀਤ ਕੌਰ, ਸਾਬਕਾ ਪ੍ਰਿੰਸੀਪਲ ਡਾ. ਗੁਰਮੀਤ ਸਿੰਘ, ਡਾ.ਜਗਜੀਤ ਸਿੰਘ ਮਹਿਮੀ,ਬਲਬੀਰ ਸਿੰਘ ਦਿਲਦਾਰ,ਸਰੂਪ ਸਿੰਘ ਚੌਧਰੀ ਮਾਜਰਾ, ਨਵਦੀਪ ਸਿੰਘ ਮੁੰਡੀ, ਜੋਗਾ ਸਿੰਘ ਧਨੌਲਾ, ਅਵਤਾਰਜੀਤ ਅਤੇ ਸਤਨਾਮ ਸਿੰਘ ਨੇ ਸਵੈ-ਜੀਵਨੀ ਦੇ ਹਵਾਲੇ ਨਾਲ ਵੱਖ ਵੱਖ ਪੱਖਾਂ ਬਾਰੇ ਮੁੱਲਵਾਨ ਚਰਚਾ ਤੇ ਵਿਚਾਰ ਸਾਂਝੇ ਕੀਤੇ।ਇਨ੍ਹਾਂ ਬੁਲਾਰਿਆਂ ਦਾ ਸਾਂਝਾ ਮਤ ਸੀ ਕਿ ਰਘਬੀਰ ਸਿੰਘ ਮਹਿਮੀ ਨੇ ਜ਼ਮੀਨੀ ਪੱਧਰ ਤੋਂ ਉਠ ਕੇ ਜਿਸ ਬੁਲੰਦੀ ਨੂੰ ਹਾਸਲ ਕੀਤਾ ਹੈ, ਉਹ ਆਪਣੀ ਮਿਸਾਲ ਆਪ ਹੈ ਅਤੇ ਇਸ ਵਿਚ ਕੁਝ ਵੀ ਨਹੀਂ ਛੁਪਾਇਆ ਹੈ।ਮਹਿਮੀ ਨੇ ਪੜ੍ਹੇ ਗਏ ਪੇਪਰ ਅਤੇ ਹੋਈ ਸਮੁੱਚੀ ਵਿਚਾਰ ਚਰਚਾ ਉਪਰ ਸਹਿਮਤੀ ਪ੍ਰਗਟਾਉਂਦੇ ਹੋਏ ਸਵੈ-ਜੀਵਨੀ ਲਿਖਣ-ਪ੍ਰਕਿਰਿਆ ਬਾਰੇ ਚਾਨਣਾ ਪਾਇਆ।

ਸਮਾਗਮ ਦੇ ਦੂਜੇ ਦੌਰ ਵਿਚ ਗੁਰਪ੍ਰੀਤ ਸਿੰਘ ਢਿੱਲੋਂ,ਸਤੀਸ਼ ਵਿਦਰੋਹੀ, ਸੁਖ ਸੁਖਵਿੰਦਰ ਸਮਾਣਾ, ਵੀਰਇੰਦਰ ਘੰਗਰੋਲੀ, ਬਲਵਿੰਦਰ ਕੌਰ ਥਿੰਦ, ਜਗਤਾਰ ਨਿਮਾਣਾ, ਭੁਪਿੰਦਰ ਕੌਰ ਵਾਲੀਆ, ਪ੍ਰਿੰ. ਰਿਪਨਜੋਤ ਕੌਰ ਸੋਨੀ ਬੱਗਾ, ਅਮਰਜੀਤ ਸਿੰਘ ਵਾਲੀਆ, ਸਾਬਕਾ ਡੀ.ਐਸ.ਪੀ.ਨਾਹਰ ਸਿੰਘ,ਕੁਲਵੰਤ ਸਿੰਘ ਨਾਰੀਕੇ, ਕੁਲਵਿੰਦਰ ਕੁਮਾਰ, ਤਰਲੋਕ ਢਿੱਲੋਂ,ਅਮਰ ਗਰਗ ਕਲਮਦਾਨ, ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ,ਨਾਇਬ ਸਿੰਘ ਬਦੇਸ਼ਾ, ਅਨੂ ਭੱਟੀ, ਜੱਗਾ ਰੰਗੂਵਾਲ, ਬਲਦੇਵ ਸਿੰਘ ਬਿੰਦਰਾ,ਅਵਤਾਰਜੀਤ ਅਟਵਾਲ, ਕ੍ਰਿਸ਼ਨ ਲਾਲ ਧੀਮਾਨ, ਵਿਜੇ ਕੁਮਾਰ, ਰਾਜ ਸਿੰਘ ਬਧੌਛੀ, ਸਤੀਸ਼ ਵਿਦਰੋਹੀ, ਸ਼ਾਮ ਸਿੰਘ ਪ੍ਰੇਮ, ਕੁਲਦੀਪ ਪਟਿਆਲਵੀ ਆਦਿ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ।

ਇਸ ਸਮਾਗਮ ਵਿਚ ਅਮਰਜੀਤ ਸਿੰਘ ਵਾਲੀਆ, ਕੁਲਵਿੰਦਰ ਸਿੰਘ ਮਾਨੂੰਪੁਰੀ, ਖੋਜ ਅਫ਼ਸਰ ਡਾ. ਸੰਤੋਖ ਸਿੰਘ ਸੁੱਖੀ, ਸਵਰਨਜੀਤ ਕੌਰ (ਭਾਸ਼ਾ ਵਿਭਾਗ), ਸੁਪਰਡੰਟ ਹਰਵਿੰਦਰ ਸਿੰਘ, ਜੋਗਾ ਸਿੰਘ ਪੰਜਾਬੀ,ਨਵਦੀਪ ਸਿੰਘ ਮੁੰਡੀ, ਅਮਨ ਅਜਨੌਦਾ, ਮੋਹਨਜੀਤ ਸਿੰਘ, ਇੰਦਰਪਾਲ ਸਿੰਘ, ਰਣਜੀਤ ਕੌਰ, ਬਲਜੀਤ ਮੂਰਤੀਕਾਰ, ਹਰਵਿੰਦਰ ਸਿੰਘ, ਪੀ.ਐਸ.ਪੀ. ਸੀ.ਐਲ. ਦੇ ਡਿਪਟੀ ਸੈਕਟਰੀ ਚੇਤਨ ਸਿੰਘ, ਸਜਨੀ, ਰਣਜੀਤ ਭੱਟੀ, ਪ੍ਰਕਾਸ਼ ਸਿੰਘ, ਰਾਜੇਸ਼ਵਰ ਕੁਮਾਰ,ਗੁਰਕੀਰਤ ਕੌਰ, ਦਲਜੀਤ ਕੌਰ, ਜਸਵੰਤ ਕੌਰ, ਹਰਬੰਸ ਸਿੰਘ, ਬਲਵਿੰਦਰ ਕੌਰ, ਰਾਜੇਸ਼ ਕੋਟੀਆ,ਅਨੂ ਭੱਟੀ,ਗਰਕੀਰਤ ,ਪ੍ਰਤਾਪ ਸਿੰਘ ਜੱਗੀ,ਪੁਸ਼ਪਦੀਪ ਕੌਰ,ਸੌਰਯਵੀਰ ਸਿੰਘ,ਅਰਸ਼ਦੀਪ ਸਿੰਘ ਆਦਿ ਸ਼ਾਮਿਲ ਸਨ। ਅੰਤ ਵਿੱਚ ਸੁਖਦੇਵ ਸਿੰਘ ਚਹਿਲ ਨੇ ਸਭ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਜਨਰਲ ਸਕੱਤਰ ਪਟਿਆਲਵੀ ਨੇ ਬਾਖ਼ੂਬੀ ਨਿਭਾਈ।

# ਜ਼ਿਲ੍ਹੇ ’ਚ 112 ਪਿੰਡਾਂ ’ਚ ਹੋਣ ਵਾਲੀ ਪੰਚਾਂ ਤੇ ਸਰਪੰਚਾਂ ਦੀ ਉਪ ਚੋਣ ਬਾਰੇ ਕਿਸੇ ਤਰ੍ਹਾਂ ਦੀ ਵੀ ਸ਼ਿਕਾਇਤ ਕਰਨ ਲਈ ਫੋਨ ਨੰਬਰ ਤੇ ਈਮੇਲ ਜਾਰੀ

## ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਕਿਸੇ ਵੀ ਸ਼ਿਕਾਇਤ ਦਾ ਨਿਪਟਾਰਾ ਤੁਰੰਤ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵਚਨਬੱਧ: ਏ.ਡੀ.ਸੀ. ਅਮਰਿੰਦਰ ਸਿੰਘ ਟਿਵਾਣਾ

**ਪਟਿਆਲਾ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਪਟਿਆਲਾ ਜ਼ਿਲ੍ਹੇ ਦੇ 112 ਪਿੰਡਾਂ ਵਿੱਚ ਪੰਚਾਂ ਅਤੇ ਸਰਪੰਚਾਂ ਦੀਆਂ 27 ਜੁਲਾਈ 2025 ਨੂੰ ਹੋਣ ਵਾਲੀਆਂ ਗ੍ਰਾਮ ਪੰਚਾਇਤਾਂ ਦੀਆਂ ਉਪ ਚੋਣਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਸ਼ਿਕਾਇਤ ਸੈਲ ਦਾ ਗਠਨ ਕੀਤਾ ਹੈ।

ਇਹ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਦਿਹਾਤੀ ਵਿਕਾਸ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਅਮਰਿੰਦਰ ਸਿੰਘ ਟਿਵਾਣਾ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਦੌਰਾਨ ਪਟਿਆਲਾ ਜ਼ਿਲ੍ਹੇ ਦੇ ਵੋਟਰਾਂ ਦੀਆਂ ਰਾਜ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਫੋਨ ਨੰਬਰ 0175-2360055 ਅਤੇ ਈਮੇਲ



zppatiala@yahoo.com ਜਾਰੀ ਕੀਤਾ ਗਿਆ ਹੈ।

ਏ.ਡੀ.ਸੀ. ਨੇ ਦੱਸਿਆ ਕਿ ਇਸ ਸ਼ਿਕਾਇਤ ਸੈਲ ਦਾ ਇੰਚਾਰਜ ਸਕੱਤਰ-ਕਮ-ਡਿਪਟੀ ਸੀ.ਈ.ਓ. ਜ਼ਿਲ੍ਹਾ ਪ੍ਰੀਸ਼ਦ ਪਟਿਆਲਾ ਅਮਨਦੀਪ ਕੌਰ ਨੂੰ ਨੋਡਲ ਅਫ਼ਸਰ ਸ਼ਿਕਾਇਤਾਂ ਲਗਾਇਆ ਗਿਆ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਚੋਣ ਜਾਬਤੇ ਸਬੰਧੀਂ ਸ਼ਿਕਾਇਤਾਂ ਦਰਜ ਕਰਵਾਉਣ ਲਈ ਚੋਣਾਂ ਵਾਲੇ ਪਿੰਡਾਂ ਦਾ ਕੋਈ ਵੀ ਵੋਟਰ ਜਾਂ ਉਮੀਦਵਾਰ ਉਕਤ ਨੰਬਰ ’ਤੇ ਸੰਪਰਕ ਕਰ ਸਕਦਾ ਹੈ ਜਾਂ ਈਮੇਲ ਕਰ ਸਕਦਾ ਹੈ।

ਉਨ੍ਹਾਂ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਬਾਅਦ ਚੋਣ ਅਮਲ ਨਾਲ ਸਬੰਧਤ ਸ਼ਿਕਾਇਤਾਂ ਤੇ ਮਾਮਲਿਆਂ ਦੇ ਨਿਪਟਾਰੇ ਲਈ ਪ੍ਰਤੀਬੱਧ ਪ੍ਰਣਾਲੀ ਕੰਮ ਕਰ ਰਹੀ ਹੈ ਤਾਂ ਜੋ ਚੋਣ ਅਮਲ ਨੂੰ ਨਿਰਪੱਖ, ਸੁਤੰਤਰ, ਸ਼ਾਂਤਮਈ ਤੇ ਨਿਰਵਿਘਨ ਬਣਾਇਆ ਜਾ ਸਕੇ। ਸ਼ਿਕਾਇਤ ਸੈਲ ਵੱਲੋਂ ਸ਼ਿਕਾਇਤਾਂ ਦਾ ਨਿਪਟਾਰਾ ਨਿਰਧਾਰਤ ਸਮੇਂ ਦੇ ਅੰਦਰ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾ ਰਹੀ ਹੈ।

## ਕਹਾਣੀ

# ਅੰਨ੍ਹੀ ਦੌੜ ਦਾ ਦੁਖਾਂਤ

-ਤਨਵੀਰ ਕੌਰ ਨੈਨਸੀ



ਮਾਂ ਅੱਜ ਬਾਪੂ ਜੀ ਨੂੰ ਆਖ ਦੇਵੀਂ ਕਿ ਟਰੈਵਲ ਏਜੰਸੀ ਵਾਲਿਆਂ ਤੋਂ ਮੇਰੇ ਆਸਟਰੇਲੀਆ ਜਾਣ ਬਾਰੇ ਪੁੱਛ ਕੇ ਆਉਣ। ਕਾਲਜ ਨੂੰ ਜਾਣ ਲੱਗਿਆਂ ਰਵੀ ਨੇ ਆਪਣੀ ਮਾਂ ਨੂੰ ਕਿਹਾ।

ਨਾ ਪੁੱਤ ਮੈਂ ਤੈਨੂੰ ਪਰਦੇਸ ਨਹੀਂ ਘੱਲਣਾ ਤੂੰ ਤਾਂ ਸੁੱਖ ਨਾਲ ਮੇਰਾ ਇਕੋ ਇਕ ਪੁੱਤ ਏਂ। ਤੇ ਤੈਨੂੰ ਬਾਹਰ ਭੇਜ ਕੇ ਅਸੀਂ ਦੋਨੋਂ ਜੀਅ ਇਥੇ ਕੀ ਕਰਾਂਗੇ। ਨਾ ਪੁੱਤ ਨਾ। ਅੱਗੋਂ ਰਵੀ ਦੀ ਮਾਂ ਧਰਮ ਕੁਰ ਨੇ ਕਿਹਾ।

ਬੱਸ ਮਾਂ ਮੇਰੇ ਨਾਲ ਦੇ ਸਾਰੇ ਮੁੰਡੇ ਬਾਹਰ ਚਲੇ ਗਏ ਨੇ ਤੇ ਮੈਂ ਵੀ ਹੁਣ ਬਾਹਰ ਹੀ ਜਾਣਾ ਹੈ ਬੱਸ। ਰਵੀ ਨੇ ਰੋਅਬ ਭਰੇ ਲਹਿਜ਼ੇ ਵਿਚ ਕਿਹਾ।

ਪੁੱਤ ਤੂੰ ਆਪਣੇ ਬਾਪੂ ਨਾਲ ਰਲ ਕੇ ਇਥੇ ਮਿਹਨਤ ਕਰ ਉਨ੍ਹਾਂ ਦੇ ਨਾਲ ਖੇਤੀ ਦੇ ਕੰਮ ਵਿਚ ਹੱਥ ਵਟਾਇਆ ਕਰ। ਹੁਣ ਤੂੰ ਸੁੱਖ ਨਾਲ ਜਵਾਨ ਹੋ ਗਿਆਂ।

ਮੈਂ ਕੋਈ ਖੇਤੀ ਖੂਤੀ ਨਹੀਂ ਕਰਨੀ। ਇਹ ਵੀ ਕੋਈ ਕੰਮਾਂ 'ਚੋਂ ਕੰਮ ਐਂ? ਅਖੇ ਲੋਕੀਂ ਪੁੱਛਣ ਤੁਹਾਡਾ ਮੁੰਡਾ ਕੀ ਕੰਮ ਕਰਦਾ 'ਤੇ ਅੱਗੋਂ ਤੁਸੀਂ ਆਖੋ ਸਾਡਾ ਮੁੰਡਾ ਤਾਂ ਖੇਤੀ ਕਰਦਾ ਹੈ। ਮੈਂ ਨਹੀਂ ਚਾਹੁੰਦਾ ਕਿ ਇਸ ਤਰ੍ਹਾਂ ਕਹਿ ਕੇ ਤੁਸੀ ਮੇਰੀ ਬੇਇਜ਼ਤੀ ਕਰੋ।

ਖੇਤ ਵਿਚੋਂ ਪਾਣੀ ਲਾ ਕੇ ਘਰ ਮੁੜੇ ਕਰਨੈਲ ਨੇ ਆਪਣੇ ਮੁੰਡੇ ਦੀ ਇਹ ਗੱਲ ਸੁਣੀ ਤਾਂ ਉਹ ਗੁੱਸੇ ਵਿਚ ਲੋਹਾ ਲਾਖਾ ਹੋ ਗਿਆ ਤੇ ਉਸ ਮੁੰਡੇ ਨੂੰ ਕਿਹਾ, ਨਾ ਤੇਰੀਆਂ ਵੱਡੇ ਸ਼ਾਹੂਕਾਰ ਦੀਆਂ ਖੇਤੀ ਕਰਨ ਲੱਗਿਆਂ ਬੇਇਜ਼ਤੀਆਂ ਹੁੰਦੀਆਂ? ਸਾਡੀ ਤਾਂ ਅੱਜ ਤੱਕ ਕਿਸੇ ਬੇਜ਼ਤੀ ਨਹੀਂ ਕੀਤੀ? ਜਿਉਂ ਸੁਰਤ ਸੰਭਲੀ ਆ ਹੁਣ ਤਾਈਂ ਖੇਤੀ ਦਾ ਈ ਕੰਮ ਕੀਤਾ, ਸਾਨੂੰ ਤਾਂ ਕਦੇ ਕਿਸੇ ਕੁਝ ਨਹੀਂ ਆਖਿਆ।

ਬਾਪੂ ਉਦੋਂ ਜ਼ਮਾਨੇ ਹੋਰ ਸੀ, ਹੁਣ ਦੇ ਮੁੰਡੇ ਨਹੀਂ ਖੇਤੀ ਖੂਤੀ ਕਰਦੇ, ਬਾਪੂ.. ਆਹ ਜਿਹੜੀ ਦੋ ਕੁ ਘੁਮਾ ਜ਼ਮੀਨ ਪਈ ਆ ਇਹਨੂੰ ਵੇਚ ਤੇ ਮੈਨੂੰ ਬਾਹਰ ਭੇਜ ਨਹੀਂ ਤਾਂ..। ਏਨਾ ਕਹਿ ਕੇ ਰਵੀ ਚੁੱਪ ਹੋ ਗਿਆ।

ਨਹੀਂ ਤਾਂ ਤੂੰ ਕੀ ਕਰ ਲਏਂਗਾ? ਮੈਂ ਨਹੀਂ ਵੇਚਦਾ ਜ਼ਮੀਨ ਆਪਣੇ ਜਿਉਂਦੇ ਜੀ, ਜਾਹ ਤੂੰ ਕਰ ਲੈ ਜੋ ਕਰਨਾ। ਕਰਨੈਲ ਸਿੰਘ ਨੇ ਅੜਬ ਜਿਹੇ ਸੁਭਾਅ ਨੂੰ ਉਜਾਗਰ ਕਰਦਿਆਂ ਕਿਹਾ। ਮੈਂ ਕਿਹਾ ਤੁਸੀਂ ਚੁੱਪ ਕਰੋ ਹੁਣ, ਮੁੰਡਾ ਕਾਲਜ ਚੱਲਿਆ, ਤੁਸੀਂ ਜਾਣ ਦਿਉ ਉਹਨੂੰ। ਜਾਹ ਪੁੱਤ ਤੂੰ ਕਾਲਜ ਨੂੰ ਜਾਹ। ਰਵੀ ਦੀ ਮਾਂ ਨੇ ਦੋਹਾਂ ਦੀ ਹੁੰਦੀ ਬਹਿਸ ਨੂੰ ਰੋਕਣ ਲਈ ਵਿਚੋਂ ਟੋਕ ਕੇ ਕਿਹਾ। ਰਵੀ ਮੂੰਹ ਵਿਚ ਬੁੜ ਬੁੜ ਕਰਦਾ ਬਾਹਰ ਨੂੰ ਨਿਕਲ ਗਿਆ। ਅੱਜ ਤੇਰੀ ਸ਼ਹਿ ਮਿਲਣ 'ਤੇ ਹੀ ਇਹ ਏਨਾ ਮੱਛਰ ਰਿਹਾ ਧਰਮ ਕੁਰੇ, ਮੈਂ ਤੈਨੂੰ ਕਹਿਨਾ ਬਈ ਨਾ ਇਹਨੂੰ ਇਨ੍ਹਾਂ ਲਾਡ ਪਿਆਰ ਕਰ ਕਰ ਸਿਰੇ ਚੜ੍ਹਾਇਆ ਕਰ। ਧਰਮ ਕੁਰੇ ਦੇਖੀਂ ਕਿਤੇ ਏਸ ਦੇ ਆਖੇ ਲੱਗ ਕੇ ਤੈਨੂੰ ਵੀ ਪਰਵਾਸ ਦੀ ਅੰਨ੍ਹੀ ਦੌੜ ਦਾ ਸ਼ਿਕਾਰ ਨਾ ਹੋਣਾ ਪੈ ਜਾਵੇ। ਰਵੀ ਦੇ ਜਾਣ ਮਗਰੋਂ ਕਰਨੈਲ ਨੇ ਧਰਮ ਕੁਰ ਨੂੰ ਕਿਹਾ। ਕੋਈ ਨਾ ਜੀ, ਹਜੇ ਇਹ ਬੱਚਾ ਆ ਆਪੇ ਸਮਝ ਜਾਊਗਾ ਹੌਲੀ ਹੌਲੀ। ਮੈਂ ਆਪੇ ਇਹਨੂੰ ਸਮਝਾ ਦਿਆਂਗੀ। ਤੁਸੀਂ ਹੁਣ ਰੋਟੀ ਖਾ ਲਓ, ਮੂੰਹ ਹੱਥ ਧੋ ਕੇ। ਧਰਮ ਕੁਰ ਨੇ ਬੜੇ ਠਰ੍ਹੰਮੇ ਨਾਲ ਕਰਨੈਲ ਨੂੰ ਕਿਹਾ। ਸ਼ਾਮ ਪਈ ਤੇ ਕਰਨੈਲ ਫਿਰ ਖੇਤਾਂ ਵੱਲ ਨੂੰ ਚਲੇ ਗਿਆ। ਧਰਮ ਕੁਰ ਰਾਤ ਲਈ ਰੋਟੀ ਪਾਣੀ ਦਾ ਇੰਤਜ਼ਾਮ ਕਰਨ ਲੱਗੀ ਤਾਂ ਇੰਨੇ ਨੂੰ ਰਵੀ ਵੀ ਘਰ ਆ ਗਿਆ। ਉਸ ਨੇ ਆ ਕੇ ਮਾਂ ਨੂੰ ਦੱਸਿਆ ਮਾਂ ਅੱਜ ਪਰਲੇ ਵਿਹੜੇ ਵਾਲੇ ਵੱਡੇ ਘਰਾਂ ਦਾ ਮੁੰਡਾ ਵੀ ਬਾਹਰ ਚਲੇ ਗਿਆ।

ਅੱਛਾ! ਪੁੱਤ ਉਨ੍ਹਾਂ ਦੀਆਂ ਤਾਂ ਗੱਲਾਂ ਈ ਹੋਰ ਆ, ਪੁੱਤ ਵਾਧੂ ਪੈਸਾ ਇਕੱਠਾ ਕੀਤਾ ਹੋਇਆ ਉਹਦੇ ਪਿਓ ਨੇ, ਕਾਹਦਾ ਘਾਟਾ ਉਨ੍ਹਾਂ ਨੂੰ।

ਮਾਂ ਜੇ ਤੂੰ ਚਾਹੇ ਤਾਂ ਆਪਾਂ ਨੂੰ ਵੀ ਕੋਈ ਘਾਟਾ ਨਾ ਰਹੇ, ਜੇ ਮੈਂ ਵੀ ਕਿਤੇ ਬਾਹਰ ਚਲਿਆ ਜਾਵਾਂ ਤਾਂ। ਰਵੀ ਨੇ ਮਾਂ ਨੂੰ ਬਹਿਲਾਉਣਾ ਸ਼ੁਰੂ ਕੀਤਾ। ਪੁੱਤ ਘਾਟਾ ਤਾਂ ਆਪਾਂ ਨੂੰ ਹੁਣ ਵੀ ਕਾਸੇ ਦਾ ਨਹੀਂ, ਤੂੰ ਐਂਵੇ ਹੀ ਬਾਹਰ ਦੇ ਮਗਰ ਪਿਆਂ। ਮਾਂ ਤੈਨੂੰ ਨਹੀਂ ਪਤਾ ਜੇ ਮੈਂ ਇਕ ਵਾਰ ਬਾਹਰ ਚਲੇ ਗਿਆ ਤਾਂ ਦੇਖੀ, ਫੇਰ ਤੂੰ ਵੀ ਵੱਡੇ ਘਰਾਂ ਵਾਲਿਆਂ ਵਾਂਗੂੰ ਰਾਜ ਕਰੇਂਗੀ ਰਾਜ। ਜਿਵੇਂ ਹੁਣ ਤੂੰ ਬਾਪੂ ਦੀਆਂ ਮਿੰਨਤਾਂ ਕਰਦੀ ਫਿਰਦੀ ਰਹਿੰਨੀ ਐ ਨਾ, ਮੈਨੂੰ ਸੋਨੇ ਦੀਆਂ ਵਾਲੀਆਂ ਬਣਾ ਦੇ। ਜੇ ਮੈਂ ਕਿਤੇ ਬਾਹਰ ਚਲੇ ਜਾਵਾਂ ਤਾਂ ਮੈਂ ਤੈਨੂੰ ਸੋਨੇ ਨਾਲ ਲੱਦ ਦੂੰ ਮਾਂ। ਬਾਹਰ ਬੜਾ ਪੈਸਾ ਈ।

ਪੁੱਤ ਮੈਨੂੰ ਤਾਂ ਤੂੰ ਮੇਰੇ ਕੋਲ ਚਾਹੀਦਾਂ, ਫਿਰ ਮੈਨੂੰ ਕਿਸੇ ਸੋਨੇ ਦੀ ਲੋੜ ਨਹੀਂ। ਧਰਮ ਕੁਰ ਨੇ ਮਮਤਾ ਭਰੇ ਅੰਦਾਜ਼ 'ਚ ਕਿਹਾ।

ਮਾਂ ਜੇ ਮੈਂ ਇਕ ਵਾਰ ਸਟੱਡੀ ਵੀਜ਼ੇ 'ਤੇ ਚਲੇ ਗਿਆ ਤਾਂ ਆਪੇ ਹੌਲੀ ਹੌਲੀ ਉਥੇ ਪੱਕਾ ਹੋ ਜਾਵਾਂਗਾ। ਫਿਰ ਤਾਂ ਮਾਂ ਮੌਜਾਂ ਹੀ ਮੌਜਾਂ ਹੋਣਗੀਆਂ, ਜਦ ਦਿਲ ਕੀਤਾ ਮੈਂ ਤੇਰੇ ਕੋਲ ਆ ਜਾਇਆ ਕਰੂੰ।

ਚੱਲ ਜੇ ਤੇਰੀ ਇਹ ਹੀ ਮਰਜ਼ੀ ਆ ਤਾਂ ਅੱਜ ਕਰਕੇ ਦੇਖੂੰ ਤੇਰੇ ਬਾਪੂ ਨਾਲ ਗੱਲ। ਮਾਂ ਨੇ ਰਵੀ ਦੀਆਂ ਗੱਲਾਂ 'ਤੇ ਗੌਰ ਕਰਦੀ ਨੇ ਕਿਹਾ।

ਰਾਤ ਨੂੰ ਮੰਜੇ 'ਤੇ ਪੈਂਦਿਆਂ ਧਰਮ ਕੁਰ ਨੇ ਕਰਨੈਲ ਨੂੰ ਰਵੀ ਦੀ ਇੱਛਾ ਬਾਰੇ ਦੱਸਿਆ ਤੇ ਨਾਲ ਹੀ ਆਪਣੀ ਇੱਛਾ ਵੀ ਰਵੀ ਦੇ ਹੱਕ ਵਿਚ ਜ਼ਾਹਰ ਕੀਤੀ। ਦੇਖ ਧਰਮ ਕੁਰੇ ਆਪਣੇ ਕੋਲ ਜੋ ਥੋੜੀ ਬਹੁਤ ਜ਼ਮੀਨ ਹੈ, ਇਹ ਰਵੀ ਦੀ ਹੀ ਤਾਂ ਹੈ ਪਰ ਮੈਂ ਨਹੀਂ ਚਾਹੁੰਦਾ ਕਿ ਇਸ ਨੂੰ ਵੇਚ ਕੇ ਰਵੀ ਬਾਹਰ ਚਲਾ ਜਾਵੇ। ਅੱਜ ਕੱਲ੍ਹ ਬਾਹਰ ਬੜੇ ਧੋਖੇ ਹੋ ਰਹੇ ਨੇ। ਦੇਖੀਂ ਕਿਤੇ ਫਿਰ ਆਪਾਂ ਰੋਟੀ ਪਾਣੀ ਤੋਂ ਹੀ ਜਾਈਏ। ਮੈਂ ਕਿਹਾ ਕੁਝ ਨਹੀਂ ਹੁੰਦਾ ਏਦਾਂ ਦਾ। ਸਭ ਠੀਕ ਹੋ ਜਾਊ। ਤੁਸੀਂ ਸਵੇਰੇ ਸ਼ਹਿਰ ਜਾ ਕੇ ਪਤਾ ਕਰ ਆਓ। ਠੀਕ ਹੈ। ਜਿਵੇਂ ਤੁਹਾਡੀ ਮਾਂ ਪੁੱਤਾਂ ਦੀ ਮਰਜ਼ੀ। ਅਗਲੀ ਸਵੇਰ ਕਰਨੈਲ ਨੇ ਸ਼ਹਿਰ ਜਾ ਕੇ ਸਾਰਾ ਪਤਾ ਕਰਵਾ ਕੇ ਜ਼ਮੀਨ ਵੇਚ ਕੇ ਥੋੜ੍ਹੇ ਦਿਨਾਂ ਦੇ ਵਿਚ ਵਿਚ ਰਵੀ ਨੂੰ ਸਟੱਡੀ ਵੀਜ਼ਾ ਦਿਵਾ ਕੇ ਅਖੀਰ ਬਾਹਰ ਭੇਜ ਦਿੱਤਾ।

ਅਖੀਰ ਰਵੀ ਆਸਟਰੇਲੀਆ ਚਲੇ ਗਿਆ ਅਤੇ ਉਥੇ ਪਹੁੰਚ ਕੇ ਉਸ ਨੇ ਆਪਣੀ ਮਾਂ ਨੂੰ ਫੋਨ ਕੀਤਾ। ਮਾਂ ਮੈਂ ਠੀਕ ਠਾਕ ਪਹੁੰਚ ਗਿਆ। ਇਥੇ ਤਾਂ ਸਵਰਗ ਹੀ ਆ ਮਾਂ, ਬੜਾ ਸੋਹਣਾ ਦੇਸ਼ ਆ ਏਹ ਮਾਂ। ਹੋਰ ਬਾਪੂ ਜੀ ਨੂੰ ਵੀ ਦੱਸ ਦਵੀਂ ਉਹ ਕਿਸੇ ਗੱਲ ਦੀ ਫਿਕਰ ਨਾ ਕਰਨ। ਚੰਗਾ ਮਾਂ ਮੈਂ ਹੁਣ ਫੋਨ ਰੱਖਦਾਂ। ਰਵੀ ਦਾ ਫੋਨ ਸੁਣ ਕੇ ਮਾਂ ਹੁਣ ਫੁੱਲੀ ਨਹੀਂ ਸੀ ਸਮਾ ਰਹੀ। ਰਵੀ ਇਥੇ ਆ ਕੇ ਪਹਿਲਾਂ ਦੇ ਆਏ ਹੋਏ ਆਪਣੇ ਪਿੰਡ ਦੇ ਸਾਥੀਆਂ ਨੂੰ ਮਿਲਿਆ ਪਰ ਕਿਸੇ ਕੋਲ ਏਨਾ ਸਮਾਂ ਹੀ ਨਹੀਂ ਸੀ ਕਿ ਉਹ ਰਵੀ ਦੀ ਆਉ-ਭਗਤ ਕਰਦੇ। ਬਾਕੀ ਬਿਗਾਨੇ ਦੇਸ਼ ਵਿਚ ਆ ਕੇ ਫਰਕ ਤਾਂ ਪੈ ਹੀ ਜਾਂਦਾ ਹੈ। ਅਖੇ ਇਥੇ ਤਾਂ ਆਪਣਿਆਂ ਦਾ ਖ਼ੂਨ ਵੀ ਚਿੱਟਾ ਹੋ ਜਾਂਦਾ ਹੈ। ਰਵੀ ਨੂੰ ਇਹ ਦੇਖ ਕੇ ਬਹੁਤ ਦੁੱਖ ਹੋਇਆ ਤੇ ਅੱਜ ਬੇਬੇ ਬਾਪੂ ਦੀ ਉਸ ਨੂੰ ਬਹੁਤ ਯਾਦ ਆਈ। ਰਵੀ ਰੋਜ਼ ਸਵੇਰੇ ਕਾਲਜ ਤੇ ਸ਼ਾਮ ਨੂੰ ਆ ਕੇ ਨੌਕਰੀ ਦੀ ਭਾਲ ਵਿਚ ਰਾਤ ਤਾਈਂ ਭਟਕਦਾ ਰਹਿੰਦਾ। ਅਨੇਕਾਂ ਥਾਵਾਂ 'ਤੇ ਧੱਕੇ ਖਾਣ ਤੇ ਵੀ ਉਸ ਨੂੰ ਕਿਤੇ ਨੌਕਰੀ ਨਾ ਮਿਲੀ। ਹੁਣ ਉਸ ਨੂੰ ਕਾਲਜ ਦੀ ਫੀਸ ਭਰਨੀ ਵੀ ਮੁਸ਼ਕਿਲ ਹੋ ਗਈ। ਅਖੀਰ ਉਸ ਨੂੰ ਕਿਸੇ ਪਾਸਿਓਂ ਵੀ ਨੌਕਰੀ ਨਾ ਮਿਲਣ ਅਤੇ ਕਾਲਜ ਦੀ ਫੀਸ ਨਾ ਭਰਨ ਤੇ ਕਾਲਜ ਛੱਡਣਾ ਪਿਆ। ਹੁਣ ਉਸ ਦਾ ਵੀਜ਼ਾ ਵੀ ਇਕ ਦੋ ਮਹੀਨੇ ਦਾ ਰਹਿ ਗਿਆ ਸੀ। ਜਿਸ ਕਾਰਨ ਹੁਣ ਉਹ ਜ਼ਿਆਦਾ ਦੇਰ ਉਥੇ ਨਹੀਂ ਰਹਿ ਸਕਦਾ ਸੀ ਕਿਸੇ ਯਾਰ ਦੋਸਤ ਦੀ ਮਿੰਨਤ ਕਰਕੇ ਉਸ ਨੇ ਉਸ ਤੋਂ ਟਿਕਟ ਦੇ ਪੈਸੇ ਲਏ ਤੇ ਇੰਡੀਆ ਵਾਪਸ ਆ ਗਿਆ।...ਹੁਣ ਉਹ ਬਹੁਤ ਪਛਤਾ ਰਿਹਾ ਸੀ ਤੇ ਆਪਣੇ ਆਪ ਵਿਚ ਝੂਰ ਰਿਹਾ ਸੀ ਕਿ ਹੁਣ ਉਹ ਆਪਣਾ ਕਿਹੜਾ ਮੂੰਹ ਲੈ ਕੇ ਬੇਬੇ ਬਾਪੂ ਕੋਲ ਜਾਵੇਗਾ। ਹੁਣ ਤਾਂ ਉਸ ਨੇ ਬਾਪੂ ਦੀ ਸਾਰੀ ਉਮਰ ਭਰ ਦੀ ਕਮਾਈ ਨੂੰ ਰੋੜ੍ਹ ਦਿੱਤਾ ਸੀ। ਉਸ ਦਾ ਹੌਂਸਲਾ ਨਹੀਂ ਸੀ ਪੈ ਰਿਹਾ ਬੇਬੇ ਬਾਪੂ ਅੱਗੇ ਜਾਣ ਦਾ। ਆਖਿਰ ਜਾਂਦਾ ਵੀ ਕਿਹੜਾ ਮੂੰਹ ਲੈ ਕੇ?

ਇੰਡੀਆ ਆ ਕੇ ਉਸ ਨੇ ਆਪਣੇ ਪਿੰਡ ਦੇ ਨੇੜਲੇ ਸ਼ਹਿਰ ਵਿਚ ਜਾ ਕੇ ਇਕ ਹੋਟਲ ਵਿਚ ਕਮਰਾ ਬੁੱਕ ਕਰਵਾ ਲਿਆ ਤੇ ਸਾਰਾ ਦਿਨ ਕਮਰੇ ਵਿਚ ਬੈਠਾ ਸੋਚਦਾ ਰਿਹਾ ਕਿ ਉਸ ਨੇ ਆਪਣੇ ਬਾਪੂ ਦੀ ਗੱਲ ਨਾ ਮੰਨ ਕੇ ਉਨ੍ਹਾਂ ਨੂੰ ਮਿੱਟੀ ਵਿਚ ਰੋਲ ਦਿੱਤਾ ਹੈ। ਸੋਚਦਿਆਂ ਸੋਚਦਿਆਂ ਉਸ ਦੇ ਦਿਮਾਗ ਵਿਚ ਇਕ ਖਿਆਲ ਆਇਆ ਤੇ ਉਸ ਖਿਆਲ ਨੂੰ ਉਸ ਨੇ ਝੱਟ ਅਪਣਾਉਣਾ ਚਾਹਿਆ। ਇਹ ਖਿਆਲ ਆਉਣ ਦੀ ਦੇਰ ਹੀ ਸੀ ਕਿ ਰਵੀ ਨੇ ਬਿਨਾਂ ਕੁੱਝ ਹੋਰ ਸੋਚੇ ਸਮਝੇ ਆਤਮ ਹੱਤਿਆ ਕਰ ਲਈ। ਜਦ ਹੋਟਲ ਵਾਲਿਆਂ ਨੇ ਉਸ ਦੀ ਲਾਸ਼ ਦੇਖੀ ਤਾਂ ਉਸ ਕੋਲ ਪਏ ਸਮਾਨ ਵਿਚੋਂ ਉਸ ਦੇ ਘਰ ਦਾ ਪਤਾ ਕਰਕੇ ਉਨ੍ਹਾਂ ਦੇ ਘਰ ਫੋਨ ਕਰਕੇ ਰਵੀ ਦੁਆਰਾ ਕੀਤੀ ਆਤਮ ਹੱਤਿਆ ਬਾਰੇ ਦੱਸਿਆ ਤਾਂ ਧਰਮ ਕੁਰ ਇਹ ਸੁਣ ਕੇ ਉਥੇ ਹੀ ਢੇਰੀ ਹੋ ਗਈ ਤੇ ਹੁਣ ਉਸ ਦੇ ਕੰਨਾਂ ਵਿਚ ਕਰਨੈਲ ਦੀ ਕਹੀ ਹੋਈ ਇਹੋ ਆਵਾਜ਼ ਜ਼ੋਰ-ਜ਼ੋਰ ਦੀ ਗੂੰਜ ਰਹੀ ਸੀ, 'ਦੇਖੀਂ ਧਰਮ ਕੁਰੇ ਕਿਤੇ ਤੂੰ ਵੀ ਨਾ ਪਰਵਾਸ ਦੀ ਅੰਨ੍ਹੀ ਦੌੜ ਦਾ ਸ਼ਿਕਾਰ ਬਣ ਜਾਵੀਂ...।'

## ਮਿੰਨੀ ਕਹਾਣੀਆਂ

### ਵੋਟਾਂ ਬਨਾਮ ਪੈਸਾ

ਘਰ ਵਿਚ ਕੰਮ ਕਰਨ ਵਾਲੀ ਨੌਕਰਾਣੀ ਲਗਭਗ ਦੋ ਮਹੀਨਿਆਂ ਤੋਂ ਵੋਟਾਂ ਪੈਣ ਦੀਆਂ ਗੱਲਾਂ ਸੁਣਦੀ ਰਹਿੰਦੀ



ਸੀ। ਕਦੇ-ਕਦੇ ਉਹ ਕੰਮ ਕਰਦੀ-ਕਰਦੀ ਘਰ ਦੀ ਮਾਲਕਣ ਨਾਲ ਵੋਟਾਂ ਪੈਣ ਬਾਰੇ ਪੁੱਛ ਬੈਠਦੀ ਸੀ ਕਿ ਬੀਬੀ ਜੀ ਵੋਟਾਂ ਬਾਰੇ ਸੁਣਦੇ ਤਾਂ ਰੋਜ਼ ਹੀ ਰਹਿੰਦੇ ਹਾਂ ਪਰ ਆਪਣੇ ਤਾਂ ਵੋਟਾਂ ਪੈਣ ਦਾ ਰੌਲਾ ਸੁਣਿਆ ਹੀ ਨਹੀਂ। ਨੌਕਰਾਣੀ ਦੀ ਗੱਲ ਸੁਣ ਕੇ ਮਾਲਕਣ ਨੇ ਕਿਹਾ ਕਿ ਇਹ ਵੋਟਾਂ ਤਾਂ ਪੰਚਾਇਤ ਦੀਆਂ ਹਨ ਜੋ ਪਿੰਡਾਂ ਵਿਚ ਹੀ ਪੈਣਗੀਆਂ। ਆਪਣੀਆਂ ਵੋਟਾਂ ਦਾ ਰੌਲਾ ਤਾਂ ਜੂਨ ਮਹੀਨੇ ਪਵੇਗਾ। ਇਹ ਸੁਣ ਕੇ ਉਹ ਕੰਮ ਕਰਦੀ-ਕਰਦੀ ਖਿੜ ਉਠੀ ਅਤੇ ਕਹਿਣ ਲੱਗੀ ਫਿਰ ਤਾਂ ਬੀਬੀ ਜੀ ਪੈਸਿਆਂ ਵਾਲੀਆਂ ਵੋਟਾਂ ਪੈਣਗੀਆਂ। ਮਾਲਕਣ ਨੇ ਉਸ ਦੀ ਹਾਂ ਵਿਚ ਹਾਂ ਮਿਲਾਈ ਹੀ ਸੀ ਕਿ ਉਸ ਦੀ ਛੋਟੀ ਕੁੜੀ ਜੋ ਨਾਲ ਕੰਮ ਕਰਨ ਆਈ ਸੀ ਤਾਂ ਵੋਟਾਂ ਤੋਂ ਬਿਲਕੁਲ ਅਣਜਾਣ ਸੀ, ਝੱਟ ਹੀ ਬੋਲ ਉਠੀ 'ਇਹ ਪੈਸੇ ਵੋਟਾਂ ਦੇ ਸਾਰਿਆਂ ਨੂੰ ਮਿਲਣਗੇ।' ਬੱਚੀ ਦੀ ਗੱਲ ਸੁਣਦਿਆਂ ਹੀ ਮਾਲਕਣ ਨਿਰਉੱਤਰ ਹੋਈ ਇਕ ਪਾਸੇ ਤਾਂ ਦੇਸ਼ ਵਿਚ ਹੋਣ ਵਾਲੀਆਂ ਨਿਰਪੱਖ ਚੋਣਾਂ ਬਾਰੇ ਤੇ ਦੂਜੇ ਪਾਸੇ ਨੌਕਰਾਣੀ ਦੀ ਗਰੀਬੀ ਤੇ ਬੱਚੇ ਦੇ ਭੋਲੇਪਣ ਬਾਰੇ ਸੋਚਣ ਲਈ ਮਜਬੂਰ ਸੀ।

-ਸ੍ਰੀਮਤੀ ਦਰਸ਼ਨਾ ਦੇਵੀ

### ਸਮਾਜ ਸੇਵੀ

ਆਪਣੇ ਹਲਕੇ ਵਿਚ ਸਮਾਜ ਸੇਵੀ ਵਜੋਂ ਜਾਣੇ ਜਾਂਦੇ ਗੁਪਤਾ ਜੀ ਲਗਾਤਾਰ ਲੋਕਾਂ ਦੇ ਫੈਸਲੇ ਕਰਾ ਕੇ ਕਾਫੀ ਨਾਮ ਕਮਾ ਗਏ ਸਨ। ਹੁਣ ਹੌਲੀ ਹੌਲੀ ਚੋਣਾਂ ਸਮੇਂ ਰਾਜਸੀ ਲੋਕਾਂ ਨੇ ਉਨ੍ਹਾਂ ਨੂੰ ਆਪਣੇ ਆਪਣੇ ਹੱਕ ਵਿਚ ਭੁਗਤਾਉਣ ਅਤੇ ਆਪਣੇ ਨਾਲ ਜੁੜੇ ਲੋਕਾਂ ਨੂੰ ਆਪਣੇ ਵੱਲ ਖਿੱਚਣ ਲਈ ਡੋਰੇ ਪਾਉਣੇ ਸ਼ੁਰੂ ਕਰ ਦਿੱਤੇ। ਗੁਪਤਾ ਜੀ ਨੇ ਇਕ ਦਿਨ ਸਮੂਹਿਕ ਸ਼ਾਦੀਆਂ ਦਾ ਪ੍ਰਬੰਧ ਕਰਦੇ ਹੋਏ ਕਰੀਬ 12 ਜੋੜਿਆਂ ਲਈ ਦਾਨੀਆਂ ਤੋਂ ਕੱਪੜੇ ਲੀੜੇ ਅਤੇ ਹੋਰ ਸਮਾਨ ਇਕੱਠਾ ਕਰ ਲਿਆ। ਵਿਆਹਾਂ ਦੇ ਸਮਾਗਮ ਦੌਰਾਨ ਹਲਕੇ ਦੇ ਨੇਤਾ ਨੇ ਆ ਕੇ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ ਅਤੇ ਗੁਪਤਾ ਜੀ ਦੀ ਸੰਸਥਾ ਲਈ ਗ੍ਰਾਂਟ ਵੀ ਐਲਾਨ ਕਰ ਦਿੱਤੀ। ਇਹ ਸਭ ਕੁਝ ਦੇਖ ਰਹੇ ਗੁਪਤਾ ਜੀ ਦੇ ਪਿਛਲੇ ਪਿੰਡ ਦੇ ਇਕ ਵਸਨੀਕ ਨੇ ਦੇਖ ਕੇ ਕਹਿ ਹੀ ਦਿੱਤਾ ਕਿ ਅਜਿਹੀ ਸਮਾਜ ਸੇਵਾ ਦਾ ਕੀ ਫਾਇਦਾ, ਗੁਪਤਾ ਜੀ ਦੇ ਆਪਣੇ ਮਾਂ ਬਾਪ ਤਾਂ ਬੇਵਸ ਹੋ ਕੇ ਪਿੰਡ ਵਿਚ ਰੋਟੀ ਲਈ ਲੋਕਾਂ ਵੱਲ ਨਿਗਾਹ ਰੱਖਦੇ ਹਨ।

-ਕੇਵਲ ਸਿੰਘ

# ਕਹਾਣੀ-ਉਡੀਕ



ਸਵੇਰੇ-ਸਵੇਰੇ ਤਿਆਰ ਹੋ ਕੇ ਅਸੀਂ ਗੁਰਦੁਆਰਾ ਤੰਬੂ ਸਾਹਿਬ ਤੋਂ ਬੜੀ ਖੁਸ਼ੀ-ਖੁਸ਼ੀ ਗੁਰਦੁਆਰਾ ਜਨਮ ਅਸਥਾਨ ਜਾਣ ਲਈ ਨਨਕਾਣਾ ਸਾਹਿਬ ਦੇ ਬਾਜ਼ਾਰ ਵਿਚਲੀ ਮੁੱਖ ਸੜਕ ਉੱਪਰ ਕਾਹਲੇ ਕਦਮੀਂ ਜਾ ਰਹੇ ਸੀ। ਅਚਾਨਕ ਸਾਡੀ ਨਿਗਾਹ ਸਾਹਮਣੇ ਇਕ ਕਰੀਬ ਅੱਸੀ-ਬਿਆਸੀ ਸਾਲ ਦੇ ਬਜ਼ੁਰਗ 'ਤੇ ਪਈ। ਬਜ਼ੁਰਗ ਦੇ ਲਿਬਾਸ ਅਤੇ ਆਵਾਜ਼ ਤੋਂ ਸਾਫ ਪਤਾ ਲੱਗ ਰਿਹਾ ਸੀ ਕਿ ਉਹ ਪਾਕਿਸਤਾਨ ਦਾ ਪੱਕਾ ਵਸਨੀਕ ਤੇ ਮੁਸਲਮਾਨ ਹੈ। ਬਜ਼ੁਰਗ ਲੰਘ ਰਹੇ ਟੋਲਿਆਂ ਨੂੰ ਰੋਕ-ਰੋਕ ਕੇ ਉਨ੍ਹਾਂ ਦੇ ਭਾਰਤੀ ਪੰਜਾਬ ਵਿਚਲੇ ਜ਼ਿਲ੍ਹੇ ਬਾਰੇ ਪੁੱਛ ਰਿਹਾ ਸੀ। ਸਿੱਖ ਯਾਤਰੂ ਟੋਲਿਆਂ ਵੱਲੋਂ ਆਪਣਾ ਜ਼ਿਲ੍ਹਾ ਦੱਸੇ ਜਾਣ 'ਤੇ ਉਹ ਨਿਰਾਸ਼ ਤੇ ਮਾਯੂਸ ਜਿਹਾ ਹੋ ਜਾਂਦਾ। ਮੁੜ ਅਗਲੇ ਟੋਲੇ ਮੂਹਰੇ ਹੱਥ ਬੰਨ੍ਹ ਕੇ ਖੜ੍ਹ ਜਾਂਦਾ। ਸਾਡੇ ਕੋਲੋਂ ਪੁੱਛਣ 'ਤੇ ਜਦ ਅਸੀਂ ਆਪਣਾ ਜ਼ਿਲ੍ਹਾ ਮੋਗਾ ਦੱਸਿਆ ਤਾਂ ਬਜ਼ੁਰਗ ਬੇਆਸ ਜਿਹਾ ਹੋ ਕੇ ਮੋਟੀ ਸਾਰੀ ਐਨਕ ਨੂੰ ਠੀਕ ਕਰਦਾ ਹੋਇਆ ਕਰੜ ਬਰੜੀ ਜਿਹੀ ਦਾੜ੍ਹੀ 'ਤੇ ਹੱਥ ਫੇਰਦਾ-ਫੇਰਦਾ ਪੂਰੀ ਤਰ੍ਹਾਂ ਨਿਰਾਸ਼ ਜਿਹਾ ਹੋ ਗਿਆ। ਪਰ ਸਾਡੇ ਅੰਦਰਲੀ ਭਾਵੁਕਤਾ ਬਜ਼ੁਰਗ ਦੀ ਇਸ ਮਨੋਸਥਿਤੀ ਨੂੰ ਜਾਨਣਾ ਚਾਹੁੰਦੀ ਸੀ। ਅਸੀਂ ਅਜੇ ਸਵਾਲ ਕਰਨ ਹੀ ਲੱਗੇ ਸੀ ਕਿ ਬਜ਼ੁਰਗ ਨੇ ਅੱਗੋਂ ਖੁਦ ਹੀ ਪੁੱਛਿਆ, ਬਈ ਜਵਾਨੋਂ ਤੁਹਾਡੇ ਵਿਚੋਂ ਕੋਈ ਗੁਰਦਾਸਪੁਰ ਜ਼ਿਲ੍ਹੇ ਦਾ ਹੈ? ਸਾਡੇ ਵੱਲੋਂ ਨਾਂਹ ਆਖਣ ਤੇ ਬਜ਼ੁਰਗ ਦਾ ਜਿਵੇਂ ਵੱਡਾ ਨੁਕਸਾਨ ਹੋ ਗਿਆ ਹੋਵੇ। ਗੁਰਦਾਸਪੁਰ ਬਾਰੇ ਪੁੱਛਣ ਦੀ ਦੇਰ ਸੀ ਕਿ ਬਜ਼ੁਰਗ ਦੀਆਂ ਅੱਖਾਂ ਵਿਚੋਂ ਤਿੱਪ-ਤਿੱਪ ਹੰਝੂ ਵਗਣ ਲੱਗ ਪਏ। ਸਾਡੀ ਗੰਭੀਰਤਾ ਨੇ ਮਾਹੌਲ ਨੂੰ ਹੋਰ ਵੀ ਗਮਗੀਨ ਕਰ ਦਿੱਤਾ। ਬਜ਼ੁਰਗ ਨੇ ਆਪਣਾ ਨਾਂਅ ਸ਼ਾਲਮ ਖਾਨ ਦੱਸਿਆ। ਸ਼ਾਲਮ ਖਾਨ ਉਦੋਂ ਅਠਾਰਾਂ ਸਾਲਾਂ ਦਾ ਭਰ ਜਵਾਨ ਸੀ ਜਦੋਂ 1947 ਦੀ ਦੇਸ਼ ਵੰਡ ਹੋਈ ਸੀ। ਬਜ਼ੁਰਗ ਸ਼ਾਲਮ ਖਾਨ ਉੱਪਰ ਵੱਲ ਦੋਵੇਂ ਹੱਥ ਜੋੜ ਕੇ ਦੋਵੇਂ ਦੇਸ਼ਾਂ ਦੀਆਂ ਹਕੂਮਤਾਂ ਨੂੰ ਬੁਰਾ ਭਲਾ ਕਹਿੰਦਾ ਹੋਇਆ ਅੱਲ੍ਹਾ ਤਾਲਾ ਤੋਂ ਦੋਵਾਂ ਮੁਲਕਾਂ ਦੀ ਖੈਰੀਅਤ ਮੰਗਣ ਲੱਗ ਪਿਆ। ਮਾਹੌਲ ਹੋਰ ਵੀ ਭਾਵੁਕ ਹੁੰਦਾ ਜਾ ਰਿਹਾ ਸੀ। ਸਿਰ ਦੇ ਸਾਫ਼ੇ ਨਾਲ ਬਜ਼ੁਰਗ ਨੇ ਅੱਖਾਂ ਪੂੰਝਦੇ ਹੋਏ ਦੱਸਿਆ ਕਿ ਉਸ ਨੂੰ ਚੌਹਟ ਸਾਲ ਹੋ ਗਏ ਪਾਕਿਸਤਾਨ ਵਿਚ ਰਹਿੰਦਿਆਂ। ਬਾਲ ਬੱਚੇ, ਜ਼ਮੀਨ ਜਾਇਦਾਦ ਸਾਰਾ ਕੁਝ ਉਸ ਕੋਲ ਹੈ। ਪਰਿਵਾਰਿਕ ਤੌਰ 'ਤੇ ਬੜਾ ਸੌਖਾ ਹੈ। ਸਰਕਾਰੇ-ਦਰਬਾਰੇ ਬੱਚਿਆਂ ਦੀ ਪਹੁੰਚ ਵੀ ਚੰਗੀ ਹੈ। ਪਰ ਅਫਸੋਸ ਉਹ ਅਜੇ ਤੱਕ ਵੀ ਪਾਕਿਸਾਤਨ ਨੂੰ ਆਪਣਾ ਦੇਸ਼ ਅਤੇ ਚੱਕ ਨੰਬਰ 113 ਨੂੰ ਆਪਣਾ ਪਿੰਡ ਨਹੀਂ ਮੰਨ ਸਕਿਆ ਸਗੋਂ ਅੱਜ ਵੀ ਉਹ ਗੁਰਦਾਸਪੁਰ ਨੂੰ ਹੀ ਆਪਣਾ ਜ਼ਿਲ੍ਹਾ ਤੇ ਭਾਗੋਵਾਲ ਨੂੰ ਹੀ ਆਪਣਾ ਪਿੰਡ ਮੰਨਦਾ ਹੈ। ਬਜ਼ੁਰਗ ਦੀਆਂ ਇਨ੍ਹਾਂ ਗੱਲਾਂ ਨੇ ਸਾਡੇ ਮਨਾਂ ਵਿਚ ਹੋਰ ਹੀ ਉਥਲ-ਪੁਥਲ ਮਚਾ ਦਿੱਤੀ। ਸਾਡੇ ਮਨਾਂ ਦੀ ਤ੍ਰਿਸ਼ਨਾ ਸੀ ਕਿ ਬਜ਼ੁਰਗ ਸ਼ਾਲਮ ਖਾਨ ਤੋਂ ਹੋਰ ਵੀ ਕੁਝ ਜਾਣਿਆ ਜਾ ਸਕੇ। ਬਜ਼ੁਰਗ ਵੀ ਜਿਵੇਂ ਮਨ ਹੌਲਾ ਕਰਨ ਦਾ ਬਹਾਨਾ ਹੀ ਭਾਲਦਾ ਸੀ। ਬਜ਼ੁਰਗ ਆਪਣੀਆਂ ਯਾਦਾਂ ਤਾਜ਼ਾ ਕਰਦਾ ਗਿਆ ਤੇ ਵਾਰ-ਵਾਰ ਐਨਕਾਂ ਉਤਾਰ ਕੇ ਗਿੱਲੀਆਂ ਅੱਖਾਂ ਪਰਨੇ ਦੇ ਲੜ ਨਾਲ ਸਾਫ ਕਰਦਾ ਰਿਹਾ। ਸਾਡੇ ਕਹਿਣ 'ਤੇ ਕਿ, 'ਬਾਬਾ ਜੀ ਤੁਸੀਂ ਆਪਣਾ ਪਾਸਪੋਰਟ ਬਣਾ ਕੇ ਆਪਣਾ ਪਿੰਡ ਵੇਖ ਕਿਉਂ ਨਹੀਂ ਆਉਂਦੇ?' ਤਾਂ ਬਜ਼ੁਰਗ ਦੇ ਸੀਨੇ ਵਿਚੋਂ ਜਿਵੇਂ ਕਿਸੇ ਨੇ ਰੁੱਗ ਭਰ ਲਿਆ ਹੋਵੇ। ਬਜ਼ੁਰਗ ਨੇ ਸਿਰਫ ਧਾਹ ਨਹੀਂ ਮਾਰੀ, ਕੰਬਦੇ ਚਿਹਰੇ ਨਾਲ ਦੱਸਿਆ ਕਿ, 'ਪੁੱਤਰੋ ਕੀ ਕਰਾਂ, ਬੜੀ ਵਾਰ ਕੋਸ਼ਿਸ਼ ਕੀਤੀ, ਪਰ ਵੀਜ਼ਾ ਨਹੀਂ ਮਿਲ ਸਕਿਆ'। ਉਹ ਚੰਦਰੇ ਵੇਲਿਆਂ ਨੂੰ ਕੋਸਦਾ ਹੋਇਆ ਆਖ ਰਿਹਾ ਸੀ ਕਿ, 'ਜਿੱਥੇ ਜੰਮੇ, ਪਲੇ ਤੇ ਖੇਡੇ ਉਨ੍ਹਾਂ ਥਾਂਵਾਂ ਨੂੰ ਵੇਖਣ ਲਈ ਵੀ ਵੀਜ਼ੇ ਚਾਹੀਦੇ ਨੇ। ਕਿੱਡਾ ਅਨਰਥ ਹੋ ਗਿਆ ਹੈ ਇਸ ਦੁਨੀਆ ਤੇ।'

ਫਿਰ ਗੱਲ ਉੱਥੇ ਹੀ ਲਿਆਉਣ ਦੇ ਮਨਸ਼ੇ ਨਾਲ ਅਸੀਂ ਪੁੱਛਿਆ, 'ਫਿਰ ਬਾਬਾ ਜੀ ਤੁਸੀਂ ਇੱਥੇ ਯਾਤਰੂਆਂ ਤੋਂ ਉਨ੍ਹਾਂ ਦਾ ਪਿੰਡ ਤੇ ਜ਼ਿਲ੍ਹਾ ਪੁੱਛ ਕੇ ਕੀ ਕਰ ਲਵੋਂਗੇ? ਬੱਸ ਅੱਲ੍ਹਾ ਦੀ ਮੌਜ ਸਮਝ ਕੇ ਸਬਰ ਹੀ ਕਰ ਲਵੋ'। ਬਜ਼ੁਰਗ ਨੂੰ ਜਿਵੇਂ ਕੋਈ ਗੱਲ ਚੁੱਭ ਗਈ ਹੋਵੇ। ਉਸ ਨੇ ਸੋਟੀ ਦੇ ਸਹਾਰੇ ਨਾਲ ਸਿੱਧਾ ਹੋਣ ਦੀ ਕੋਸ਼ਿਸ਼ ਕਰਦਿਆਂ ਕਿਹਾ, 'ਮੇਰੀ ਜਨਮ ਭੋਇ ਵੱਲ ਤੋਂ ਆਏ ਹੋਏ ਜਵਾਨੋ ਮੈਨੂੰ ਪਤਾ ਹੈ ਕਿ ਮੈਂ ਉਹ ਥਾਂ ਜਿੱਥੇ ਮੈਂ ਜੰਮਿਆ ਸੀ, ਆੜੀਆਂ ਨਾਲ ਖੇਡਿਆ ਤੇ ਬਾਲ ਵਰੇਸੇ ਕਈਆਂ ਨਾਲ ਲੜਿਆ ਸੀ, ਮੱਝਾਂ ਚਾਰੀਆਂ ਸੀ। ਉਨ੍ਹਾਂ ਥਾਂਵਾਂ ਨੂੰ ਤਾਂ ਮੈਂ ਨਹੀਂ ਵੇਖ ਸਕਦਾ ਪਰ ਹੁਣ ਐਨਾ ਕੁ ਜ਼ਰੂਰ ਚਾਹੁੰਦਾ ਹਾਂ ਕਿ ਮੈਂ ਆਪਣੇ ਲੰਗੋਟੀਏ ਯਾਰ ਨੂੰ ਤਾਂ ਮਿਲ ਲਵਾਂ ਜੀਹਦੇ ਬਿਨਾਂ ਮੈਂ ਇਕ ਪਲ ਨਹੀਂ ਸੀ ਸਾਰਦਾ ਤੇ ਉਹ ਮੇਰੇ ਬਿਨਾਂ। ਅਸੀਂ ਇਕੱਠੇ ਖੇਡਦੇ, ਮੱਝਾਂ ਚਾਰਦੇ ਤੇ ਸ਼ਾਮ ਨੂੰ ਜ਼ੋਰ ਕਰਨ ਲਈ ਕੁਸ਼ਤੀਆਂ ਕਰਦੇ। ਮੈਨੂੰ ਮੇਰੇ ਉਸ ਯਾਰ ਦਾ ਹਾਲ ਪੁੱਛਣ ਦੀ ਉਡੀਕ ਹਰ ਛੇ ਮਹੀਨੇ ਬਾਅਦ ਉਧਰਲੇ ਪੰਜਾਬ 'ਚੋਂ ਆਉਂਦੇ ਲੋਕਾਂ ਵਿਚੋਂ ਕਿਸੇ ਗੁਰਦਾਸਪੁਰੀਏ ਨੂੰ ਮਿਲਣ ਲਈ ਇੱਥੇ ਲੈ ਆਉਂਦੀ ਹੈ'। ਜਜ਼ਬਾਤੀ ਹੋ ਜਾਣ ਕਰਕੇ ਸਾਡੇ ਕੋਲੋਂ ਰਹਿ ਨਾ ਹੋਇਆ ਤੇ ਕਿਹਾ ਕਿ, 'ਬਾਬਾ ਕੀ ਪਤਾ ਹੁਣ ਉਹ ਤੁਹਾਡਾ ਲੰਗੋਟੀਆ ਯਾਰ ਇਸ ਦੁਨੀਆ 'ਤੇ ਹੈ ਵੀ ਜਾਂ...?'। ਹੁਣ ਬਜ਼ੁਰਗ ਨੇ ਇਕ ਹੋਰ ਲੰਬਾ ਜਿਹਾ ਹਾਉਕਾ ਭਰਦਿਆਂ ਫਿਰ ਉੱਪਰ ਵੱਲ ਨੂੰ ਹੱਥ ਚੁੱਕਦਿਆਂ ਕਿਹਾ ਕਿ, 'ਯਾ ਅੱਲ੍ਹਾ ਤੇਰੀ ਰਹਿਮਤ...।' ਫਿਰ ਬਜ਼ੁਰਗ ਆਪਣੇ ਆਪ ਹੀ ਕਹਿਣ ਲੱਗ ਪਿਆ ਕਿ, 'ਚਲੋ ਮੇਰੇ ਬਚਪਨ ਦੇ ਯਾਰ ਦਾ ਕੋਈ ਪੁੱਤ ਪੋਤਾ ਹੀ ਕਦੇ ਮਿਲ ਪਵੇ, ਤੇ ਮੈਂ ਉਸ ਕੋਲੋਂ ਪੁੱਛ ਲਵਾਂ ਕਿ ਮੇਰਾ ਭਰਾਵਾਂ ਵਰਗਾ ਯਾਰ ਇਸ ਜਹਾਨ 'ਤੇ ਹੈ ਵੀ ਜਾਂ...?। ਪੁੱਛ ਲਵਾਂ ਕਿ ਮੇਰੇ ਤੇ ਮੇਰੇ ਵਰਗੇ ਹੋਰ ਯਾਰਾਂ ਬਿਨਾਂ ਕਿਵੇਂ ਲੰਘੀ ਉਸ ਦੀ ਪਹਾੜ ਵਰਗੀ ਜ਼ਿੰਦਗੀ, ਤੇ ਫਿਰ ਭਾਵੇਂ ਮੈਂ ਵੀ ਫੌਤ ਹੀ ਹੋ ਜਾਵਾਂ'। ਬਜ਼ੁਰਗ ਦੇ ਇਸ ਅਖੀਰਲੇ ਫਿਕਰੇ ਨੇ ਸਾਡੀਆਂ ਵੀ ਅੱਖਾਂ ਨਮ ਕਰ ਦਿੱਤੀਆਂ। ਹੁਣ ਮੈਂ ਮਨ ਹੀ ਮਨ ਦੋਵਾਂ ਦੇਸ਼ਾਂ ਦੀਆਂ ਹਕੂਮਤਾਂ ਦੇ ਚਾਲੇ, ਪਾਕਿਸਤਾਨ ਦੀ ਸੰਸਾਰ ਭਰ 'ਚ ਸਥਿਤੀ, ਬਜ਼ੁਰਗ ਦੀ ਉਮਰ ਦੇ ਤਕਾਜ਼ੇ ਬਾਰੇ ਸੋਚ ਰਿਹਾ ਸੀ ਕਿ ਬਜ਼ੁਰਗ ਮੁਸਲਮਾਨ ਸ਼ਾਲਮ ਖਾਨ ਅੰਦਰ ਭੜਥੂ ਪਾਉਂਦੀ ਆਪਣੇ ਲੰਗੋਟੀਏ ਯਾਰ ਭਗਵਾਨ ਸਿੰਘ ਨੂੰ ਮਿਲਣ ਦੀ ਉਡੀਕ ਖ਼ਤਮ ਹੋਵੇ ਜਾਂ ਨਾ ਪਰ ਉਸ ਦੀ ਉਡੀਕ 'ਚ ਉਸ ਦੀ ਜ਼ਿੰਦਗੀ ਜ਼ਰੂਰ ਖ਼ਤਮ ਹੋ ਜਾਵੇਗੀ। -ਮਨਜੀਤ ਸਿੰਘ

# ਕਾਵਿ ਰਚਨਾਵਾਂ



### ਦੋ ਪਲ

ਕਿਸ ਉਂਗਲੀ ਫੜਾਈ, ਅਸੀਂ ਤੁਰੀ ਗਏ ਨਾਲ
ਉਹਨੇ ਉਂਗਲੀ ਛੁਡਾਈ, ਅਸੀਂ ਵੇਖਦੇ ਰਹੇ।
ਮਾਂ-ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।
ਇਕ ਰਾਹਾਂ ਅਣਜਾਣ, ਦੂਜੇ ਪੰਧ ਦੁਸ਼ਵਾਰ,
ਦਿਸਹੱਦਿਆਂ ਤੋਂ ਸੀ, ਤੀਜੇ ਦੂਰ ਮੰਜ਼ਲਾਂ।
ਚੌਥੇ ਪੈਰਾਂ ਵਿਚ ਛਾਲੇ, ਪੰਜ ਤੱਪਦੇ ਸੀ ਰੇਤੇ,
ਛੇਵੇਂ ਦੰਦੀਆਂ ਚਿੜਾਉਣ, ਮਗਰੂਰ ਮਜ਼ਲਾਂ।
ਸੱਤ ਦੁਨੀਆਂ ਦੀ ਭੀੜ, ਬਾਕੀ ਗਰਜ਼ਾਂ ਦਾ ਸ਼ੋਰ,
ਸੁਣੇ ਕੰਨ 'ਚ ਨਾ ਪਾਈ, ਅਸੀਂ ਵੇਖਦੇ ਰਹੇ।
ਮਾਂ-ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।
ਹੁੰਦਾ ਕਿਸ ਕੋਲ ਸਮਾਂ, ਕੌਣ ਸੁਣਦਾ ਹੈ ਗੱਲ,
ਆਪੋ-ਧਾਪੀ ਵਿਚ ਦੁਨੀਆਂ ਹੈ ਦੌੜੀ ਫਿਰਦੀ।
ਉਹ ਵੀ ਚਾਹੁੰਦਾ ਸੀ ਨਿਭਾਵਾਂ, ਵੰਡਾਂ ਮੀਤ ਨੂੰ ਵਫਾਵਾਂ,
ਧੁੰਦ ਬੰਧਨਾਂ ਦੀ ਸਭ ਕੁਝ ਕੱਜੀ ਜਾਂਵਦੀ।
ਉਹਨੇ ਭੋਲਾ ਜਿਹਾ ਬਣ, ਦੱਸੀ ਸਾਰੀ ਮਜਬੂਰੀ,
ਇਉਂ ਕੀਤੀ ਚਤੁਰਾਈ, ਅਸੀਂ ਵੇਖਦੇ ਰਹੇ।
ਮਾਂ ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।
ਉਹਨੇ ਚੜ੍ਹ ਲਿਆ ਸਾਲੂ, ਫੁਲਕਾਰੀਆਂ ਦੀ ਛਾਵੇਂ,
ਸਾਡੇ ਹੌਕੇ ਸ਼ਹਿਨਾਈ ਬਣ, ਕੂਕਦੇ ਰਹੇ।
ਕੁਝ ਹਿਜਰਾਂ ਦੀ ਅੱਗ, ਕੁਝ ਹੌਕਿਆਂ ਦੇ ਲਾਂਬੂ,
ਇਉਂ ਜੱਗ ਵਾਲੇ ਭੈੜੇ, ਸਾਨੂੰ ਫੂਕਦੇ ਰਹੇ।
ਐਵੇਂ ਪਲ ਦੋ ਪਲ ਸੀ ਖੁਸ਼ੀ ਦਾ ਲਿਸ਼ਕਾਰਾ,
ਉਸ ਅਉਧ ਨਾ ਹੰਢਾਈ, ਅਸੀਂ ਵੇਖਦੇ ਰਹੇ।

### ਮੇਰੀ ਮਾਂ

ਮੇਰੀ ਮਾਂ ਮੇਰੀ ਮਾਂ, ਤੇਰੀ ਠੰਢੀ-ਮਿਠੜੀ ਛਾਂ,
ਤੇਰੇ ਜਿਹਾ ਨਾ ਕੋਈ ਵਿਚ ਜਹਾਂ।
ਮੇਰੀ ਮਾਂ ਮੇਰੀ ਮਾਂ, ਤੇਰੀ ਠੰਢੀ-ਮਿਠੜੀ ਛਾਂ।
ਨਵਾਵੇਂ, ਧੁਆਵੇਂ, ਸੋਹਣੇ ਕੱਪੜੇ ਪਾਵੇਂ,
ਜਿਊਣ ਜਾਚ ਦੇ ਢੰਗ ਸਿਖਾਵੇਂ।
ਪਿਆਰ ਨਾਲ ਦੱਸੇਂ ਇਕ-ਇਕ ਨਾਂਅ,
ਮੇਰੀ ਮਾਂ ਮੇਰੀ ਮਾਂ, ਤੇਰੀ ਠੰਢੀ-ਮਿਠੜੀ ਛਾਂ।
ਤੇਰੀ ਗੋਦ ਜਿਹੀ ਨਾ ਠੰਢ ਕਿਤੇ,
ਤੇਰੇ ਜਿਹਾ ਨਾ ਜੱਗ 'ਚ ਹੋਰ ਦਿਸੇ।
ਤੂੰ ਜਿੰਦ ਲਗਾਈ ਬੱਚਿਆਂ ਨਾਂਅ,
ਮੇਰੀ ਮਾਂ ਮੇਰੀ ਮਾਂ, ਤੇਰੀ ਠੰਢੀ-ਮਿਠੜੀ ਛਾਂ।
ਮਾਂ ਮੇਰੀ ਘਣਛਾਵਾਂ ਰੁੱਖ,
ਜਿਸ ਨੇ ਵੰਡੇ ਮੇਰੇ ਦੁੱਖ।
ਕਿੰਜ ਅਦਾ ਮੈਂ ਕਰਜ਼ ਕਰਾਂ?
ਮੇਰੀ ਮਾਂ ਮੇਰੀ ਮਾਂ, ਤੇਰੀ ਠੰਢੀ-ਮਿਠੜੀ ਛਾਂ।

-ਪ੍ਰੋ: ਨਵ ਸੰਗੀਤ ਸਿੰਘ

### ਏਹੋ ਗੱਲ ਸਮਝੋ

ਨਸ਼ਿਆਂ ਬਦਲੇ ਵੋਟ ਕਦੇ ਨਹੀਂ ਪਾਵਾਂਗੇ,
ਹੋਰਾਂ ਨੂੰ ਵੀ ਏਹੋ ਗੱਲ ਸਮਝਾਵਾਂਗੇ।
ਨਸ਼ੇ ਵੰਡਣ ਦਾ ਕੰਮ ਜੋ ਨੇਤਾ ਕਰਦੇ ਨੇ,
ਆਪਣੀ ਮੌਤੇ ਖ਼ੁਦ ਇਕ ਦਿਨ ਉਹ ਮਰਦੇ ਨੇ।
ਵੰਡਦਾ ਪੋਸਤ, ਡੋਡੇ, 'ਫੀਮ, ਕੋਈ ਦਾਰੂ
ਐਸਾ ਨੇਤਾ ਕਿਸ ਬਿਧ ਜਨਤਾ ਨੂੰ ਤਾਰੂ।
ਤਨ, ਮਨ ਨਸ਼ੇ ਦੇ ਹੇਠ ਜਦੋਂ ਹੈ ਆ ਜਾਵੇ
ਸੋਚਣ ਦੀ ਸਮਰੱਥਾ ਸਾਡੀ ਮਿਟ ਜਾਵੇ।
ਚੰਗਾ ਕਿਹੜਾ ਨੇਤਾ, ਕਿਹੜਾ ਮਾੜਾ ਹੈ,
ਨਸ਼ਾ ਮਿਟਾ ਕੇ ਰੱਖ ਦਿੰਦਾ ਇਹ ਪਾੜਾ ਹੈ।
ਨਸ਼ਾ, ਡੋਬਦਾ ਜਿਸਮ, ਜਵਾਨੀ ਤੇ ਪੈਸਾ
ਰਾਜਨੀਤੀ ਨੇ ਕੀਤਾ ਕੋਝਾ ਕੰਮ ਐਸਾ।
ਵੋਟ ਕੀਮਤੀ ਸਾਡੀ, ਕਦੇ ਨਾ ਵੇਚਾਂਗੇ,
ਨਸ਼ਿਆਂ ਸਾਹਵੇਂ ਗੋਡੇ ਮੂਲ ਨਾ ਟੇਕਾਂਗੇ।
ਰਲ ਮਿਲ ਕੇ ਅਸੀਂ ਵੀ ਸਾਰੇ ਪ੍ਰਣ ਕਰੀਏ,
ਨਸ਼ਿਆਂ ਵਾਲੇ ਬੰਦਿਆਂ ਦਾ ਨਾ ਦਮ ਭਰੀਏ।

-ਪ੍ਰੋ: ਨਵ ਸੰਗੀਤ ਸਿੰਘ

## ਕਾਵਿ ਕਿਆਰੀ

### ਪਰਦੇਸੀ

ਸਭ ਪਰਦੇਸੀਂ ਤੁਰ ਚੱਲੇ ਨੇ।
ਅਕਲਾਂ ਲੈ ਕੇ ਇਸ
ਮਿੱਟੀ ਤੋਂ, ਇਸ ਮਿੱਟੀ ਕਰਮਾ ਪਿੱਟੀ
ਤੋਂ, ਕਿਰਤੀ ਅਤੇ
ਤਮੀਜ਼ਾਂ ਵਾਲੇ,
ਭਾਰਤ ਮਾਂ ਦੇ ਰਾਜ ਦੁਲਾਰੇ,
ਲੇਖਾਂ ਨੂੰ ਚਮਕਾਉਣ ਦੀ ਖਾਤਿਰ,
ਸੋਨਾ ਨਿਰਾ ਕਮਾਉਣ
ਦੀ ਖਾਤਿਰ, ਸਭ ਪਰਦੇਸ਼ੀਂ ਤੁਰ ਚੱਲੇ
ਨੇ। ਸੁੱਖਾਂ ਸੁੱਖ
ਜਵਾਨੀ ਆਈ, ਜਵਾਨੀ
ਵੀ ਨਾਲ ਲਿਆਈ,
ਭੁੱਖਾਂ ਦੇ ਸੰਤਾਪ ਬੁਰੇ ਨੇ,
ਥੋੜਾਂ ਦੇ ਅਹਿਸਾਸ
ਬੁਰੇ ਨੇ, ਬੜੀ ਉਚੇਰੀ ਸਿੱਖਿਆ ਪਾ ਕੇ,
ਆਪਣੇ ਦੇਸ਼ ਵਿਚੋਂ
ਹੁਨਰ ਕਮਾ ਕੇ, ਸਭ ਪਰਦੇਸੀਂ ਤੁਰ ਚੱਲੇ
ਨੇ। ਉਤੋਂ ਉਤੋਂ ਹੱਸਣ ਮਾਵਾਂ
ਹੰਝੂ ਕਿੱਦਾਂ
ਛੱਕਣ ਮਾਵਾਂ, ਮੱਚਦੇ ਹੋਏ
ਅੰਗਿਆਰ ਤੁਰੇ ਨੇ,
ਸੱਤ ਸਮੁੰਦਰੋਂ ਪਾਰ ਤੁਰੇ ਨੇ,
ਇਕ ਸੁਨਹਿਰੀ ਆਸ ਜਗਾ ਕੇ,
ਪਰ ਮਮਾ ਨੂੰ ਲਾਂਬੂ
ਲਾ ਕੇ, ਸਭ ਪਰਦੇਸੀਂ ਤੁਰ ਚੱਲੇ ਨੇ,
ਸੱਖਣੇ ਸੱਖਣੇ
ਵਿਹੜੇ ਹੋ ਗਏ, ਰਹਿੰਦ ਖੂਹੰਦ
ਹੀ ਪਿੱਛੇ ਰਹਿ ਗਏ,
ਹੁਨਰ ਦੇਸ਼ ਦਾ ਮੰਡੀ ਵਿਕਿਆ
ਅਕਲਾਂ ਉਤੇ
ਪਹਿਰਾ ਲੱਗਿਆ, ਭੈਣ ਸਾਕ
ਬਚਾਉਣ ਦੀ ਖਾਤਿਰ,
ਆਪਣਾ ਕੱਲ੍ਹ ਰੁਸ਼ਨਾਉਣ
ਦੀ ਖਾਤਿਰ, ਸਭ
ਪਰਦੇਸੀਂ ਤੁਰ ਚੱਲੇ ਨੇ।
ਅਕਲਾਂ ਦੀ ਇਸ ਮੰਡੀ ਅੰਦਰ,
ਆਪਾਂ ਵੀ ਕੁਝ ਬੋਲੀ
ਲਾਈਏ, ਆਪਣੇ ਇਲਮ
ਦੀ ਕੀਮਤ ਪਾਈਏ,
ਤੁਰਿਆ ਜਾਂਦਾ ਪੂਰ ਬਚਾਈਏ,
ਮਨ ਅੰਦਰ ਸ਼ੰਕਾਵਾਂ ਲੈ ਕੇ,
ਅੱਖਾਂ ਵਿਚ ਆਸ਼ਾਵਾਂ
ਲੈ ਕੇ, ਸਭ ਪਰਦੇਸੀਂ ਤੁਰ ਚੱਲੇ ਨੇ
ਲੇਖਾਂ ਨੂੰ ਚਮਕਾਉਣ
ਦੀ ਖਾਤਿਰ
ਸੋਨਾ ਨਿਰਾ ਕਮਾਉਣ ਦੀ ਖਾਤਿਰ
ਸਭ ਪਰਦੇਸੀਂ ਤੁਰ ਚੱਲੇ ਨੇ।

## ਬੇਗਾਨੇ ਧਨ ਦਾ ਅਹਿਸਾਸ

ਕਾਲਜ ਦੀ ਪੜ੍ਹਾਈ ਦੌਰਾਨ ਹੀ ਵਿਆਹ ਦੀਆਂ ਤਿਆਰੀਆਂ, ਖਰੀਦੋ-ਫ਼ਰੋਖਤ, ਸੱਦਾ-ਪੱਤਰ ਛਪਵਾਉਣ, ਖਾਣ-ਪੀਣ, ਪਹਿਨਣ ਲਈ ਅਗਾਊਂ ਬੁਕਿੰਗਾਂ ਸਭ ਕੁਝ ਵੇਖ ਰਹੀ ਸਾਂ ਮੈਂ। ਦਿਨ ਇਕ-ਇਕ ਕਰਕੇ ਨੇੜੇ ਆ ਰਹੇ ਸਨ। ਉਂਝ ਵੀ ਸਿਆਣਿਆਂ ਦਾ ਕਥਨ ਸੱਚ ਹੈ ਕਿ 'ਬੰਨ੍ਹੇ ਦਿਨਾਂ ਦਾ ਕੀ ਏ-ਆਏ ਕਿ ਆਏ'। 'ਮੇਰੇ ਚੇਤਿਆਂ ਵਿਚੋਂ ਬਚਪਨ ਦੀਆ ਯਾਦਾਂ ਨਹੀਂ ਸੀ ਵਿਸਰ ਰਹੀਆਂ। ਮੰਮੀ ਹੌਲੀ ਦੇਣੇ ਆਖ ਦਿੰਦੀ ਮੇਰੀ ਰਾਣੀ ਧੀ ਪੜ੍ਹਿਆ ਕਰ, ਗੁੱਡੀਆਂ-ਪਟੋਲੇ ਇਹ ਬਚਪਨ ਦੀਆਂ ਖੇਡਾਂ ਸਭ ਇਥੇ ਇਸ ਘਰ ਵਿਚ ਰਹਿ ਜਾਣੀਆਂ ਨੇ। ਹਾਲੇ ਕੱਲ੍ਹ ਦੀ ਤਾਂ ਗੱਲ ਏ ਛੋਟੀਆਂ-ਛੋਟੀਆਂ ਨੱਤੀਆਂ, ਚੂੜੀਆਂ, ਗਜਰੇ, ਕਲਿੱਪ, ਗੁੱਤ ਬਟਨ, ਪਤਾ ਨੀ ਕਿ ਕੁਝ ਖਿਲਾਰਾ ਪਿਆ ਰਹਿੰਦਾ ਮੇਰੇ ਸਾਹਮਣੇ, ਮਾਮੂਲੀ ਠੋਕਰ ਵੀ ਵੱਜ ਜਾਣੀ ਰੋਂਦਿਆਂ ਭੱਜ ਕੇ ਅੰਮੀ ਦੇ ਗਲ਼ੇ ਨੂੰ ਚਿੰਬੜ ਜਾਣਾ। ਚੰਦਾ ਮਾਮਾ ਡੋਰੀਆ, ਚੱਲ ਮੇਰੀ ਠੁਮਕੀ, ਗਿੱਦੜ-ਗਿੱਦੜੀ, ਰਾਜੇ-ਰਾਣੀਆਂ ਤੇ ਰਜਨੀ ਦੀਆਂ ਕਹਾਣੀਆਂ ਕਵਿਤਾਵਾਂ ਅੱਜ ਵੀ ਮੇਰੀਆਂ ਯਾਦਾਂ ਦਾ ਅਨਮੋਲ ਖ਼ਜ਼ਾਨਾ ਬਣੀਆਂ ਪਈਆਂ ਨੇ ਤੇ ਵਿਆਹ ਦੀਆਂ ਤਿਆਰੀਆਂ, ਮਾਨੋ ਚਿੱਤ ਨੂੰ ਕੁਝ ਨਾ ਕੁਝ ਹੋਈ ਜਾਂਦਾ। ਕੰਪਿਊਟਰ ਯੁੱਗ ਨੇ ਵੀ ਮੇਰੀ ਮਾਨਸਿਕਤਾ ਨਾ ਬਦਲੀ ਤੇ ਮੈਂ ਅਕਸਰ ਸੋਚਾਂ ਵਿਚ ਡੁੱਬੀ ਰਹਿੰਦੀ ਆਹ ਚਾਚੇ-ਤਾਏ ਜਿਹੜੇ ਮੈਨੂੰ ਘਰੋਂ ਤੋਰਨ ਵਿਚ ਬੜੇ ਕਾਹਲੇ ਨੇ, ਛੋਟੀ ਹੁੰਦੀ ਤਾਂ ਮਿੰਟ ਵੀ ਇੱਧਰ-ਉਧਰ ਨਾ ਜਾਣ ਦਿੰਦੇ। ਕੋਈ ਆਹਦਾਂ ਮੇਰਾ ਲੋਗੜ, ਕੋਈ ਮਾਣੋ-ਬਿੱਲੀ, ਕੋਈ ਕਾਟੋ ਤੇ ਕਦੇ-ਕਦੇ ਪਾਪਾ ਮੈਨੂੰ ਕਰਮਾਂ ਵਾਲਾ ਪੁੱਤ ਕਹਿਕੇ ਮਾਣ ਦਿੰਦੇ। ਆਂਢਣਾਂ-ਗੁਆਂਢਣਾਂ ਵੀ ਕਦੇ ਕਦਾਈਂ ਸਿਫ਼ਤ ਕਰ ਜਾਂਦੀਆਂ, ਅਖੇ ਧੀ ਹੋਵੇ ਇਹੋ ਜਿਹੀ ਲਾਇਕ, ਨਾਲੇ ਧੀਆਂ ਤਾਂ ਆਪਣੀ ਕਿਸਮਤ ਆਪ ਲਿਖਦੀਆਂ ਨੇ। ਦਿਨ ਆਖ਼ਰਕਾਰ ਆਉਣਾ ਹੀ ਸੀ, ਘਰੋਂ ਆਖ਼ਰਕਾਰ ਤੁਰਨਾ ਹੀ ਸੀ। ਮੈਂ ਸੋਚਦੀ ਸਕੂਲੋਂ ਘਰ ਵੜਨ ਸਮੇਂ ਬਾਹਾਂ ਉਲਾਰ ਕੇ ਖੜ੍ਹੀ ਹੁੰਦੀ ਮੰਮੀ ਆਉਂਦਿਆਂ ਹੀ ਬੁੱਕਲ ਵਿਚ ਲੈਣਾ ਲੋਚਦੀ ਤੇ ਹੁਣ ਉਨ੍ਹਾਂ ਹੀ ਹੱਥਾਂ ਨਾਲ ਘਰੋਂ ਸ਼ਗਨ ਦੇ ਕੇ ਵਿਦਾ ਕਰੇਗੀ। ਛੋਟੀ ਜਿਹੀ ਫਰਾਕ ਪਾਈ ਹੁੰਦੀ ਤੇ ਪਾਪਾ ਵੇਖ ਕੇ ਖੁਸ਼ ਹੋ ਜਾਂਦੇ ਤੇ ਹ_ ਣ ਲਹਿੰਗੇ



ਵਿਚ ਲਿਪਟੀ ਧੀ ਨੂੰ ਵੇਖ ਕੇ ਖੁਸ਼ ਹੋਣ ਦੀ ਥਾਂ ਉਦਾਸ ਮੁਦਰਾ ਵਿਚ ਘਰੋਂ ਤੋਰ ਦੇਣਗੇ। ਸਾਰੇ ਜੀਅ ਮੈਨੂੰ ਘਰੋਂ ਤੋਰਨ ਲਈ ਬੜੀ ਸ਼ਿੱਦਤ ਨਾਲ ਕੰਮ ਕਰ ਰਹੇ ਸਨ। ਸੋਚਾਂ ਵਿਚ ਡੁੱਬੀ ਦੇ ਬਚਪਨ ਵਿਚ ਦਾਦੀ ਵਲੋਂ ਕਹੇ ਸ਼ਬਦ ਯਾਦ ਆਏ। 'ਪੁੱਤ ਧਿਆਨ ਨਾਲ ਤੁਰਿਆ ਕਰ, ਧੀਆਂ ਤਾਂ ਬੇਗਾਨਾ ਧਨ ਹੁੰਦੀਆਂ ਨੇ।' ਦਿਲ ਕਰੇ ਕਿ ਮੈਂ ਭੱਜ ਕੇ ਆਪਣੇ ਪਾਪਾ ਨਾਲ ਚਿੰਬੜ ਜਾਵਾਂ ਕਿਉਂਕਿ ਥੋੜ੍ਹਾ ਸਮਾਂ ਬਾਕੀ ਸੀ ਤੇ ਪਾਪਾ ਵਲੋਂ ਸਾਂਭ ਕੇ ਰੱਖੇ ਧਨ ਦੀ ਤਜੌਰੀ ਖਾਲੀ ਹੋਣ ਹੀ ਵਾਲੀ ਸੀ, ਇਸੇ ਅਹਿਸਾਸ ਨੂੰ ਲੈ ਕੇ ਮੈਂ ਅੱਖਾਂ ਪੂੰਝੀਆਂ ਅਤੇ ਵਿਆਹ ਦੀਆਂ ਤਿਆਰੀਆਂ ਵਿਚ ਸ਼ਾਮਿਲ ਹੋ ਗਈ।

# ਮੁੱਖ ਮੰਤਰੀ ਦਾ ਲੋਕਾਂ ਨੂੰ ਸੱਦਾ; ਪਾਣੀ ਅਤੇ ਵਾਤਾਵਰਨ ਦੀ ਸੰਭਾਲ ਲਈ ਹਲਫ਼ ਲਓ

**➢ ਪਵਿੱਤਰ ਕਾਲੀ ਵੇਂਈ ਦੀ ਸਫ਼ਾਈ ਦੀ 25ਵੀਂ ਵਰ੍ਹੇਗੰਢ ਸਬੰਧੀ ਕਰਵਾਏ ਸਮਾਰੋਹ ਵਿੱਚ ਲਿਆ ਹਿੱਸਾ ➢ ਸੂਬਾ ਸਰਕਾਰ ਦੀਆਂ ਕਈ ਲੋਕ-ਪੱਖੀ ਪਹਿਲਕਦਮੀਆਂ ਗਿਣਾਈਆਂ**

**ਸੁਲਤਾਨਪੁਰ ਲੋਧੀ 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣ ਅਤੇ ਵਾਤਾਵਰਨ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਲੋਕਾਂ ਨੂੰ ਹਲਫ਼ ਲੈਣ ਦਾ ਸੱਦਾ ਦਿੱਤਾ। ਇੱਥੇ ਪਵਿੱਤਰ ਕਾਲੀ ਵੇਂਈ ਦੀ ਸਫ਼ਾਈ ਦੀ 25ਵੀਂ ਵਰ੍ਹੇਗੰਢ ਸਬੰਧੀ ਕਰਵਾਏ ਸਮਾਰੋਹ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਪੰਜਾਬ ਨੂੰ ਦਰਿਆਵਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ ਪਰ ਮੌਜੂਦਾ ਸਮੇਂ ਸੂਬਾ ਗੰਭੀਰ ਜਲ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਜਿਸ ਲਈ ਪਾਣੀ ਦੀ ਸੰਭਾਲ ਵੱਡੀ ਚੁਣੌਤੀ ਬਣ ਰਹੀ ਹੈ। ਉਨ੍ਹਾਂ ਆਖਿਆ ਕਿ ਆਪਣਾ ਕਾਰਜਭਾਰ ਸੰਭਾਲਣ ਮਗਰੋਂ ਸਾਡੀ ਸਰਕਾਰ ਨੇ ਸੂਬੇ ਭਰ ਵਿੱਚ 15,947 ਖ਼ਾਲੇ ਤੇ ਕੱਸੀਆਂ ਨੂੰ ਸੁਰਜੀਤ ਕੀਤਾ ਹੈ, ਜਿਸ ਕਾਰਨ ਦੂਰ-ਦੁਰਾਡੇ ਦੇ ਪਿੰਡਾਂ ਵਿੱਚ ਪਾਣੀ ਪਹੁੰਚ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਦੋਂ ਉਨ੍ਹਾਂ ਕਾਰਜਭਾਰ ਸੰਭਾਲਿਆ, ਉਦੋਂ ਪੰਜਾਬ ਵਿੱਚ ਸਿਰਫ਼ 21 ਫੀਸਦੀ ਨਹਿਰੀ ਪਾਣੀ ਦੀ ਵਰਤੋਂ ਸਿੰਜਾਈ ਲਈ ਹੋ ਰਹੀ ਸੀ। ਮੁੱਖ ਮੰਤਰੀ ਨੇ ਕਿਹਾ ਕਿ ਅੱਜ ਇਹ ਦੱਸਦਿਆਂ ਮੈਨੂੰ ਮਾਣ ਮਹਿਸੂਸ ਹੁੰਦਾ ਹੈ ਕਿ ਹੁਣ ਨਹਿਰੀ ਪਾਣੀ ਦਾ 63 ਫੀਸਦੀ ਸਿੰਜਾਈ ਲਈ ਵਰਤਿਆ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਾਣੀ ਤੇ ਵਾਤਾਵਰਨ ਦੀ ਸੰਭਾਲ ਨੂੰ ਲੋਕ ਲਹਿਰ ਵਿੱਚ ਬਦਲਣ ਲਈ ਸੂਬਾ ਸਰਕਾਰ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਣ। ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਆਖਿਆ ਕਿ ਇਸ ਅਹਿਮ ਕਾਰਜ ਲਈ ਲੋਕਾਂ ਦੇ ਸਰਗਰਮ ਅਤੇ ਪੂਰਨ ਸਹਿਯੋਗ ਦੀ ਲੋੜ ਹੈ।



ਗੁਰਬਾਣੀ ਦੀ ਤੁਕ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਡੇ ਗੁਰੂ ਸਾਹਿਬਾਨ ਨੇ ਹਵਾ ਨੂੰ ਅਧਿਆਪਕ, ਪਾਣੀ ਨੂੰ ਪਿਤਾ ਅਤੇ ਧਰਤੀ ਦੀ ਤੁਲਨਾ ਮਾਤਾ ਨਾਲ ਕੀਤੀ ਹੈ ਪਰ ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅਸੀਂ ਇਨ੍ਹਾਂ ਤਿੰਨਾਂ ਨੂੰ ਪਲੀਤ ਕਰ ਕੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਉੱਤੇ ਚੱਲਣ ਤੋਂ ਨਾਕਾਮ ਰਹੇ ਹਾਂ। ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਆਖਿਆ ਕਿ ਸਮਾਂ ਆ ਗਿਆ ਹੈ ਕਿ ਪੰਜਾਬ ਦੇ ਵਾਤਾਵਰਨ ਅਤੇ ਅਧਿਆਤਮਕ ਸ਼ਾਨ ਬਹਾਲ ਕਰਨ ਲਈ ਗੁਰਬਾਣੀ ਦੇ ਸਾਰ ਨੂੰ ਸੰਜੀਦਗੀ ਨਾਲ ਆਪਣੇ ਜੀਵਨ ਵਿੱਚ ਢਾਲੀਏ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਸੁਭਾਗੇ ਹਨ ਕਿ ਉਨ੍ਹਾਂ ਨੂੰ ਪਹਿਲੇ ਗੁਰੂ ਸਾਹਿਬਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਸ ਪਵਿੱਤਰ ਧਰਤੀ ਉੱਤੇ ਅਕੀਦਤ ਭੇਟ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਇਕੱਠ ਨੂੰ ਚੇਤੇ ਕਰਵਾਇਆ ਕਿ ਪਹਿਲੀ ਪਾਤਸ਼ਾਹੀ ਨੇ ਇੱਥੇ ਸਾਰੀ ਮਨੁੱਖਤਾ ਲਈ ਮੂਲ ਮੰਤਰ ਦਾ ਉਚਾਰਨ ਕੀਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਗੁਰੂ ਸਾਹਿਬ ਨੇ ਇਸ ਪਵਿੱਤਰ ਨਗਰੀ ਵਿੱਚ ਤਕਰੀਬਨ 14 ਸਾਲ ਗੁਜ਼ਾਰੇ ਅਤੇ ਇਹ ਮੇਰੇ ਲਈ ਵੱਡੇ ਮਾਣ ਦੀ ਗੱਲ ਹੈ ਕਿ ਪਵਿੱਤਰ ਕਾਲੀ ਵੇਂਈ ਦੀ ਕਾਰ ਸੇਵਾ ਦੀ 25ਵੀਂ ਵਰ੍ਹੇਗੰਢ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਿਆ।

ਮੁੱਖ ਮੰਤਰੀ ਨੇ ਕਿਹਾ ਕਿ 165 ਕਿਲੋਮੀਟਰ ਲੰਮੀ ਕਾਲੀ ਵੇਂਈ ਦੀ ਸਫ਼ਾਈ ਦੇ ਵਿਸ਼ਾਲ ਹੰਭਲੇ ਨੂੰ ਇਤਿਹਾਸ ਵਿੱਚ ਸੁਨਿਹਰੀ ਅੱਖਰਾਂ ਨਾਲ ਉਕਰਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਿਸਾਲੀ ਪਹਿਲਕਦਮੀ ਨਾਲ ਹਵਾ ਤੇ ਪਾਣੀ ਨੂੰ ਬਚਾਉਣ ਦੀ ਅਹਿਮੀਅਤ ਬਾਰੇ ਵਿਸ਼ਵ ਵਿੱਚ ਮਜ਼ਬੂਤ ਸੁਨੇਹਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਬਾਬਾ ਬਲਬੀਰ ਸਿੰਘ ਸੀਚੇਵਾਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ 17 ਜੁਲਾਈ 2000 ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਤੋਂ ਅਰਦਾਸ ਨਾਲ ਕਾਰ ਸੇਵਾ ਦੀ ਸ਼ੁਰੂਆਤ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ ਕਿ ਸਾਲ 2022 ਵਿੱਚ ਸੰਤ ਸੀਚੇਵਾਲ ਜੀ ਨੂੰ ਪੰਜਾਬ ਤੋਂ ਰਾਜ ਸਭਾ ਮੈਂਬਰ ਚੁਣਿਆ ਗਿਆ, ਜੋ ਲੋਕਾਂ ਦੀ ਸੇਵਾ ਵਿੱਚ ਜੁਟੇ ਹੋਏ ਹਨ।

# ਰਾਹੁਲ ਗਾਂਧੀ ਨੂੰ Foreign policy ਦਾ F ਵੀ ਨਹੀਂ ਪਤਾ, ਪਰ ਸਵਾਲ ਚੁੱਕਦੇ ਰਹਿੰਦੇ ਹਨ: ਭਾਜਪਾ

**ਨਵੀਂ ਦਿੱਲੀ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਨੇ ਬੁੱਧਵਾਰ ਨੂੰ ਰਾਹੁਲ ਗਾਂਧੀ 'ਤੇ ਹਥਿਆਰਬੰਦ ਸੈਨਾਵਾਂ ਦਾ ਨਿਰਾਦਰ ਕਰਨ ਦੇ ਮਾਮਲੇ ਵਿੱਚ ਆਦਤਨ ਝੂਠੇ ਅਤੇ ਅਪਰਾਧੀ ਹੋਣ ਦਾ ਦੋਸ਼ ਲਗਾਇਆ ਹੈ। ਭਾਜਪਾ ਦੇ ਕੌਮੀ ਬੁਲਾਰੇ ਅਜੈ ਅਲੋਕ ਨੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਤੋਂ ਬਾਅਦ ਕਾਂਗਰਸੀ ਆਗੂ ਦੇ ਸਰਕਸ ਵਾਲੇ ਤਨਜ਼ 'ਤੇ ਪਲਟਵਾਰ ਕਰਦੇ ਹੋਏ ਕਿਹਾ ਕਿ ਉਹ Foreign policy ਦਾ 6 ਵੀ ਨਹੀਂ ਜਾਣਦੇ ਪਰ ਸਵਾਲ ਚੁੱਕਦੇ ਰਹਿੰਦੇ ਹਨ।

ਅਲੋਕ ਨੇ ਕਿਹਾ, ਜਦੋਂ ਸਾਡੇ ਵਿਦੇਸ਼ ਮੰਤਰੀ SCO ਮੀਟਿੰਗ ਲਈ ਚੀਨ ਜਾਂਦੇ ਹਨ, ਜੇ ਉਹ ਆਪਣੇ ਚੀਨੀ ਹਮਰੁਤਬਾ ਅਤੇ ਦੇਸ਼ ਦੇ ਰਾਸ਼ਟਰਪਤੀ ਨੂੰ ਨਹੀਂ ਮਿਲਦੇ, ਤਾਂ ਉਹ ਕਿਸਨੂੰ ਮਿਲਣਗੇ ? ਇਟਲੀ ਦੇ ਪ੍ਰਧਾਨ ਮੰਤਰੀ ਨੂੰ ? ਜੈਸ਼ੰਕਰ ਵੱਲੋਂ ਸ਼ੀ ਨੂੰ ਮਿਲਣ ਅਤੇ



ਉਨ੍ਹਾਂ ਨੂੰ ਭਾਰਤ-ਚੀਨ ਸਬੰਧਾਂ ਵਿੱਚ ਹਾਲੀਆ ਘਟਨਾਕ੍ਰਮ ਬਾਰੇ ਜਾਣੂ ਕਰਵਾਉਣ ਬਾਰੇ ਇੱਕ ਮੀਡੀਆ ਰਿਪੋਰਟ ਨੂੰ ਟੈਗ ਕਰਦੇ ਹੋਏ, ਗਾਂਧੀ ਨੇ ਮੰਗਲਵਾਰ ਨੂੰ ਕਿਹਾ ਸੀ ਕਿ ਵਿਦੇਸ਼ ਮੰਤਰੀ ਭਾਰਤ ਦੀ ਵਿਦੇਸ਼ ਨੀਤੀ ਨੂੰ ਤਬਾਹ ਕਰਨ ਦੇ ਉਦੇਸ਼ ਨਾਲ ਪੂਰੀ ਤਰ੍ਹਾਂ ਸਰਕਸ ਚਲਾ ਰਹੇ ਹਨ।

ਉਨ੍ਹਾਂ ਕਿਹਾ, "ਮੈਨੂੰ ਲੱਗਦਾ ਹੈ ਕਿ ਚੀਨੀ ਵਿਦੇਸ਼ ਮੰਤਰੀ ਆਉਣਗੇ ਅਤੇ ਮੋਦੀ ਨੂੰ ਚੀਨ-ਭਾਰਤ ਸਬੰਧਾਂ ਵਿੱਚ ਹਾਲੀਆ ਘਟਨਾਕ੍ਰਮ ਬਾਰੇ ਜਾਣੂ ਕਰਵਾਉਣਗੇ।

ਵਿਦੇਸ਼ ਮੰਤਰੀ ਹੁਣ ਭਾਰਤ ਦੀ ਵਿਦੇਸ਼ ਨੀਤੀ ਨੂੰ ਤਬਾਹ ਕਰਨ ਦੇ ਉਦੇਸ਼ ਨਾਲ ਇੱਕ ਪੂਰੀ ਤਰ੍ਹਾਂ ਸਰਕਸ ਚਲਾ ਰਹੇ ਹਨ।"

ਲਖਨਊ ਦੀ ਇੱਕ ਅਦਾਲਤ ਵੱਲੋਂ ਹਥਿਆਰਬੰਦ ਸੈਨਾਵਾਂ ਦੇ ਵਿਰੁੱਧ ਆਪਣੀਆਂ ਟਿੱਪਣੀਆਂ ਨੂੰ ਲੈ ਕੇ ਦਾਇਰ ਮਾਣਹਾਨੀ ਦੇ ਕੇਸ ਵਿੱਚ ਗਾਂਧੀ ਨੂੰ ਜ਼ਮਾਨਤ ਦਿੱਤੇ ਜਾਣ ਦੇ ਦੋ ਦਿਨ ਬਾਅਦ, ਅਲੋਕ ਨੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ 'ਤੇ ਆਦਤਨ ਝੂਠੇ ਅਤੇ ਅਪਰਾਧੀ ਹੋਣ ਦਾ ਦੋਸ਼ ਲਗਾਇਆ।

ਉਨ੍ਹਾਂ ਕਿਹਾ ਕਿ ਗਾਂਧੀ ਨੇ ਅਕਸਰ ਹਥਿਆਰਬੰਦ ਸੈਨਾਵਾਂ ਦੇ ਖਿਲਾਫ਼ ਨਿਰਾਦਰ ਭਰੀਆਂ ਟਿੱਪਣੀਆਂ ਕੀਤੀਆਂ ਹਨ।

# ਕਰਨਲ ਬਾਠ ਮਾਮਲਾ: ਹਾਈਕੋਰਟ ਨੇ ਜਾਂਚ ਸੀਬੀਆਈ ਨੂੰ ਸੌਂਪੀ

**ਚੰਡੀਗੜ੍ਹ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇੱਕ ਅਹਿਮ ਫ਼ੈਸਲੇ 'ਚ ਪਟਿਆਲਾ ਵਿਚ ਕਰਨਲ ਬਾਠ 'ਤੇ ਹੋਏ ਹਮਲੇ ਦੀ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਹੈ। ਕਰਨਲ ਬਾਠ ਦਾ ਪਰਿਵਾਰ ਚੰਡੀਗੜ੍ਹ ਪੁਲੀਸ ਵੱਲੋ ਗਠਿਤ ਸਿੱਟ ਦੀ ਜਾਂਚ ਤੋਂ ਸੰਤੁਸ਼ਟ ਨਹੀਂ ਸੀ, ਜਿਸ ਤੋਂ ਬਾਅਦ ਹਾਈ ਕੋਰਟ ਨੇ ਹੁਣ ਇਹ ਜਾਂਚ ਸੀਬੀਆਈ ਹਵਾਲੇ ਕੀਤੀ ਹੈ ।

ਇਸ ਸਬੰਧੀ ਕਰਨਲ ਬਾਠ ਦੇ ਪਰਿਵਾਰ ਨੇ ਹਾਈ ਕੋਰਟ ਨੂੰ ਬੇਨਤੀ ਕੀਤੀ ਸੀ ਕਿ ਅਦਾਲਤ ਦੁਆਰਾ ਬਣਾਈ ਗਈ ਐੱਸਆਈਟੀ ਕੰਮ ਨਹੀਂ ਕਰ ਰਹੀ ਹੈ। ਬੀਤੇ ਦਿਨ ਕਰਨਲ ਬਾਠ ਦੀ ਪਤਨੀ ਨੇ ਇੱਕ ਇੰਟਰਵਿਊ ਦੌਰਾਨ ਇਤਰਾਜ਼ ਜਤਾਇਆ ਸੀ ਕਿ ਚੰਡੀਗੜ੍ਹ ਪੁਲੀਸ ਵੱਲੋਂ ਇਸ ਮਾਮਲੇ ਵਿਚ ਹੁਣ ਤੱਕ ਇੱਕ ਵੀ ਗ੍ਰਿਫ਼ਤਾਰੀ ਨਹੀਂ ਕੀਤੀ ਗਈ ਹੈ। ਕਰਨ ਬਾਠ ਦੇ ਪਰਿਵਾਰ ਵੱਲੋਂ ਕਾਫ਼ੀ ਸਮੇਂ ਤੋਂ ਮੰਗ ਕੀਤੀ ਜਾ ਰਾਹੀ ਸੀ ਕਿ ਇਸ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪੀ ਜਾਵੇ ਜਾਂ ਐੱਸਆਈਟੀ ਨੂੰ ਬਦਲ ਦਿੱਤਾ ਜਾਵੇ।

ਕਰਨਲ ਬਾਠ ਨੇ ਪਹਿਲਾਂ ਪਾਈ ਪਟੀਸ਼ਨ ਵਿੱਚ ਕਿਹਾ ਸੀ ਕਿ ਉਨ੍ਹਾਂ ਅਤੇ ਉਨ੍ਹਾਂ ਦੇ ਪੁੱਤਰ 'ਤੇ 13-14 ਮਾਰਚ ਦੀ ਰਾਤ ਨੂੰ ਪਟਿਆਲਾ ਵਿੱਚ 'ਬੇਰਹਿਮੀ ਨਾਲ' ਹਮਲਾ ਕੀਤਾ ਗਿਆ ਸੀ। ਉਨ੍ਹਾਂ ਇੰਸਪੈਕਟਰ-ਰੈਂਕ ਦੇ ਪੰਜਾਬ ਪੁਲੀਸ ਦੇ ਚਾਰ ਅਧਿਕਾਰੀਆਂ ਅਤੇ ਉਨ੍ਹਾਂ ਦੇ ਹਥਿਆਰਬੰਦ ਮੁਲਾਜ਼ਮਾਂ 'ਤੇ ਬਿਨਾਂ ਕਿਸੇ ਭੜਕਾਹਟ ਦੇ ਉਨ੍ਹਾਂ ਉੱਤੇ ਹਮਲਾ ਕਰਨ, ਉਨ੍ਹਾਂ ਦਾ ਅਧਿਕਾਰਤ ਆਈਡੀ ਕਾਰਡ ਅਤੇ ਮੋਬਾਈਲ ਫੋਨ ਖੋਹਣ ਅਤੇ ਝੂਠੇ ਮੁਕਾਬਲਿਆਂ ਦੀਆਂ ਧਮਕੀਆਂ ਦੇਣ ਦਾ ਦੋਸ਼ ਲਗਾਇਆ ਸੀ।

# ਭਾਰਤ 'ਚ ਟੀਕਾਕਰਨ ਤੋਂ ਵਾਂਝੇ ਬੱਚਿਆਂ ਦੀ ਗਿਣਤੀ 43 ਫ਼ੀਸਦੀ ਘਟੀ

**ਨਵੀਂ ਦਿੱਲੀ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਵਿੱਚ ਇੱਕ ਵਰ੍ਹੇ 'ਚ ਟੀਕਾਕਰਨ ਤੋਂ ਵਾਂਝੇ ਰਹਿਣ ਵਾਲੇ ਬੱਚਿਆਂ ('ਜ਼ੀਰੋ ਡੋਜ਼ ਚਿਲਡਰਨ') ਦੀ ਗਿਣਤੀ 43 ਫ਼ੀਸਦੀ ਘਟ ਗਈ ਹੈ। ਇਹ ਖੁਲਾਸਾ ਡਬਲਿਊਐੱਚਓ ਅਤੇ ਯੂਨੀਸੈੱਫ ਵੱਲੋਂ ਅੱਜ ਜਾਰੀ ਕੀਤੇ ਨਵੇਂ ਅੰਕੜਿਆਂ ਤੋਂ ਹੋਇਆ ਹੈ। ਅੰਕੜਿਆਂ ਮੁਤਾਬਕ ਭਾਰਤ 'ਚ ਸਾਲ 2023 'ਚ ਟੀਕਾਕਰਨ ਤੋਂ ਵਾਂਝੇ ਬੱਚਿਆਂ ਦੀ ਗਿਣਤੀ 1.6 ਮਿਲੀਅਨ ਸੀ ਜੋ ਸਾਲ 2024 ਵਿੱਚ ਘਟ ਕੇ 0.9 ਮਿਲੀਅਨ ਰਹਿ ਗਈ ਹੈ, ਜੋ ਲਗਪਗ 7 ਲੱਖ ਬੱਚੇ ਬਣਦੇ ਹਨ। ਦੱਖਣੀ ਏਸ਼ੀਆ (ਸਾਊਥ ਏਸ਼ੀਆ) ਲਈ ਯੂਨੀਸੈੱਫ ਦੇ ਖੇਤਰੀ ਨਿਰਦੇਸ਼ਕ ਸੰਜੈ ਨੇ ਕਿਹਾ, 'ਇਹ ਦੱਖਣੀ ਏਸ਼ੀਆ ਲਈ ਮਾਣ ਵਾਲੀ ਗੱਲ ਹੈ। ਪਹਿਲਾਂ ਦੇ ਮੁਕਾਬਲੇ ਅੱਜ ਵੱਧ ਬੱਚੇ ਸੁਰੱਖਿਅਤ ਹਨ।' ਉਨ੍ਹਾਂ ਦੂਰ-ਦੁਰਾਡੇ ਇਲਾਕਿਆਂ ਵਿੱਚ ਰਹਿੰਦੇ ਬੱਚਿਆਂ ਦੇ ਮੁਕੰਮਲ ਟੀਕਾਕਰਨ 'ਤੇ ਵੀ ਜ਼ੋਰ ਦਿੱਤਾ। ਦੱਖਣ ਏਸ਼ੀਆ ਨੇ ਟੀਕਾਕਰਨ ਦੀ ਹੁਣ ਤੱਕ ਦੀ ਸਭ ਤੋਂ ਵੱਧ ਕਵਰੇਜ਼ ਹਾਸਲ ਕੀਤੀ ਹੈ। ਸਾਲ 2024 ਵਿੱਚ 92 ਫ਼ੀਸਦੀ ਬੱਚਿਆਂ ਨੂੰ ਡੀਟੀਪੀ ਵੈਕਸੀਨ ਦੀ ਤੀਜੀ ਡੋਜ਼ ਦਿੱਤੀ ਗਈ।

# ਪੇਂਡੂ ਹਾਲਾਤ ਦੇ ਚੱਲਦੇ ਕੰਜ਼ਪਸ਼ਨ ਥੀਮ ਵਿੱਚ ਫਿਰ ਤੋਂ ਜਾਣ ਅੰਮ੍ਰਿਤਸਰ ਤੋਂ ਟਾਟਾ ਕੰਜ਼ਿਊਮਰ ਫੰਡ QA ਵਿੱਚ 2 ਕਰੋੜ ਦਾ ਨਿਵੇਸ਼

**ਅੰਮ੍ਰਿਤਸਰ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧਦੀ ਪੇਂਡੂ ਆਮਦਨ ਅਤੇ ਆਮ ਮਾਨਸੂਨ ਦੀ ਸੰਭਾਵਨਾ ਭਾਰਤ ਵਿੱਚ ਖਪਤ ਵਿੱਚ ਆਸ਼ਾਵਾਦ ਨੂੰ ਵਧਾ ਰਹੀ ਹੈ। ਖਪਤ-ਅਧਾਰਿਤ ਮਿਊਚੁਅਲ ਫੰਡਾਂ ਨੇ 2024 ਵਿੱਚ ਬਹੁਤ ਸਾਰੇ ਨਿਵੇਸ਼ਕਾਂ ਨੂੰ ਆਕਰਸ਼ਿਤ ਕੀਤਾ ਹੈ। 2025 ਦੇ ਸ਼ੁਰੂ ਵਿੱਚ ਇੱਕ ਛੋਟੇ ਜਿਹੇ ਝਟਕੇ ਤੋਂ ਬਾਅਦ, ਸ਼੍ਰੇਣੀ ਮਾਰਚ ਤੋਂ ਬਾਅਦ ਮੁੜ ਉੱਭਰੀ ਹੈ, ਜਿਵੇਂ ਕਿ ਵਿਸ਼ਾਲ ਬਾਜ਼ਾਰ। ਖਪਤ ਫੰਡਾਂ ਵਿੱਚੋਂ, ਟਾਟਾ ਇੰਡੀਆ ਖਪਤਕਾਰ ਫੰਡ ਨਿਵੇਸ਼ਕਾਂ ਲਈ ਵਿਚਾਰਨ ਯੋਗ ਨਿਵੇਸ਼ ਵਿਕਲਪਾਂ ਵਿੱਚੋਂ ਇੱਕ ਹੈ। ਟਾਟਾ ਇੰਡੀਆ ਕੰਜ਼ਿਊਮਰ ਫੰਡ ਦੀ ਮਾਸਿਕ ਔਸਤ ਸੰਪਤੀ ਪ੍ਰਬੰਧਨ ਅਧੀਨ 30 ਜੂਨ, 2025 ਤੱਕ 2,457.4 ਕਰੋੜ ਰੁਪਏ ਤੱਕ ਪਹੁੰਚ ਗਈ, ਜੋ ਕਿ 31 ਮਾਰਚ, 2024 ਤੱਕ 1,457 ਕਰੋੜ ਰੁਪਏ ਤੋਂ 69% ਵੱਧ ਹੈ। ਨਿਵੇਸ਼ਾਂ ਦੇ ਮਾਮਲੇ ਵਿੱਚ, ਟਾਟਾ ਮਿਊਚੁਅਲ ਫੰਡ ਦੇ ਅੰਦਰੂਨੀ ਅੰਕੜਿਆਂ ਅਨੁਸਾਰ, ਅਪ੍ਰੈਲ ਅਤੇ ਜੂਨ 2025 ਦੇ ਵਿਚਕਾਰ ਅੰਮ੍ਰਿਤਸਰ ਤੋਂ ਟਾਟਾ ਇੰਡੀਆ ਕੰਜ਼ਿਊਮਰ ਫੰਡ ਵਿੱਚ 2.11 ਕਰੋੜ ਰੁਪਏ ਦਾ ਨਿਵੇਸ਼ ਹੋਇਆ, ਜੋ ਕਿ 2024 ਵਿੱਚ ਇਸੇ ਸਮੇਂ ਵਿੱਚ ਕੀਤੇ ਗਏ ਨਿਵੇਸ਼ਾਂ ਨਾਲੋਂ ਦੁੱਗਣਾ ਹੈ।



ਟਾਟਾ ਐਸੇਟ ਮੈਨੇਜਮੈਂਟ ਦੀ ਸੀਨੀਅਰ ਫੰਡ ਮੈਨੇਜਰ ਸੋਨਮ ਉਦਾਸੀ ਨੇ ਕਿਹਾ, ਭਾਰਤ ਵਿੱਚ ਖਪਤ ਇੱਕ ਢਾਂਚਾਗਤ ਵਿਸ਼ਾ ਬਣੀ ਹੋਈ ਹੈ, ਜੋ ਕਿ ਨੌਜਵਾਨ ਆਬਾਦੀ ਤੋਂ ਆਉਣ ਵਾਲੀ ਮੰਗ, ਵਧਦੀ ਆਮਦਨ ਅਤੇ ਇੱਛਾਵਾਂ ਦੁਆਰਾ ਸੰਚਾਲਿਤ ਹੈ। ਉਸਨੇ ਅੱਗੇ ਕਿਹਾ, ਅਸੀਂ ਟਾਟਾ ਇੰਡੀਆ ਕੰਜ਼ਿਊਮਰ ਫੰਡ ਨੂੰ ਵਿਵੇਕਸ਼ੀਲ ਅਤੇ ਸੇਵਾ-ਅਗਵਾਈ ਵਾਲੀ ਖਪਤ ਵੱਲ ਝੁਕਾਅ ਦੇ ਨਾਲ ਮੁੜ ਸਥਾਪਿਤ ਕੀਤਾ ਹੈ, ਅਤੇ ਬਹੁਤ ਜ਼ਿਆਦਾ ਟ?ਰੈਂਡੀ, ਬਹੁਤ ਜ਼ਿਆਦਾ ਖਪਤ ਵਾਲੇ ਹਿੱਸਿਆਂ ਤੋਂ ਬਚਿਆ ਹੈ। ਅੰਮ੍ਰਿਤਸਰ ਵਰਗੇ ਸ਼ਹਿਰਾਂ ਵਿੱਚ ਅਸੀਂ ਜੋ ਰੁਝਾਨ ਦੇਖ ਰਹੇ ਹਾਂ ਉਹ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਨਿਵੇਸ਼ਕ ਇਸ ਲੰਬੇ ਸਮੇਂ ਦੇ ਨਿਵੇਸ਼ ਮੌਕੇ ਦਾ ਲਾਭ ਉਠਾ ਰਹੇ ਹਨ। ਖਪਤ ਫੰਡਾਂ ਨੇ 2024 ਵਿੱਚ 20.96% ਦੀ ਵਾਪਸੀ ਦਿੱਤੀ ਹੈ, ਜੋ ਕਿ BSE 500 TRI ਬੈਂਚਮਾਰਕ (15.67%) ਤੋਂ ਵੱਧ ਹੈ ਅਤੇ ਬਾਜ਼ਾਰ ਵਿੱਚ ਆਸ਼ਾਵਾਦ ਨੂੰ ਦਰਸਾਉਂਦੀ ਹੈ।

ਟਾਟਾ ਇੰਡੀਆ ਕੰਜ਼ਿਊਮਰ ਫੰਡ ਇੱਕ ਅਗਾਂਹਵਧੂ ਪਹੁੰਚ ਅਪਣਾਉਂਦਾ ਹੈ, ਖਪਤਕਾਰ ਸੇਵਾਵਾਂ, ਵਿਵੇਕਸ਼ੀਲ (ਜ਼ਰੂਰੀ ਨਹੀਂ ਪਰ ਲੋੜ ਅਨੁਸਾਰ ਖਰੀਦੀਆਂ ਗਈਆਂ) ਪ੍ਰਚੂਨ, ਟਿਕਾਊ ਵਸਤੂਆਂ ਅਤੇ ਉਤਪਾਦਨ-ਅਧਾਰਤ ਪ੍ਰੋਤਸਾਹਨ (PLI) ਯੋਜਨਾ ਦੇ ਅਧੀਨ ਆਉਣ ਵਾਲੀਆਂ ਕੰਪਨੀਆਂ ਵਰਗੇ ਖੇਤਰਾਂ 'ਤੇ ਧਿਆਨ ਕੇਂਦਰਿਤ ਕਰਦਾ ਹੈ, ਜਦੋਂ ਕਿ ਰਵਾਇਤੀ ਕਰਜ਼ਦਾਰ ਖੇਤਰਾਂ ਅਤੇ ਰੋਜ਼ਾਨਾ ਵਰਤੋਂ ਵਾਲੇ ਉਤਪਾਦਾਂ ਤੋਂ ਸੁਚੇਤ ਤੌਰ 'ਤੇ ਦੂਰ ਰਹਿੰਦਾ ਹੈ। ਇਹ ਡਿਜੀਟਲ ਵਿੱਤੀ ਸੇਵਾਵਾਂ ਅਤੇ 223 ਉਪਭੋਗਤਾ-ਕੇਂਦ੍ਰਿਤ ਕਾਰੋਬਾਰਾਂ ਜਿਵੇਂ ਕਿ ਆਟੋ, ਪੂੰਜੀ ਵਸਤੂਆਂ ਅਤੇ ਨਿਰਮਾਣ ਸਮੱਗਰੀ ਵਿੱਚ ਵਿਭਿੰਨ ਨਿਵੇਸ਼ਾਂ ਨੂੰ ਵੀ ਬਣਾਈ ਰੱਖਦਾ ਹੈ।

# ਵਿਧਾਨ ਸਭਾ ਵਿੱਚ ਬਿੱਲਾਂ ਦਾ ਸਰਬਸੰਮਤੀ ਨਾਲ ਪਾਸ ਹੋਣਾ 'ਆਪ' ਸਰਕਾਰ ਦੇ ਦੂਰਦਰਸ਼ੀ ਅਤੇ ਇਮਾਨਦਾਰ ਪਹੁੰਚ ਨੂੰ ਦਰਸਾਉਂਦੀ ਮਹੱਤਵਪੂਰਨ ਪ੍ਰਾਪਤੀ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਾਲ ਹੀ ਵਿੱਚ ਹੋਏ ਪੰਜਾਬ ਵਿਧਾਨ ਸਭਾ ਸੈਸ਼ਨ ਦੀ ਇੱਕ ਵਿਲੱਖਣ ਅਤੇ ਇਤਿਹਾਸਕ ਪ੍ਰਾਪਤੀ ਜਿਸ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੁਆਰਾ ਪੇਸ਼ ਕੀਤੇ ਗਏ ਸਾਰੇ ਐਕਟ, ਬਿੱਲ ਅਤੇ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ, ਨੂੰ ਉਜਾਗਰ ਕਰਦਿਆਂ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇਸ ਸ਼ਾਨਦਾਰ ਸਹਿਮਤੀ ਦਾ ਸਿਹਰਾ ਆਮ ਆਦਮੀ ਪਾਰਟੀ (ਆਪ) ਸਰਕਾਰ ਦੇ ਸੂਬੇ ਦੀ ਲੋਕਾਂ ਦੀ ਭਲਾਈ ਅਤੇ ਤਰੱਕੀ ਪ੍ਰਤੀ ਅਣਥੱਕ ਯਤਨਾਂ ਨੂੰ ਦਿੱਤਾ।

ਅੱਜ ਇਥੇ ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਵਿੱਚ ਆਪਣੇ ਦੋ ਕਾਰਜਕਾਲਾਂ ਦੌਰਾਨ ਉਨ੍ਹਾਂ ਨੇ ਪਹਿਲਾਂ ਕਦੇ ਵੀ ਕਿਸੇ ਸੈਸ਼ਨ ਦੌਰਾਨ ਸਾਰੇ ਵਿਧਾਨਕ ਮਾਮਲਿਆਂ 'ਤੇ ਪੂਰੀ ਸਰਬਸੰਮਤੀ ਹੁੰਦੀ ਨਹੀਂ ਦੇਖੀ। ਉਨ੍ਹਾਂ ਕਿਹਾ ਕਿ ਇਹ 'ਆਪ' ਸਰਕਾਰ ਦੇ ਪੰਜਾਬ ਨੂੰ ਵਿਕਾਸ ਦੀਆਂ ਨਵੀਆਂ ਬੁਲੰਦੀਆਂ ਵੱਲ ਲੈ ਜਾਣ ਲਈ ਵਰਤੀ ਗਈ ਸਾਵਧਾਨੀ, ਯੋਜਨਾਬੱਧਤਾ ਅਤੇ ਇਮਾਨਦਾਰ ਪਹੁੰਚ ਦਾ ਸੰਕੇਤ ਹੈ।

ਵਿੱਤ ਮੰਤਰੀ ਚੀਮਾ ਨੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਧਾਨ ਸਭਾ ਸੈਸ਼ਨ ਨੂੰ ਪਹਿਲੇ ਦਿਨ ਹੀ ਦੋ ਦਿਨ ਵਧਾ ਦਿੱਤਾ ਗਿਆ, ਜਿਸ ਸਦਕਾ ਮਹੱਤਵਪੂਰਨ ਬਿੱਲਾਂ 'ਤੇ ਡੂੰਘਾਈ ਨਾਲ ਚਰਚਾ ਕੀਤੀ ਗਈ ਅਤੇ ਵਿਰੋਧੀ ਧਿਰ ਨੂੰ ਸਾਰਥਕ ਯੋਗਦਾਨ ਪਾਉਣ ਦਾ ਮੌਕਾ ਦਿੱਤਾ ਗਿਆ। ਉਨ੍ਹਾਂ ਖਾਸ ਤੌਰ 'ਤੇ ਪੰਜਾਬ ਧਾਰਮਿਕ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ ਬਾਰੇ ਬਿੱਲ, 2025 ਦਾ ਜ਼ਿਕਰ ਕੀਤਾ, ਜਿਸ ਨੂੰ ਵਿਸਥਾਰਤ ਚਰਚਾ ਤੋਂ ਬਾਅਦ ਸਰਬਸੰਮਤੀ ਨਾਲ ਸਿਲੈਕਟ ਕਮੇਟੀ ਨੂੰ ਭੇਜਿਆ ਗਿਆ। ਉਨ੍ਹਾਂ ਕਿਹਾ ਕਿ ਇਹ ਬਿੱਲ ਸੂਬਾ ਸਰਕਾਰ ਦੀ ਇੱਕ ਅਜਿਹਾ ਮਜ਼ਬੂਤ ਕਾਨੂੰਨ ਬਣਾਉਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਜੋ ਸਾਰੇ ਧਾਰਮਿਕ ਗ੍ਰੰਥਾਂ ਨੂੰ ਕਿਸੇ ਵੀ ਤਰ੍ਹਾਂ ਦੀ ਬੇਅਦਬੀ ਤੋਂ ਸਪੱਸ਼ਟ ਤੌਰ 'ਤੇ ਸੁਰੱਖਿਆ ਪ੍ਰਦਾਨ ਕਰੇਗਾ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸੈਸ਼ਨ ਦੇ ਦੂਜੇ ਦਿਨ ਜਲ ਸਰੋਤ ਮੰਤਰੀ ਬਰਿੰਦਰ ਗੋਇਲ ਦੁਆਰਾ ਪੇਸ਼ ਕੀਤੇ ਗਏ ਇੱਕ ਮਤੇ ਦੇ ਸਰਬਸੰਮਤੀ ਨਾਲ ਪਾਸ ਹੋਣ ਦਾ ਵੀ ਜ਼ਿਕਰ ਕੀਤਾ, ਜਿਸ ਵਿੱਚ ਬੀ.ਬੀ.ਐਮ.ਬੀ ਅਦਾਰਿਆਂ ਵਿੱਚ ਸੀ.ਆਈ.ਐਸ.ਐਫ ਦੀ ਤਾਇਨਾਤੀ ਦਾ ਸਖ਼ਤ ਵਿਰੋਧ ਕੀਤਾ ਗਿਆ ਸੀ।

# ਕੋਚ ਸਤਵਿੰਦਰ ਸਿੰਘ ਅਤੇ ਅਰਮਾਨ ਸਿੰਘ ਸਕਾਟਲੈਂਡ ਚੋਂ ਮੈਡਲ ਅਤੇ ਲੰਡਨ ਵਿਖੇ ਹੋਏ ਸਨਮਾਨਿਤ

**ਸਕਾਟਲੈਂਡ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਨਾਈਟਡ ਕਿੰਗਡਮ ਸਕਾਟਲੈਂਡ ਵਿਖੇ ਹੋਏ ਇੰਟਰਨੈਸ਼ਨਲ ਮਾਰਸ਼ਲ ਆਰਟਸ ਮੁਕਾਬਲਿਆਂ ਚੋਂ ਪੰਜਾਬ ਦੇ ਤਿੰਨ ਖਿਡਾਰੀਆਂ ਨੇ ਤਾਈਕਵਾਡੋਂ ਕੋਚ ਸਤਵਿੰਦਰ ਸਿੰਘ ਅਤੇ ਕਰਾਟੇ ਕੋਚ ਅਰਮਾਨ ਸਿੰਘ ਦੀ ਦੇਖਰੇਖ ਵਿਚ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਸਰਤਾਜ ਸਿੰਘ ਨੇ ਸਿਲਵਰ, ਮਨਪ੍ਰੀਤ ਸਿੰਘ ਨੇ ਸਿਲਵਰ ਅਤੇ ਮਾਨਇੰਦਰ ਸਿੰਘ ਨੇ ਬਰੋਂਜ ਮੈਡਲ ਹਾਸਲ ਕੀਤਾ । ਇਸ ਦੇ ਨਾਲ ਹੀ ਕਰਾਟੇ ਕੋਚ ਅਰਮਾਨ ਸਿੰਘ ਨੇ ਕਾਤਾ ਇਵੈਂਟ ਵਿੱਚ ਹਿੱਸਾ ਲੈ ਕੇ ਇੱਕ ਸਿਲਵਰ ਅਤੇ ਇੱਕ ਬਰੋਂਜ ਮੈਡਲ ਹਾਸਲ ਕੀਤਾ । ਇਸ ਮੌਕੇ ਤੇ ਖਿਡਾਰੀਆਂ ਨੂੰ ਟੂਰਨਾਮੈਂਟ ਪ੍ਰਬੰਧਕ ਬਿਲ ਹੇਅਰ ਵੱਲੋਂ ਸਨਮਾਨਿਤ ਕੀਤਾ ਗਿਆ।

ਜ਼ਿਕਰ ਯੋਗ ਹੈ ਕਿ ਜਦੋਂ ਇਹ ਟੀਮ ਸਕਾਟਲੈਂਡ ਤੋਂ ਲੰਡਨ ਪੁੱਜੀ ਤਾਂ ਗੁਰਦੁਆਰਾ ਸਿੰਘ ਸਭਾ ਸਾਊਥਾਲ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਗੁਰ ਸਿਮਰਨ ਸਿੰਘ ਰੁਪਿੰਦਰ ਕੌਰ ਭਾਈ ਹਰ ਕਰਤਾਰ ਸਿੰਘ ਭਾਈ ਹਰਪ੍ਰੀਤ ਸਿੰਘ ਸੇਵਾਦਾਰ ਰਵੀ ਸਿੰਘ ਅਤੇ ਮਨਜੋਤ ਸਿੰਘ ਵੱਲੋਂ ਕੋਚ ਅਤੇ ਖਿਡਾਰੀਆਂ ਦਾ ਸਨਮਾਨਤ ਕੀਤਾ ਗਿਆ । ਇਸ ਮੌਕੇ ਤੇ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਪੰਜਾਬੀ ਨੌਜਵਾਨ ਹਰ ਖੇਤਰ ਵਿੱਚ ਮੱਲਾ ਮਾਰ ਰਿਹਾ ਹੈ।



# ਅਭੈ ਚੌਟਾਲਾ ਨੂੰ ਜਾਨੋਂ ਮਾਰਨ ਦੀ ਮਿਲੀ ਧਮਕੀ



**ਚੰਡੀਗੜ੍ਹ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਰਾਜਨੀਤੀ ਤੋਂ ਇੱਕ ਵੱਡੀ ਅਤੇ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ। ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਰਾਸ਼ਟਰੀ ਪ੍ਰਧਾਨ ਅਭੈ ਚੌਟਾਲਾ ਨੂੰ ਇੱਕ ਵੌਇਸ ਨੋਟ ਰਾਹੀਂ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਇਹ ਧਮਕੀ ਉਨ੍ਹਾਂ ਦੇ ਪੁੱਤਰ ਕਰਨ ਚੌਟਾਲਾ ਨੂੰ ਕਾਲਾਂ ਅਤੇ ਵੌਇਸ ਸੁਨੇਹਿਆਂ ਰਾਹੀਂ ਦਿੱਤੀ ਗਈ ਸੀ।

ਵੌਇਸ ਸੁਨੇਹੇ ਵਿੱਚ ਕਿਹਾ ਗਿਆ ਸੀ, ਆਪਣੇ ਪਿਤਾ ਨੂੰ ਸਮਝਾਓ, ਨਹੀਂ ਤਾਂ ਤੁਹਾਨੂੰ ਨਤੀਜੇ ਭੁਗਤਣੇ ਪੈਣਗੇ। ਸਾਡੇ ਕੰਮ ਵਿੱਚ ਦਖਲ ਨਾ ਦਿਓ, ਨਹੀਂ ਤਾਂ ਅਸੀਂ ਉਨ੍ਹਾਂ ਨੂੰ 'ਪ੍ਰਧਾਨ' ਕੋਲ ਭੇਜ ਦੇਵਾਂਗੇ। ਇੱਥੇ 'ਪ੍ਰਧਾਨ' ਸ਼ਬਦ ਨੂੰ ਨਫੇ ਸਿੰਘ ਰਾਠੀ ਵੱਲ ਇਸ਼ਾਰਾ ਮੰਨਿਆ ਜਾ ਰਿਹਾ ਹੈ।

ਇਸ ਧਮਕੀ ਤੋਂ ਬਾਅਦ, ਕਰਨ ਚੌਟਾਲਾ ਨੇ ਤੁਰੰਤ ਚੰਡੀਗੜ੍ਹ ਦੇ ਸੈਕਟਰ-3 ਪੁਲਿਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ। ਉਨ੍ਹਾਂ ਨੇ ਵੌਇਸ ਕਾਲਾਂ ਅਤੇ ਸੁਨੇਹਿਆਂ ਦੇ ਆਡੀਓ ਸਬੂਤ ਵੀ ਪੁਲਿਸ ਨੂੰ ਸੌਂਪ ਦਿੱਤੇ ਹਨ। ਪੁਲਿਸ ਨੇ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਤੋਂ ਬਾਅਦ ਚੌਟਾਲਾ ਪਰਿਵਾਰ ਦੀ ਸੁਰੱਖਿਆ ਨੂੰ ਲੈ ਕੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਸੂਤਰਾਂ ਅਨੁਸਾਰ ਪੁਲਿਸ ਜਲਦੀ ਹੀ ਚੌਟਾਲਾ ਪਰਿਵਾਰ ਨੂੰ ਵਾਧੂ ਸੁਰੱਖਿਆ ਦੇਣ 'ਤੇ ਵਿਚਾਰ ਕਰ ਰਹੀ ਹੈ।

# ਅਮਰੀਕੀ ਨਾਗਰਿਕਾਂ ਨੂੰ ਠੱਗਣ ਵਾਲੇ ਕਾਲ ਸੈਂਟਰ ਦਾ ਪਰਦਾਫਾਸ਼, 12 ਗ੍ਰਿਫਤਾਰ

**ਨੋਇਡਾ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨੋਇਡਾ ਪੁਲਿਸ ਨੇ ਅਮਰੀਕਾ ਦੇ ਨਾਗਰਿਕਾਂ ਤੋਂ ਠੱਗੀ ਕਰਨ ਲਈ ਚਲਾਏ ਜਾ ਰਹੇ ਇੱਕ ਕਾਲ ਸੈਂਟਰ ਦਾ ਪਰਦਾਫਾਸ਼ ਕਰਕੇ ਗਿਰੋਹ ਦੇ ਮੁਖੀ ਸਮੇਤ 12 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇੱਕ ਸੀਨੀਅਰ ਅਧਿਕਾਰੀ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਲਜ਼ਮਾਂ ਕੋਲੋਂ 10 ਲੈਪਟਾਪ, 16 ਮੋਬਾਈਲ ਫੋਨ, ਨੌਂ ਲੈਪਟਾਪ ਚਾਰਜਰ, ਨੌਂ ਹੈੱਡਫੋਨ, ਇੱਕ ਇੰਟਰਨੈੱਟ ਰਾਊਟਰ ਅਤੇ ਹੋਰ ਸਮੱਗਰੀਆਂ ਬਰਾਮਦ ਕੀਤੀਆਂ ਗਈਆਂ ਹਨ।

ਪੁਲੀਸ ਡਿਪਟੀ ਕਮਿਸ਼ਨਰ (ਨੋਇਡਾ ਜ਼ੋਨ) ਯਮੁਨਾ ਪ੍ਰਸਾਦ ਨੇ ਦੱਸਿਆ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਐਕਸਪ੍ਰੈਸਵੇਅ ਥਾਣਾ ਪੁਲੀਸ ਦੀ ਟੀਮ ਨੇ ਬੀਤੀ ਰਾਤ 'ਜੇਪੀ ਕਾਸਮੋਸ ਬਿਲਡਿੰਗ' ਦੀ 17ਵੀਂ ਮੰਜ਼ਿਲ 'ਤੇ ਛਾਪੇਮਾਰੀ ਕਰਦਿਆਂ ਫਰਜ਼ੀ ਕਾਲ ਸੈਂਟਰ ਦਾ ਪਰਦਾਫਾਸ਼ ਕੀਤਾ।

ਉਨ੍ਹਾਂ ਦੱਸਿਆ ਕਿ ਗਿਰੋਹ ਦੇ ਸਰਗਣਾ ਦੀ ਪਛਾਣ ਮੁੰਬਈ ਨਿਵਾਸੀ ਮੁਸਤਫਾ ਸ਼ੇਖ ਵਜੋਂ ਹੋਈ ਹੈ, ਜੋ ਸਿਰਫ 10ਵੀਂ ਪਾਸ ਹੈ। ਉਨ੍ਹਾਂ ਦੱਸਿਆ ਕਿ ਮੁਸਤਫਾ ਤੋਂ ਇਲਾਵਾ ਚਿਨੇਵੇ, ਦਿਨੇਸ਼ ਪਾਂਡੇ, ਸੋਹਿਲ ਅਜਮਿਲ, ਉਮਰ ਸਮਸੀ, ਕਲਪੇਸ਼ ਸ਼ਰਮਾ, ਆਫਤਾਬ ਕੁਰੈਸ਼ੀ, ਵਿਡੋਵ, ਰਾਮ ਸੇਵਕ, ਸਤਿਆਨਰਾਇਣ ਮੰਡਲ, ਥਿਜਨੋ ਲੂਟੋ, ਨਿਬੂਲੇ ਅਕਾਮੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਪੁਲਿਸ ਡਿਪਟੀ ਕਮਿਸ਼ਨਰ ਨੇ ਠੱਗੀ ਦੇ ਤਰੀਕਿਆਂ ਬਾਰੇ ਦੱਸਦਿਆਂ ਕਿਹਾ, "ਇਹ ਗਿਰੋਹ ਗੂਗਲ ਐਪ ਤੋਂ ਅਮਰੀਕੀ ਨਾਗਰਿਕਾਂ ਦਾ ਡਾਟਾ ਖਰੀਦਦਾ ਸੀ। ਇਸ ਦੇ ਆਧਾਰ 'ਤੇ ਉੱਥੋਂ ਦੇ ਨਾਗਰਿਕਾਂ ਨੂੰ ਕਰਜ਼ੇ ਦੇ ਬਦਲੇ 'ਗਿਫਟ ਵਾਊਚਰ' ਦੇ ਲਾਲਚ ਵਾਲੇ ਈਮੇਲ ਭੇਜੇ ਜਾਂਦੇ ਸਨ।" ਉਨ੍ਹਾਂ ਕਿਹਾ, ਜਦੋਂ ਕੋਈ ਕਰਜ਼ੇ ਲਈ ਉਨ੍ਹਾਂ ਨੂੰ ਵਾਪਸ ਈਮੇਲ ਭੇਜਦਾ ਤਾਂ ਪ੍ਰਕਿਰਿਆ ਫੀਸ ਦੇ ਨਾਮ 'ਤੇ ਉਨ੍ਹਾਂ ਤੋਂ 300 ਡਾਲਰ ਲਏ ਜਾਂਦੇ ਅਤੇ ਜਦੋਂ ਤੱਕ ਠੱਗੀ ਦੀ ਰਕਮ ਭਾਰਤੀ ਮੁਦਰਾ ਵਿੱਚ ਨਹੀਂ ਬਦਲ ਜਾਂਦੀ ਸੀ, ਉਦੋਂ ਤੱਕ ਮੁਲਜ਼ਮ ਅਮਰੀਕੀ ਨਾਗਰਿਕਾਂ ਦੇ ਸੰਪਰਕ ਵਿੱਚ ਰਹਿੰਦੇ।" ਪ੍ਰਸਾਦ ਨੇ ਦਾਅਵਾ ਕੀਤਾ ਕਿ ਗਿਰੋਹ ਹੁਣ ਤੱਕ ਕਰੀਬ 150 ਅਮਰੀਕੀ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਮਾਮਲਾ ਦਰਜ ਕਰਕੇ ਅੱਗੇ ਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

# ਰਾਜ ਵਿਆਪੀ ਮੁਹਿੰਮ ਤਹਿਤ ਗੁਰਦਾਸਪੁਰ ਜ਼ਿਲ੍ਹੇ ਵਿੱਚ ਦੋ ਬਾਲ ਵਿਆਹ ਰੋਕੇ ਗਏ: ਡਾ. ਬਲਜੀਤ ਕੌਰ

**ਚੰਡੀਗੜ੍ਹ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਲ ਵਿਆਹ ਰੋਕੂ ਮੁਹਿੰਮ ਤਹਿਤ ਪੰਜਾਬ ਸਰਕਾਰ ਦੇ ਚੱਲ ਰਹੇ ਯਤਨਾਂ ਦੇ ਹਿੱਸੇ ਵਜੋਂ, ਬੀਤੇ ਦਿਨੀਂ ਗੁਰਦਾਸਪੁਰ ਜ਼ਿਲ੍ਹੇ ਵਿੱਚ ਬਾਲ ਵਿਆਹ ਦੇ ਦੋ ਮਾਮਲੇ ਸਫਲਤਾਪੂਰਵਕ ਰੋਕੇ ਗਏ। ਇਹ ਜਾਣਕਾਰੀ ਦਿੰਦਿਆਂ, ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ, ਪੁਲਿਸ ਵਿਭਾਗ, ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ (ਡੀ.ਸੀ.ਪੀ.ਯੂ.), ਸੀ.ਡੀ.ਪੀ.ਓ., ਬਾਲ ਭਲਾਈ ਕਮੇਟੀਆਂ ਅਤੇ ਚਾਈਲਡ ਹੈਲਪ ਲਾਈਨ ਟੀਮਾਂ ਵੱਲੋਂ ਪਿੰਡ ਸਹਾਣੇ ਚੱਕ (ਬਲਾਕ ਕਲਾਨੌਰ) ਅਤੇ ਗਾਧੀਆਂ ਪਨਿਆੜ (ਬਲਾਕ ਗੁਰਦਾਸਪੁਰ) ਵਿਖੇ ਤੇਜ਼ ਅਤੇ ਤਾਲਮੇਲ ਵਾਲੀ ਕਾਰਵਾਈ ਕਰਕੇ ਇਹ ਦੋਵੇਂ ਬਾਲ ਵਿਆਹ ਰੁਕਵਾਏ ਗਏ।



ਡਾ. ਬਲਜੀਤ ਕੌਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਬਾਲ ਵਿਆਹ ਰੋਕੂ ਐਕਟ 2006 ਦੇ ਤਹਿਤ 18 ਸਾਲ ਤੋਂ ਘੱਟ ਉਮਰ ਦੀ ਲੜਕੀ ਅਤੇ 21 ਸਾਲ ਤੋਂ ਘੱਟ ਉਮਰ ਦੇ ਲੜਕੇ ਦਾ ਵਿਆਹ ਸਜ਼ਾਯੋਗ ਅਪਰਾਧ ਹੈ। ਯੋਜਨਾਬੱਧ ਵਿਆਹਾਂ ਦੀ ਜਾਣਕਾਰੀ ਮਿਲਣ 'ਤੇ ਤੁਰੰਤ ਦਖਲ ਅੰਦਾਜ਼ੀ ਕੀਤੀ ਗਈ ਅਤੇ ਦੋਵਾਂ ਪਰਿਵਾਰਾਂ ਨੂੰ ਕਾਨੂੰਨੀ ਨਿਯਮਾਂ, ਬੱਚਿਆਂ ਦੀ ਸਿਹਤ, ਸਿੱਖਿਆ ਅਤੇ ਭਵਿੱਖ 'ਤੇ ਬਾਲ ਵਿਆਹ ਦੇ ਨੁਕਸਾਨ ਬਾਰੇ ਵਿਸਥਾਰ ਨਾਲ ਸਮਝਾਇਆ ਗਿਆ।

ਕੈਬਨਿਟ ਮੰਤਰੀ ਡਾ ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਨੂੰ ਬਾਲ ਵਿਆਹ ਮੁਕਤ ਰਾਜ ਬਣਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਬਾਲ ਵਿਆਹਾਂ ਦੀਆਂ ਘਟਨਾਵਾਂ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਨਿਰੰਤਰ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ ਅਤੇ ਲੋਕਾਂ ਦੇ ਸਹਿਯੋਗ ਨਾਲ ਪੰਜਾਬ ਨੂੰ ਇਕ ਪ੍ਰਗਤੀਸ਼ੀਲ ਅਤੇ ਬੱਚਿਆਂ ਲਈ ਸੁਖਮਈ ਭਵਿੱਖ ਵਾਲਾ ਰਾਜ ਬਣਾਇਆ ਜਾਵੇਗਾ।

ਪਰਿਵਾਰਕ ਮੈਂਬਰਾਂ ਨੇ ਅਧਿਕਾਰੀਆਂ ਨੂੰ ਆਪਣੇ ਸਹਿਯੋਗ ਦਾ ਭਰੋਸਾ ਦਿੱਤਾ ਅਤੇ ਵਿਆਹਾਂ ਨੂੰ ਕਾਨੂੰਨੀ ਉਮਰ ਤੱਕ ਮੁਲਤਵੀ ਕਰਨ ਦੀ ਸਹਿਮਤੀ ਦਿੱਤੀ। ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਦੀ ਤੁਰੰਤ ਰਿਪੋਰਟ ਕਰਨ ਲਈ ਪਰਿਵਾਰਾਂ ਅਤੇ ਪਿੰਡ ਵਾਸੀਆਂ ਨੂੰ ਚਾਈਲਡ ਹੈਲਪਲਾਈਨ ਨੰਬਰ 1098 ਦੀ ਜਾਣਕਾਰੀ ਵੀ ਦਿੱਤੀ ਗਈ।

ਡਾ. ਬਲਜੀਤ ਕੌਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜਾਗਰੂਕ ਰਹਿਣ ਅਤੇ ਆਪਣੇ ਆਸ-ਪਾਸ ਜੇਕਰ ਕਿਸੇ ਵੀ ਬਾਲ ਵਿਆਹ ਦੀ ਜਾਣਕਾਰੀ ਮਿਲੇ ਤਾਂ ਤੁਰੰਤ ਚਾਈਲਡ ਹੈਲਪ ਲਾਈਨ 1098 ਜਾਂ ਨਜ਼ਦੀਕੀ ਪੁਲਿਸ ਸਟੇਸ਼ਨ ਨੂੰ ਸੂਚਿਤ ਕਰਨ। ਉਨ੍ਹਾਂ ਨੇ ਇਹ ਵੀ ਵਿਸ਼ਵਾਸ ਦਿਵਾਇਆ ਕਿ ਸੂਚਨਾ ਦੇਣ ਵਾਲੇ ਦਾ ਨਾਂ ਅਤੇ ਪਤਾ ਗੁਪਤ ਰੱਖਿਆ ਜਾਵੇਗਾ।

# ਗੋਲੀਬਾਰੀ ਦੌਰਾਨ 2 ਮਾਓਵਾਦੀ ਹਲਾਕ, 1 ਸੀਆਰਪੀਐੱਫ ਜਵਾਨ ਸ਼ਹੀਦ



**ਬੋਕਾਰੋ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਝਾਰਖੰਡ ਦੇ ਬੋਕਾਰੋ ਜ਼ਿਲ੍ਹੇ ਵਿੱਚ ਬੁੱਧਵਾਰ ਸਵੇਰੇ ਹੋਈ ਗੋਲੀਬਾਰੀ ਵਿੱਚ ਦੋ ਮਾਓਵਾਦੀ ਢੇਰ ਕੀਤੇ ਹਨ ਅਤੇ ਇੱਕ ਸੀਆਰਪੀਐੱਫ ਜਵਾਨ ਦੇ ਸ਼ਹੀਦ ਹੋਣ ਦੀ ਖ਼ਬਰ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸਵੇਰੇ 5.30 ਵਜੇ ਦੇ ਕਰੀਬ ਗੋਮੀਆ ਥਾਣਾ ਖੇਤਰ ਦੇ ਬਿਰਹੋਰਡੇਰਾ ਜੰਗਲ ਵਿੱਚ ਸੁਰੱਖਿਆ ਬਲਾਂ ਅਤੇ ਮਾਓਵਾਦੀਆਂ ਵਿਚਕਾਰ ਗੋਲੀਬਾਰੀ ਹੋਈ।

ਆਈਜੀ (ਬੋਕਾਰੋ ਜ਼ੋਨ) ਕ੍ਰਾਂਤੀ ਕੁਮਾਰ ਗਾਦੀਦੇਸੀ ਨੇ ਪੀਟੀਆਈ ਨੂੰ ਦੱਸਿਆ, "ਸੁਰੱਖਿਆ ਬਲਾਂ ਨੇ ਮੁਕਾਬਲੇ ਦੌਰਾਨ ਦੋ ਮਾਓਵਾਦੀਆਂ ਨੂੰ ਗੋਲੀ ਮਾਰ ਦਿੱਤੀ। ਸੀਪੀਆਰਐੱਫ ਦੀ ਕੋਬਰਾ ਬਟਾਲੀਅਨ ਦਾ ਇੱਕ ਜਵਾਨ ਦੀ ਵੀ ਗੋਲੀਬਾਰੀ ਵਿੱਚ ਮੌਤ ਹੋ ਗਈ।" ਬੋਕਾਰੋ ਦੇ ਐੱਸਪੀ ਹਰਵਿੰਦਰ ਸਿੰਘ ਨੇ ਦੱਸਿਆ ਕਿ ਮੁਕਾਬਲੇ ਤੋਂ ਬਾਅਦ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ। ਇੱਕ ਹੋਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਮਾਰੇ ਗਏ ਮਾਓਵਾਦੀਆਂ ਦੀ ਪਛਾਣ ਕੀਤੀ ਜਾ ਰਹੀ ਹੈ।

ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਦੁੱਖ ਪਰਗਟ ਕਰਦਿਆਂ ਕਿਹਾ ਕਿ ਸੀਆਰਪੀਐੱਫ ਜਵਾਨ ਉਨ੍ਹਾਂ ਦੇ ਰਾਜ ਦੇ ਕੋਕਰਾਝਾਰ ਦਾ ਰਹਿਣ ਵਾਲਾ ਸੀ।

# ਸੋਸ਼ਲ ਮੀਡੀਆ ਟਿੱਪਣੀ: ਸੁਪਰੀਮ ਕੋਰਟ ਨੇ ਅਸ਼ੋਕਾ ਯੂਨੀਵਰਸਿਟੀ ਦੇ ਪ੍ਰੋਫੈਸਰ ਮਾਮਲੇ 'ਚ ਐੱਸਆਈਟੀ ਦੀ ਜਾਂਚ 'ਤੇ ਸਵਾਲ ਚੁੱਕੇ

**ਨਵੀਂ ਦਿੱਲੀ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਹਰਿਆਣਾ ਐੱਸਆਈਟੀ ਵੱਲੋਂ ਅਸ਼ੋਕਾ ਯੂਨੀਵਰਸਿਟੀ ਦੇ ਪ੍ਰੋਫੈਸਰ ਦੇ ਮਾਮਲੇ ਵਿੱਚ ਅਪਣਾਈ ਗਈ ਜਾਂਚ ਲਾਈਨ 'ਤੇ ਸਵਾਲ ਚੁੱਕਿਆਂ ਕਿਹਾ ਕਿ ਇਸ ਨੇ ਆਪਣੇ ਆਪ ਨੂੰ ਗਲਤ ਦਿਸ਼ਾ ਦਿੱਤੀ। ਜਸਟਿਸ ਸੂਰਿਆ ਕਾਂਤ ਅਤੇ ਜੋਇਮਲਿਆ ਬਾਗਚੀ ਦੇ ਬੈਂਚ ਨੇ ਇੱਕ ਸੀਨੀਅਰ ਪੁਲੀਸ ਅਧਿਕਾਰੀ ਦੀ ਅਗਵਾਈ ਵਾਲੀ ਹਰਿਆਣਾ ਐੱਸਆਈਟੀ ਨੂੰ ਕਿਹਾ ਕਿ ਉਹ ਸਿਰਫ਼ ਅਲੀ ਖਾਨ ਮਹਿਮੂਦਾਬਾਦ ਵਿਰੁੱਧ ਉਸ ਦੀਆਂ ਵਿਵਾਦਪੂਰਨ ਸੋਸ਼ਲ ਮੀਡੀਆ ਪੋਸਟਾਂ 'ਤੇ ਦੋ ਐਫਆਈਆਰਜ਼ ਤੱਕ ਸੀਮਤ ਰਹਿਣ ਅਤੇ ਇਹ ਦੇਖਣ ਕਿ ਕੀ ਕੋਈ ਅਪਰਾਧ ਹੋਇਆ ਹੈ ਅਤੇ ਚਾਰ ਹਫ਼ਤਿਆਂ ਵਿੱਚ ਆਪਣੀ ਰਿਪੋਰਟ ਪੇਸ਼ ਕਰਨ।



ਬੈਂਚ ਨੇ ਕਿਹਾ ਕਿ ਐੱਸਆਈਟੀ ਕੋਲ ਮਹਿਮੂਦਾਬਾਦ ਦੇ ਸੈੱਲ ਫੋਨਾਂ ਸਮੇਤ ਇਲੈਕਟ ?ਰਾਨਿਕ ਯੰਤਰਾਂ ਨੂੰ ਜਾਂਚ ਲਈ ਜ਼ਬਤ ਕਰਨ ਦਾ ਕੋਈ ਮੌਕਾ ਨਹੀਂ ਸੀ। ਕਿਉਂਕਿ ਮਹਿਮੂਦਾਬਾਦ ਜਾਂਚ ਵਿੱਚ ਸਹਿਯੋਗ ਕਰ ਰਿਹਾ ਸੀ, ਇਸ ਲਈ ਅਦਾਲਤ ਨੇ ਕਿਹਾ ਕਿ ਉਸ ਨੂੰ ਦੁਬਾਰਾ ਤਲਬ ਕਰਨ ਦੀ ਕੋਈ ਲੋੜ ਨਹੀਂ ਸੀ। ਸਿਖਰਲੀ ਅਦਾਲਤ ਨੇ 21 ਮਈ ਨੂੰ ਲਗਾਈ ਗਈ ਪ੍ਰੋਫੈਸਰ ਦੀ ਜ਼ਮਾਨਤ ਦੀ ਸ਼ਰਤ ਵਿੱਚ ਵੀ ਢਿੱਲ ਦਿੱਤੀ ਅਤੇ ਉਸਨੂੰ ਪੋਸਟਾਂ, ਲੇਖ ਲਿਖਣ ਅਤੇ ਸਬ ਜੂਡਿਸ ਕੇਸ ਨੂੰ ਛੱਡ ਕੇ ਕੋਈ ਵੀ ਰਾਏ ਪ੍ਰਗਟ ਕਰਨ ਦੀ ਆਗਿਆ ਦਿੱਤੀ।

ਹਰਿਆਣਾ ਪੁਲਿਸ ਨੇ 18 ਮਈ ਨੂੰ ਮਹਿਮੂਦਾਬਾਦ ਨੂੰ ਓਪਰੇਸ਼ਨ ਸਿੰਧੂਰ 'ਤੇ ਉਸ ਦੀਆਂ ਪੋਸਟਾਂ 'ਤੇ ਐੱਫਆਈਆਰ ਦਰਜ ਹੋਣ ਤੋਂ ਬਾਅਦ ਗ੍ਰਿਫਤਾਰ ਕੀਤਾ ਸੀ, ਜਿਸ ਨੇ ਕਥਿਤ ਤੌਰ 'ਤੇ ਦੇਸ਼ ਦੀ ਪ੍ਰਭੂਸੱਤਾ ਅਤੇ ਅਖੰਡਤਾ ਨੂੰ ਖਤਰੇ ਵਿੱਚ ਪਾਇਆ। ਇਸ ਸਬੰਧੀ ਦੋ ਐਫਆਈਆਰ'ਜ਼ ਇੱਕ ਹਰਿਆਣਾ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰੇਣੂ ਭਾਟੀਆ ਦੀ ਸ਼ਿਕਾਇਤ 'ਤੇ ਅਧਾਰਤ ਅਤੇ ਦੂਜੀ ਇੱਕ ਪਿੰਡ ਦੇ ਸਰਪੰਚ ਦੀ ਸ਼ਿਕਾਇਤ 'ਤੇ ਸੋਨੀਪਤ ਜ਼ਿਲ੍ਹੇ ਦੀ ਰਾਏ ਪੁਲੀਸ ਵੱਲੋਂ ਦਰਜ ਕੀਤੀਆਂ ਗਈਆਂ ਸਨ।

# ਪੰਜਾਬ ਸੂਰਬੀਰਾਂ ਦੀ ਧਰਤੀ ਹੈ ਅਤੇ ਇਸ ਧਰਤੀ 'ਤੇ ਨਸ਼ਿਆਂ ਦਾ ਕੋਈ ਕੰਮ ਨਹੀਂ : ਗਵਰਨਰ ਪੰਜਾਬ

**ਮੁਹਾਲੀ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਤਨ ਪ੍ਰੋਫ਼ੈਸ਼ਨਲ ਐਜੂਕੇਸ਼ਨ ਕਾਲਜ, ਸੈਕਟਰ-78, ਸੋਹਾਣਾ (ਮੋਹਾਲੀ) ਵੱਲੋਂ ਅੱਜ ਨਸ਼ਾ ਵਿਰੋਧੀ ਮੁਹਿੰਮ ਦੇ ਤਹਿਤ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਰੋਹ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਸ਼ਿਰਕਤ ਕੀਤੀ ਗਈ। ਇਸ ਮੌਕੇ ਉਨ੍ਹਾਂ ਵੱਲੋਂ ਕਾਲਜ ਦੇ ਵਿਹੜੇ ਵਿੱਚ ਰੁੱਖ ਲਗਾ ਕੇ ਪੰਜਾਬ ਨੂੰ ਹਰਿਆ-ਭਰਿਆ ਅਤੇ ਸਿਹਤਮੰਦ ਪੰਜਾਬ ਬਣਾਉਣ ਲਈ ਯੋਗਦਾਨ ਪਾਉਣ ਦੀ ਅਪੀਲ ਕੀਤੀ ਗਈ।

ਅੱਜ ਦੇ ਸਮਾਗਮ ਦੌਰਾਨ ਕਾਲਜ ਦੇ ਵਿਦਿਆਰਥੀਆਂ ਵੱਲੋਂ ਨਸ਼ਾ ਮੁਕਤ ਭਾਰਤ ਥੀਮ 'ਤੇ ਨਾਟਕ, ਪੋਸਟਰ ਨਿਰਮਾਣ ਅਤੇ ਵੱਖ-ਵੱਖ ਪੇਸ਼ਕਾਰੀਆਂ ਦਿੱਤੀਆਂ ਗਈਆਂ। ਇਨ੍ਹਾਂ ਰਚਨਾਤਮਕ ਪ੍ਰਸਤਾਵਾਂ ਰਾਹੀਂ ਵਿਦਿਆਰਥੀਆਂ ਨੇ ਨਸ਼ਿਆਂ ਦੇ ਨੁਕਸਾਨਾਂ ਤੇ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਦਾ ਸੁਨੇਹਾ ਦਿੱਤਾ। ਉਨ੍ਹਾਂ ਦੀ ਇਸ ਕਲਾ ਅਤੇ ਸੰਵੇਦਨਸ਼ੀਲ ਭੂਮਿਕਾ ਲਈ ਰਾਜਪਾਲ ਪੰਜਾਬ ਵੱਲੋਂ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਗੁਲਾਬ ਚੰਦ ਕਟਾਰੀਆ ਨੇ ਆਪਣੇ ਸੰਬੋਧਨ ਵਿੱਚ ਰਤਨ ਕਾਲਜ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਵਿਦਿਅਕ ਸੰਸਥਾਵਾਂ ਸਮਾਜ ਵਿੱਚ ਨਸ਼ੇ ਵਿਰੁੱਧ ਜਾਗਰੂਕਤਾ ਫੈਲਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀਆਂ ਹਨ। ਉਨ੍ਹਾਂ ਨੇ ਕਾਲਜ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਖੁਲ੍ਹ ਕੇ ਸ਼ਲਾਘਾ ਕੀਤੀ। ਇਸ ਸਮਾਰੋਹ ਦੌਰਾਨ ਵੱਖ-ਵੱਖ ਪਿੰਡਾਂ ਦੇ ਸਰਪੰਚਾਂ ਨੂੰ ਨਸ਼ਾ ਮੁਕਤ ਅਭਿਆਨ ਵਿੱਚ ਉਨ੍ਹਾਂ ਵੱਲੋਂ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਉਹ ਵਿਅਕਤੀ ਜੋ ਨਸ਼ੇ ਤੋਂ ਛੁਟਕਾਰਾ ਪਾ ਚੁੱਕੇ ਹਨ, ਉਨ੍ਹਾਂ ਨੂੰ ਵੀ ਸਨਮਾਨਿਤ ਕਰ ਉਨ੍ਹਾਂ ਦੀ ਹਿੰਮਤ ਨੂੰ ਸਲਾਮ ਕੀਤਾ ਗਿਆ। ਕਟਾਰੀਆ ਨੇ ਕਿਹਾ ਕਿ ਪੰਜਾਬ ਵੀਰ ਜਵਾਨਾਂ, ਸੂਰਬੀਰਾਂ ਅਤੇ ਗੁਰੂਆਂ ਪੀਰਾਂ, ਮਹਾਨ ਯੋਧਿਆਂ ਦੀ ਧਰਤੀ ਹੈ। ਇਹ ਜ਼ਰੂਰੀ ਹੈ ਕਿ ਅਸੀਂ ਇਸ ਧਰਤੀ ਨੂੰ ਨਸ਼ਿਆਂ ਦੀ ਬੁਰਾਈ ਤੋਂ ਬਚਾਈਏ ਤਾਂ ਜੋ ਭਵਿੱਖ ਦੀ ਪੀੜ੍ਹੀ ਸੁਰੱਖਿਅਤ ਰਹੇ। ਹਾਲਾਂਕਿ ਇਹ ਸਮੱਸਿਆ ਹੋਰ ਰਾਜਾਂ ਵਿੱਚ ਵੀ ਹੈ, ਪਰ ਪੰਜਾਬ ਲਈ ਇਹ ਇਕ ਗੰਭੀਰ ਚੁਣੌਤੀ ਹੈ, ਜਿਸ ਦਾ ਸਹਿਯੋਗ ਦੇ ਕੇ ਸਮੂਹਿਕ ਤੌਰ 'ਤੇ ਸਾਹਮਣਾ ਕਰਨਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਸਾਡੇ ਗੁਰੂਆਂ ਨੇ ਭਾਰਤੀ ਸੰਸਕ੍ਰਿਤੀ ਅਤੇ ਮਾਣ ਮਰਿਆਦਾ ਦੀ ਬਹਾਲੀ ਲਈ ਬਲੀਦਾਨ ਦਿੱਤਾ, ਅਸੀਂ ਦੇਸ਼ ਲਈ ਮਰਨ ਮਿੱਟਣ ਵਾਲੀ ਕੌਮ ਹਾਂ। ਉਨ੍ਹਾਂ ਕਿਹਾ ਕਿ ਅੰਗਰੇਜ਼ਾਂ ਨੇ ਕਈ ਸਾਲਾਂ ਤੱਕ ਸਾਨੂੰ ਗੁਲਾਮ ਬਣਾਈ ਰੱਖਿਆ। ਸ਼ਹੀਦ ਭਗਤ ਸਿੰਘ ਦਾ ਬਲੀਦਾਨ ਸਾਡੇ ਵੱਲੋਂ ਭੁਲਾਇਆ ਨਹੀਂ ਜਾ ਸਕਦਾ।

# ਸਾਹੀ ਸਹਿਰ ਦੇ ਪਹਿਲੇ ਨਾਗਰਿਕ ਮੇਅਰ ਕੁੰਦਨ ਗੋਗੀਆ ਵੱਲੋ ਗੁਲਾਬ ਦੇ ਪੌਦੇ ਲਗਾਕੇ ਆਪਣਾ ਜਨਮ ਦਿਨ ਮਨਾਇਆ



ਪਟਿਆਲਾ, 17 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਰੋਜ਼ ਗਾਰਡਨ ਵਿੱਚ ਸ਼ਾਹੀ ਸਹਿਰ ਪਟਿਆਲਾ ਦੇ ਪਹਿਲੇ ਨਾਗਰਿਕ ਮੇਅਰ ਕੁਦਨ ਗੋਗੀਆ ਜੀ ਦਾ 64 ਵਾਂ ਜਨਮ ਦਿਨ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਪਟਿਆਲਾ ਦੇ ਪ੍ਰਧਾਨ ਉਪਕਾਰ ਸਿੰਘ ਦੀ ਅਗਵਾਈ ਵਿੱਚ ਗੁਲਾਬ (ਰੋਜ਼ ) ਦੇ ਪੌਦੇ ਲਗਾ ਕੇ ਜਨਮ ਦਿਨ ਮਨਾਇਆਂ। ਪੌਦੇ ਲਗਾਉਂਦੀਆ ਮੇਆਰ ਗੋਗੀਆ ਨੇ ਆਮ ਪਬਲਿਕ ਨੂੰ ਅਪੀਲ ਕੀਤੀ ਕਿ ਵਾਤਾਵਰਨ ਨੂੰ ਸੁੱਧ ਰੱਖਣ ਲ ਈ ਹਰ ਇਨਸਾਨ ਆਪਣੇ ਜਨਮ ਦਿਨ ਤੇ ਹਰ ਮਨੁੱਖ ਲਾਵੇ ਦੋ ਰੁੱਖ ਜੋ ਮੁਹਿੰਮ ਪਿਛਲੇ ਦੋ ਦਹਾਕਿਆ ਤੋ ਚਲਾਈ ਹੋਈ ਹੈ ਇਜ ਮੁਹਿੰਮ ਨਾਲ ਜੁੜ ਕੇ ਵੱਧ ਤੋ ਵੱਧ ਪੌਦੇ ਲਗਾਈਏ।ਹਰੇਕ ਵਿਅੱਕਤੀ ਆਪਣੀ ਮਾਂ ਦੇ ਨਾਮ ਤੇ 'ਏਕ ਪੇੜ ਮਾਂ ਕੇ ਨਾਮ' ਜਰੂਰ ਲਗਾਏ।ਮੇਅਰ ਨੇ ਦੱਸਿਆ ਪੰਜਾਬ ਦੀ ਵਸੋਂ ਲੱਗ ਭੱਗ 3 ਕਰੋੜ ਹੈ। ਹਰ ਇਨਸਾਨ ਇੱਕ ਜਾ ਦੋ ਪੌਦੇ ਆਪਣੀ ਜਿਮੇਵਾਰੀ ਸਮਜ ਕੇ ਲਾਵੇ ਤਾਂ ਆਉਣ ਵਾਲੇ ਸਾਲਾ ਵਿੱਚ ਤਾਂਪਮਾਨ ਦੀ ਤਬਦੀਲੀ ਦੇਖੋ ਗਏ।ਉਥੇ ਸਮਾਜ ਸੇਵੀ ਉਪਕਾਰ ਸਿੰਘ ਨੇ ਕਿਹਾ ਸਾਨੂੰ ਆਪਣੇ ਬੱਚਿਆ ਦੇ ਭਵਿਖ ਵਾਸਤੇ ਹਰ ਮਨੁੱਖ ਲਾਵੇ ਦੋ ਰੁੱਖ 'ਏਕ ਪੇੜ ਮਾ ਕੇ ਨਾਮ' ਮੁਹਿੰਮ ਨਾਲ ਜੁੜ ਕੇ ਵੱਧ ਤੋ ਵੱਧ ਪੌਦੇ ਲਗਾਓ ਤੇ ਉਹਨਾ ਦੀ ਦੇਖ ਭਾਲ ਵੀ ਕਰੋ। ਲਖਬੀਰ ਸਿੰਘ ਲੱਖਾ,ਦੇਵ ਸੋਢੀ, ਖੰਨਾ, ਡਿੰਪੀ, ਵਿਨਸੀ, ਮਹਿਤਾ, ਜਤਿੰਦਰ ਸਿੰਘ, ਸੁਰਿੰਦਰਪਾਲ, ਪੱਪੂ, ਪੰਕਜ, ਚਰਨਪਾਲ ਸਿੰਘ, ਗੁਰਿੰਦਰਪਾਲ, ਗੁਰਵਿੰਦਰ ਸਿੰਘ, ਮੋਰਨਿੰਗ ਕਲੱਬ ਅਤੇ ਸੈਰ ਪ੍ਰੇਮੀਆ ਨੇ ਕੁੰਦਨ ਗੋਗੀਆ ਨੂੰ ਮੁਬਾਰਕਾ ਦਿੱਤੀਆ।

# ਮਾਲ ਤੇ ਟਰਾਂਸਪੋਰਟ ਵਿਭਾਗ ਨਾਲ ਸਬੰਧਤ ਸੇਵਾਵਾਂ ਸੇਵਾ ਕੇਂਦਰ ਤੇ ਡੋਰ ਸਟੈੱਪ ਸਰਵਿਸ ਡਲਿਵਰੀ ਰਾਹੀ ਉਪਲਬਧ : ਡੀ.ਸੀ

**➢ 1076 'ਤੇ ਕਾਲ ਕਰਕੇ 26 ਵਿਭਾਗਾਂ ਦੀਆਂ 440 ਸੇਵਾਵਾਂ ਡੋਰ ਸਟੈੱਪ ਡਲਿਵਰੀ ਰਾਹੀਂ ਹੁੰਦੀਆਂ ਨੇ ਉਪਲਬੱਧ : ਡਾ. ਪ੍ਰੀਤੀ ਯਾਦਵ ➢ ਪਟਿਆਲਾ ਵਾਸੀ ਡੋਰ ਸਟੈੱਪ ਸਰਵਿਸ ਡਲਿਵਰੀ ਰਾਹੀਂ ਘਰ ਬੈਠੇ ਸੇਵਾਵਾਂ ਪ੍ਰਾਪਤ ਕਰਨ**

ਪਟਿਆਲਾ, 17 ਜੁਲਾਈ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਸੇਵਾ ਕੇਂਦਰਾਂ ਵਿੱਚ ਦਿੱਤੀਆਂ ਜਾ ਰਹੀਆਂ 440 ਸੇਵਾਵਾਂ ਡੋਰ ਸਟੈੱਪ ਸਰਵਿਸ ਡਲਿਵਰੀ ਰਾਹੀਂ ਲੋਕਾਂ ਨੂੰ ਘਰਾਂ ਵਿੱਚ ਵੀ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਆਨ ਲਾਈਨ ਫ਼ਰਦ ਤੋਂ ਲੈ ਕੇ ਡਰਾਈਵਿੰਗ ਲਾਇਸੈਂਸ ਤੱਕ ਦੀ ਸਹੂਲਤ ਲੋਕਾਂ ਨੂੰ ਉਨ੍ਹਾਂ ਦੀਆਂ ਬਰੂੰਹਾਂ 'ਤੇ ਪ੍ਰਦਾਨ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹਾ ਆਈ.ਟੀ. ਮੈਨੇਜਰ ਰੋਬਿਨ ਸਿੰਘ ਨਾਲ ਬੈਠਕ ਦੌਰਾਨ ਦੱਸਿਆ ਕਿ ਪਟਿਆਲਾ ਵਾਸੀ 1076 ਨੰਬਰ 'ਤੇ ਕਾਲ ਕਰਕੇ 26 ਵਿਭਾਗਾਂ ਦੀਆਂ 440 ਪ੍ਰਕਾਰ ਦੀਆਂ ਸੇਵਾਵਾਂ ਘਰ ਬੈਠੇ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਮਾਲ ਵਿਭਾਗ ਦੀਆਂ ਸੇਵਾਵਾਂ ਜਿਸ ਵਿੱਚ ਵਿਰਾਸਤ ਜਾਂ ਰਜਿਸਟਰੀ ਇੰਤਕਾਲ, ਜਮ੍ਹਾਬੰਦੀ 'ਚ ਦਰੁਸਤੀ ਜਾਂ ਰਪਟ ਦਰਜ, ਸਕ੍ਰਿਪਸ਼ਨ ਬੇਨਤੀ (ਤਬਦੀਲੀ ਮੈਸੇਜ ਰਾਹੀਂ ਜਾਣੂ ਹੋਣ ਲਈ), ਡਿਜੀਟਲ ਫ਼ਰਦ ਜਮ੍ਹਾਬੰਦੀ ਲੈਣ ਲਈ ਲੋਕਾਂ ਨੂੰ ਤਹਿਸੀਲ ਦਫ਼ਤਰ ਜਾਂ ਪਟਵਾਰੀ ਕੋਲ ਜਾਣ ਦੀ ਲੋੜ ਨਹੀਂ ਰਹੀ। ਇਹ ਸਾਰੀਆਂ 34 ਸੇਵਾਵਾਂ ਪਟਿਆਲਾ



ਵਾਸੀ ਜ਼ਿਲ੍ਹੇ ਦੇ 42 ਨੇੜਲੇ ਸੇਵਾ ਕੇਂਦਰ 'ਚ ਜਾ ਫੇਰ ਘਰ ਬੈਠੇ 1076 ਰਾਹੀ ਆਸਾਨੀ ਨਾਲ ਉਪਲਬਧ ਹਨ।

ਉਨ੍ਹਾਂ ਦੱਸਿਆ ਕਿ ਡਰਾਈਵਿੰਗ ਲਾਇਸੰਸ ਨਾਲ ਸਬੰਧਿਤ ਸੇਵਾਵਾਂ ਲਰਨਰ ਲਾਇਸੰਸ ਲਈ ਅਰਜ਼ੀ, ਲਰਨਰ ਲਾਇਸੰਸ ਵਿੱਚ ਪਤਾ ਬਦਲਣਾ, ਲਰਨਰ ਲਾਇਸੰਸ ਵਿੱਚ ਨਾਂ ਬਦਲਣਾ, ਲਰਨਰ ਲਾਇਸੰਸ ਦੀ ਨਕਲ ਜਾਰੀ, ਡਰਾਈਵਿੰਗ ਲਾਇਸੰਸ ਦੀ ਨਕਲ ਜਾਰੀ, ਡਰਾਈਵਿੰਗ ਲਾਇਸੰਸ ਨਵਿਆਉਣਾ (ਟੈਸਟ ਦੀ ਲੋੜ ਨਹੀਂ), ਡਰਾਈਵਿੰਗ ਲਾਇਸੰਸ ਦੀ ਬਦਲੀ, ਡਰਾਈਵਿੰਗ ਲਾਇਸੰਸ ਵਿੱਚ ਪਤਾ ਬਦਲਣਾ, ਡਰਾਈਵਿੰਗ ਲਾਇਸੰਸ ਵਿੱਚ ਨਾਂ ਬਦਲਣਾ, ਡਰਾਈਵਿੰਗ ਲਾਇਸੰਸ ਵਿੱਚ ਜਨਮ ਮਿਤੀ ਬਦਲਣਾ, ਲਾਇਸੰਸ ਦੀ ਡਿਟੇਲ ਪ੍ਰਾਪਤੀ, ਲਾਇਸੰਸ ਵਿੱਚ ਵਾਹਨ ਸ਼੍ਰੇਣੀ ਛੱਡਣੀ, ਡਰਾਈਵਰ ਲਈ ਪਬਲਿਕ ਸਰਵਿਸ ਵਾਹਨ ਬੈਜ, ਕੰਡਕਟਰ ਲਾਇਸੰਸ ਨਵਿਆਉਣਾ, ਲਰਨਰ ਲਾਇਸੰਸ ਦੀ ਮਿਆਦ ਵਧਾਉਣਾ ਸੇਵਾਵਾਂ ਵੀ ਘਰ ਬੈਠੇ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਆਰ.ਸੀ ਨਾਲ ਸਬੰਧਿਤ ਸੇਵਾਵਾਂ ਜਿਸ ਵਿੱਚ ਰਜਿਸਟ੍ਰੇਸ਼ਨ ਸਰਟੀਫਿਕੇਟ ਦੀ ਨਕਲ ਲਈ ਅਰਜ਼ੀ, ਆਰ.ਸੀ ਲਈ ਐਨ.ਓ.ਸੀ. ਦੀ ਅਰਜ਼ੀ, ਆਰ.ਸੀ. ਵਿੱਚ ਪਤਾ ਬਦਲਣਾ, ਫ਼ੀਸ ਦੇ ਕੇ ਆਰ.ਸੀ. ਡੀਟੇਲ ਵੇਖਣਾ, ਵਾਹਨ ਦੀ ਟਰਾਂਸਫ਼ਰ ਆਫ਼ ਆਨਰਸ਼ਿਪ (ਨਾਨ ਟਰਾਂਸਪੋਰਟ), ਮਾਲਕੀ ਤਬਦੀਲੀ ਮਾਮਲੇ ਵਿੱਚ ਲਾਈਫ਼ ਟਾਈਮ ਟੈਕਸ ਦੀ ਅਦਾਇਗੀ, ਹਾਇਰ ਪਰਚੇਜ ਐਗਰੀਮੈਂਟ ਦੀ ਐਂਡੋਰਸਮੈਂਟ, ਮੋਬਾਈਲ ਨੰਬਰ ਅੱਪਡੇਟ ਕਰਵਾਉਣਾ, ਫਿਟਨੈੱਸ ਸਰਟੀਫਿਕੇਟ ਦੀ ਨਕਲ, ਕਮਰਸ਼ੀਅਲ ਵਾਹਨਾਂ ਲਈ ਫਿਟਨੈੱਸ ਸਰਟੀਫਿਕੇਟ ਆਦਿ ਸੇਵਾਵਾਂ ਵੀ ਉਪਲਬਧ ਹਨ।

ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾ ਰਹੀ ਇਸ ਡੋਰ ਸਟੈੱਪ ਸਰਵਿਸ ਰਾਹੀਂ 1076 'ਤੇ ਕਾਲ ਕਰਕੇ ਘਰ ਬੈਠੇ ਹੀ ਪ੍ਰਸ਼ਾਸਨਿਕ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਆਪਣੇ ਕੀਮਤੀ ਸਮੇਂ ਦੀ ਬੱਚਤ ਕਰਨ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਲੋਕ ਡੋਰ ਸਟੈੱਪ ਡਲਿਵਰੀ ਦੀਆਂ ਇਨ੍ਹਾਂ ਸੇਵਾਵਾਂ ਵਿੱਚ ਜਨਮ ਤੇ ਮੌਤ ਸਰਟੀਫਿਕੇਟ ਦੀਆਂ ਕਾਪੀਆਂ, ਜਨਮ ਸਰਟੀਫਿਕੇਟ ਵਿੱਚ ਐਂਟਰੀ ਵਿੱਚ ਸੋਧ, ਜਨਮ ਸਰਟੀਫਿਕੇਟ ਦੀਆਂ ਕਈ ਕਾਪੀਆਂ, ਜਨਮ ਸਰਟੀਫਿਕੇਟ ਦੀ ਦੇਰੀ ਨਾਲ ਰਜਿਸਟਰੇਸ਼ਨ, ਮੌਤ ਸਰਟੀਫਿਕੇਟ ਦੀ ਦੇਰੀ ਨਾਲ ਰਜਿਸਟਰੇਸ਼ਨ, ਮੌਤ ਦੇ ਸਰਟੀਫਿਕੇਟ (ਸਿਹਤ) ਵਿੱਚ ਸੋਧ, ਆਮਦਨ ਦਾ ਸਰਟੀਫਿਕੇਟ, ਹਲਫੀਆ ਬਿਆਨ ਤਸਦੀਕ ਕਰਨਾ, ਮਾਲ ਰਿਕਾਰਡ ਦੀ ਜਾਂਚ, ਰਜਿਸਟਰਡ ਅਤੇ ਗੈਰ-ਰਜਿਸਟਰਡ ਦਸਤਾਵੇਜ਼ਾਂ ਦੀਆਂ ਪ੍ਰਮਾਣਿਤ ਕਾਪੀਆਂ (ਨਕਲ ਪ੍ਰਦਾਨ ਕਰਨਾ), ਭਾਰ-ਮੁਕਤ ਸਰਟੀਫਿਕੇਟ, ਗਿਰਵੀਨਾਮੇ ਦੀ ਇਕੁਇਟੀ ਐਂਟਰੀ, ਫਰਦ ਤਿਆਰ ਕਰਨ, ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਮੁਆਵਜ਼ੇ ਸਬੰਧੀ ਬਾਂਡ, ਬਾਰਡਰ ਏਰੀਏ ਸਬੰਧੀ ਸਰਟੀਫਿਕੇਟ, ਬੈਕਵਰਡ ਏਰੀਆ ਸਰਟੀਫਿਕੇਟ, ਜ਼ਮੀਨ ਦੀ ਹੱਦਬੰਦੀ, ਐਨ.ਆਰ.ਆਈ. ਦੇ ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਪੁਲਿਸ ਕਲੀਅਰੈਂਸ ਸਰਟੀਫਿਕੇਟ ਅਤੇ ਲਾਭਪਾਤਰੀਆਂ ਦੇ ਬੱਚਿਆਂ ਨੂੰ ਵਜ਼ੀਫ਼ਾ, ਉਸਾਰੀ ਕਾਮੇ ਦੀ ਰਜਿਸਟਰੇਸ਼ਨ ਅਤੇ ਉਸਾਰੀ ਮਜ਼ਦੂਰ (ਲੇਬਰ) ਦੀ ਰਜਿਸਟਰੇਸ਼ਨ ਦਾ ਨਵੀਨੀਕਰਨ, ਰਿਹਾਇਸ਼ੀ ਸਰਟੀਫਿਕੇਟ (ਪ੍ਰਸੋਨਲ), ਅਨੁਸੂਚਿਤ ਜਾਤੀ ਸਰਟੀਫਿਕੇਟ ਅਤੇ ਬੀ.ਸੀ. ਸਰਟੀਫਿਕੇਟ, ਜਨਰਲ ਜਾਤੀ ਸਰਟੀਫਿਕੇਟ, ਹੋਰ ਪਛੜੀ ਸ਼੍ਰੇਣੀਆਂ ਸਬੰਧੀ ਸਰਟੀਫਿਕੇਟ (ਓ.ਬੀ.ਸੀ.), ਆਮਦਨ ਅਤੇ ਸੰਪਤੀ ਦਾ ਸਰਟੀਫਿਕੇਟ (ਈ.ਡਬਲਿਊ.ਐਸ.) ਅਤੇ ਸ਼ਗਨ ਸਕੀਮ (ਕੇਸ ਨੂੰ ਮਨਜ਼ੂਰੀ ਲਈ) (ਸਮਾਜਿਕ ਨਿਆਂ), ਬਜ਼ੁਰਗਾਂ ਨੂੰ ਪੈਨਸ਼ਨ, ਵਿਧਵਾ/ਬੇਸਹਾਰਾ ਨਾਗਰਿਕਾਂ ਨੂੰ ਪੈਨਸ਼ਨ, ਦਿਵਿਆਂਗ ਨਾਗਰਿਕਾਂ ਨੂੰ ਪੈਨਸ਼ਨ, ਅਪੰਗਤਾ ਸਰਟੀਫਿਕੇਟ ਯੀ.ਡੀ.ਆਈ.ਡੀ. ਕਾਰਡ ਲਈ ਅਰਜ਼ੀ ਅਤੇ ਨਿਰਭਰ ਬੱਚਿਆਂ ਲਈ ਪੈਨਸ਼ਨ (ਸਮਾਜਿਕ ਸੁਰੱਖਿਆ), ਬਿਜਲੀ ਦੇ ਬਿੱਲ ਦਾ ਭੁਗਤਾਨ (ਪਾਵਰ), ਵਿਆਹ ਦੀ ਰਜਿਸਟ੍ਰੇਸ਼ਨ (ਲਾਜ਼ਮੀ), ਵਿਆਹ (ਆਨੰਦ) (ਘਰ) ਦੀ ਰਜਿਸਟਰੇਸ਼ਨ ਅਤੇ ਪੇਂਡੂ ਖੇਤਰ ਦਾ ਸਰਟੀਫਿਕੇਟ (ਪੇਂਡੂ) ਸਮੇਤ ਵੱਡੀ ਗਿਣਤੀ ਸੇਵਾਵਾਂ ਲੋਕਾਂ ਨੂੰ ਘਰ ਬੈਠੇ ਹੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।,

## ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਨੂੰ ਝੋਨੇ ਦੀ ਫ਼ਸਲ ਲਈ ਐਡਵਾਈਜ਼ਰੀ ਜਾਰੀ

# ਕਿਸਾਨ ਆਪਣੇ ਖੇਤਾਂ ਦਾ ਲਗਾਤਾਰ ਨਿਰੀਖਣ ਕਰਦੇ ਰਹਿਣ : ਮੁੱਖ ਖੇਤੀਬਾੜੀ ਅ.ਫ਼ਸਰ

ਪਟਿਆਲਾ, 17 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਵਿੱਚ ਲਗਭਗ 90 ਫ਼ੀਸਦੀ ਰਕਬੇ ਵਿੱਚ ਝੋਨੇ ਦੀ ਫ਼ਸਲ ਲਗਭਗ 25-30 ਦਿਨਾਂ ਦੀ ਹੋਣ ਵਾਲੀ ਹੈ ਅਤੇ ਮੌਸਮ ਅਨੁਸਾਰ ਕਿਸਾਨਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੇ ਖੇਤਾਂ ਦਾ ਲਗਾਤਾਰ ਨਿਰੀਖਣ ਕਰਦੇ ਰਹਿਣ ਤਾਂ ਜੋ ਕਿਸੇ ਵੀ ਖੁਰਾਕੀ ਤੱਤ, ਬਿਮਾਰੀ ਅਤੇ ਕੀੜੇ ਮਕੌੜਿਆਂ ਦੀ ਸਮੱਸਿਆ ਨੂੰ ਸਮੇਂ ਰਹਿੰਦਿਆਂ ਹੱਲ ਕਰ ਲਿਆ ਜਾਵੇ।



ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਇਨ੍ਹਾਂ ਦਿਨਾਂ ਵਿੱਚ ਖੇਤਾਂ ਵਿੱਚ ਜ਼ਿੰਕ ਦੀ ਘਾਟ, ਝੋਨੇ ਦੇ ਪੀਲ਼ੇਪਣ ਦੀ ਸਮੱਸਿਆ, ਬੂਟੇ ਦਾ ਨਾ ਵਧਣਾ, ਤਣੇ ਦਾ ਗਲਨਾ ਅਤੇ ਮਧਰੇਪਣ ਦੀ ਸਮੱਸਿਆ ਦੇਖਣ ਨੂੰ ਆ ਸਕਦੀ ਹੈ, ਅਜਿਹੀ ਸਥਿਤੀ ਵਿੱਚ ਕਿਸਾਨ ਘਬਰਾਉਣ ਨਾ ਅਤੇ ਤੁਰੰਤ ਸਬੰਧਤ ਬਲਾਕ ਖੇਤੀਬਾੜੀ ਅਫ਼ਸਰਾਂ ਨਾਲ ਤਾਲਮੇਲ ਕਰਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਜ਼ਿੰਕ ਦੀ ਘਾਟ ਨੂੰ ਪੂਰਾ ਕਰਨ ਲਈ ਕਿਸਾਨ 25 ਕਿੱਲੋ ਜ਼ਿੰਕ ਸਲਫੇਟ 21 ਫ਼ੀਸਦੀ ਦੀ ਵਰਤੋਂ ਕਰਨ ਅਤੇ ਜੇਕਰ ਝੋਨੇ ਵਿੱਚ ਕਾਲੀਆਂ ਜੜ੍ਹਾਂ ਨਜ਼ਰ ਆਉਣ ਤਾਂ ਖੇਤ ਦੇ ਪਾਣੀ ਨੂੰ ਸੁਕਾ ਕੇ ਬੂਟੇ ਨੂੰ ਹਵਾ ਲਗਵਾਈ ਜਾਵੇ ਤਾਂ ਜੋ ਬੂਟੇ ਨੂੰ ਆਕਸੀਜਨ ਦੀ ਮਾਤਰਾ ਪੂਰੀ ਹੋ ਸਕੇ।

ਉਨ੍ਹਾਂ ਨੇ ਦੱਸਿਆ ਕਿ ਕਿਸੇ ਪ੍ਰਕਾਰ ਦੀ ਸਮੱਸਿਆ ਨੂੰ ਹੱਲ ਕਰਨ ਲਈ ਬਲਾਕ ਰਾਜਪੁਰਾ ਦੇ ਕਿਸਾਨ ਜਪਿੰਦਰ ਸਿੰਘ, ਬਲਾਕ ਖੇਤੀਬਾੜੀ ਅਫ਼ਸਰ, ਰਾਜਪੁਰਾ(79735-74542), ਬਲਾਕ ਘਨੌਰ ਦੇ ਕਿਸਾਨ ਰਣਜੋਧ ਸਿੰਘ, ਬਲਾਕ ਖੇਤੀਬਾੜੀ ਅਫ਼ਸਰ ਘਨੌਰ (99883-12299), ਬਲਾਕ ਪਟਿਆਲਾ ਦੇ ਕਿਸਾਨ ਗੁਰਮੀਤ ਸਿੰਘ, ਬਲਾਕ ਖੇਤੀਬਾੜੀ ਅਫ਼ਸਰ ਪਟਿਆਲਾ (97791-60950), ਬਲਾਕ ਭੁਨਰਹੇੜੀ ਦੇ ਕਿਸਾਨ ਅਵਨਿੰਦਰ ਸਿੰਘ ਮਾਨ, ਬਲਾਕ ਖੇਤੀਬਾੜੀ ਅਫ਼ਸਰ, ਭੁਨਰਹੇੜੀ (80547-04471), ਬਲਾਕ ਨਾਭਾ ਦੇ ਕਿਸਾਨ ਜੁਪਿੰਦਰ ਸਿੰਘ ਗਿੱਲ, ਬਲਾਕ ਖੇਤੀਬਾੜੀ ਅਫ਼ਸਰ ਨਾਭਾ (97805-60004) ਅਤੇ ਬਲਾਕ ਸਮਾਣਾ ਦੇ ਕਿਸਾਨ ਸਤੀਸ਼ ਕੁਮਾਰ ਬਲਾਕ ਖੇਤੀਬਾੜੀ ਅਫ਼ਸਰ ਸਮਾਣਾ (97589-00047) ਨਾਲ ਸੰਪਰਕ ਕਰ ਸਕਦੇ ਹਨ।

# ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ ਨੇ ਸੰਭਾਲਿਆ ਚਾਰਜ



ਪਟਿਆਲਾ, 17 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੀ ਕੁਲਦੀਪ ਸਿੰਘ ਚਾਹਲ, ਆਈ.ਪੀ.ਐਸ. ਵਲੋ ਅੱਜ ਡਿਪਟੀ ਇੰਸਪੈਕਟਰ ਜਨਰਲ ਪੁਲਿਸ (ਡੀ.ਆਈ.ਜੀ.), ਪਟਿਆਲਾ ਰੇਂਜ, ਪਟਿਆਲਾ ਵਜੋਂ ਚਾਰਜ ਸੰਭਾਲਿਆ ਗਿਆ। ਇਸ ਮੌਕੇ ਪਰ ਉਹਨਾਂ ਨੂੰ ਗਾਰਡ ਆਫ ਆਨਰ ਦਿੱਤਾ ਗਿਆ। ਸੀਨੀਅਰ ਅਧਿਕਾਰੀਆਂ ਅਤੇ ਸਟਾਫ ਮੈਂਬਰਾਂ ਵੱਲੋਂ ਉਹਨਾ ਦਾ ਨਿੱਘਾ ਸਵਾਗਤ ਕੀਤਾ ਗਿਆ। ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਵਲੋਂ ਉਹਨਾਂ ਨੂੰ ਬੁੱਕਾ ਦੇ ਕੇ ਜੀ ਆਇਆ ਕਿਹਾ ਗਿਆ।

# ਗੁਜਰਾਤ ਅਤੇ ਅਸਾਮ ਤੋਂ ਲਗਭਗ 25 ਸ਼ਿਵ ਭਗਤ ਵਿਸ਼ਾਲ ਮੂਰਤੀ ਦੇ ਦਰਸ਼ਨ ਕਰਨ ਲਈ ਪਟਿਆਲਾ ਪੁੱਜੇ

ਪਟਿਆਲਾ, 17 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਭੋਲੇ ਬਾਬਾ ਜੀ ਦੀ ਕ੍ਰਿਪਾ ਸਦਕਾ ਅਤੇ ਹਸੀਜਾ ਪਰਿਵਾਰ ਦੇ ਸੱਦੇ ਤੇ ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਵਿਖੇ ਸਰਪ੍ਰਸਤ ਸਤਨਾਮ ਹਸੀਜਾ ਜੀ ਦੇ ਵਪਾਰੀ ਮਿੱਤਰ ਹਸੀਜਾ ਪਰਿਵਾਰ ਵਲੋਂ ਵਿਸ਼ਾਲ ਮੂਰਤੀ ਬਣਾਉਣ ਦੇ ਦਰਸ਼ਨ ਕਰਨ ਵਾਸਤੇ ਗੁਜਰਾਤ ਅਤੇ ਅਸਾਮ ਤੋਂ ਲਗਭਗ 25 ਸ਼ਿਵ ਭਗਤ ਦਰਸ਼ਨ ਕਰਨ ਵਾਸਤੇ ਪੁੱਜੇ ਅਤੇ ਦਰਸ਼ਨ ਕਰਕੇ ਮੂਰਤੀ ਦੀ ਸ਼ਲਾਘਾ ਕੀਤੀ ਅਤੇ ਮੰਦਿਰ ਅੰਦਰ ਮੱਥਾ ਟੇਕ ਕੇ ਸੁਧਾਰ ਸਭਾ ਦੇ ਸਾਰੇ ਮੈਂਬਰਾਂ ਨਾਲ ਪੀਲੇ ਮਿੱਠੇ ਚਾਵਲਾਂ ਦਾ ਭੋਗ ਲਗਾਇਆ ਅਤੇ ਮੰਦਿਰ ਦੇ ਅੰਦਰ ਸੁਧਾਰ ਸਭਾ ਵਲੋਂ ਜਿਹੜੀ ਚਿੱਤਰਕਾਰੀ ਕੀਤੀ ਗਈ ਹੈ ਉਸ ਦੀ ਪ੍ਰਸੰਸਾ ਕੀਤੀ। ਮਿੱਠੇ ਚਾਵਲਾਂ ਦਾ ਪ੍ਰਸ਼ਾਦ ਲਗਾਉਣ ਮਗਰੋਂ ਸੁਧਾਰ ਸਭਾ ਵਲੋਂ ਸਾਰੇ ਭਗਤਾਂ ਅਤੇ ਸੁਧਾਰ ਸਭਾ ਮੈਂਬਰਾਂ ਨੂੰ ਅਤੁੱਟ ਲੰਗਰ ਵਰਤਾਇਆ। ਸੁਧਾਰ ਸਭਾ ਦੇ ਸਾਰੇ ਮੈਂਬਰਾਂ ਨੇ ਭਗਤਾਂ ਦਾ ਸਿਰੋਪੇ ਪਾ ਕੇ ਸੁਆਗਤ ਕੀਤਾ। ਮੰਦਿਰ ਦੇ



ਆਲੇ ਦੁਆਲੇ ਹਰਿਆਲੀ ਬੂਟੇ ਦੇਖ ਕੇ ਮੰਦਿਰ ਦੇ ਸਾਹਮਣੇ 101 ਬੂਟੇ ਆਪਣੇ ਕਰ ਕਮਲਾ ਨਾਲ ਲਗਾਏ ਅਤੇ ਸੋਮਵਾਰ ਸਵੇਰੇ ਸ੍ਰੀ ਰਮੇਸ਼ ਅਹੂਜਾ ਹੋਲਸੇਲ ਕਰਿਆਨਾ ਵਪਾਰੀ ਗੁੜ ਮੰਡੀ ਨੇ ਸੁਧਾਰ ਸਭਾ ਦੇ ਸਾਰੇ ਮੈਂਬਰਾਂ ਨਾਲ ਸਾਵਣ ਦੇ ਪਹਿਲੇ ਸੋਮਵਾਰ ਨੂੰ ਖੀਰ ਦਾ ਪ੍ਰਸ਼ਾਦ ਲਗਾ ਕੇ ਅਤੁੱਟ ਲੰਗਰ ਵੰਡਿਆ ਅਤੇ ਰਮੇਸ਼ ਅਹੂਜਾ ਵਲੋਂ ਬੂਟਿਆਂ ਦੇ ਦੇਖ ਰੇਖ ਨੂੰ ਦੇਖਦਿਆ ਬਹੁਤ ਪ੍ਰਸੰਨ ਹੋਏ ਅਤੇ ਕਾਵੜ ਸ਼ੀਵਰ ਦਾ ਵਧੀਆ ਪ੍ਰਬੰਧ ਦੇਖ ਕੇ ਸਾਰੇ ਭਗਤਾਂ ਵੱਲੋਂ ਸ਼ਲਾਘਾ ਕੀਤੀ ਗਈ। ਸ਼ਿਵ ਭਗਤ ਸ੍ਰੀ ਧਰਮੇਸ਼ ਜੀ ਜੋ ਗਾਂਧੀ ਧਾਮ ਗੁਜਰਾਤ ਤੋਂ ਆਏ ਸੀ ਸ਼ਿਵ ਸ਼ਿਪਿੰਗ ਦੇ ਮਾਲਕ ਹਨ ਵੱਲੋਂ ਵਿਸ਼ਵਾਸ਼ ਦਿਵਾਇਆ ਕਿ ਸਰਕਾਰ ਵੱਲੋਂ ਧਰਮਸ਼ਾਲਾ ਲਈ ਜਮੀਨ ਜਲਦੀ ਤੋਂ ਜਲਦੀ ਮਿਲੇ ਮੈਂ ਆਪਣੀ ਕੰਪਨੀ ਵਲੋਂ ਵਿਸ਼ੇਸ਼ ਯੋਗਦਾਨ ਪਾਵਾਗਾ।

# 1020 ਨਸ਼ੀਲੀਆਂ ਗੋਲੀਆਂ ਸਮੇਤ ਔਰਤ ਕਾਬੂ, ਪੁਲਿਸ ਵੱਲੋ ਲਿਆ ਰਿਮਾਂਡ

ਸਮਾਣਾ, 17 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸੀ.ਆਈ.ਏ. ਸਟਾਫ਼ ਸਮਾਣਾ ਨੇ ਇੱਕ ਔਰਤ ਨੂੰ 1020 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਕੇ ਉਸਦੇ ਖ਼ਿਲਾਫ਼ ਸਿਟੀ ਪੁਲਿਸ ਥਾਣਾ ਵਿੱਚ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਔਰਤ ਦੀ ਪਛਾਣ ਬਬਲੀ ਪਤਨੀ ਸ਼ਿੰਗਾਰਾ ਸਿੰਘ ਵਾਸੀ ਪਿੰਡ ਮੁਰਾਦਪੁਰਾ ਵਜੋਂ ਹੋਈ ਹੈ। ਸੀ.ਆਈ.ਏ. ਸਟਾਫ਼ ਇੰਚਾਰਜ ਇੰਸਪੈਕਟਰ ਅੰਕੁਰਦੀਪ ਸਿੰਘ ਨੇ ਦੱਸਿਆ ਕਿ ਸਬ-ਇੰਸਪੈਕਟਰ ਅਵਤਾਰ ਸਿੰਘ ਨੇ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਸਰਕਾਰੀ ਨਰਸਰੀ ਕਲੋਨੀ ਸਮਾਣਾ ਨੇੜੇ ਮੌਜੂਦਗੀ ਦੌਰਾਨ ਆ ਰਹੀ ਉਕਤ ਔਰਤ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ। ਤਲਾਸ਼ੀ ਲੈਣ 'ਤੇ ਉਸ ਕੋਲੋਂ 1020 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ, ਜਿਸ ਤੋਂ ਬਾਅਦ ਉਸਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

ਅਧਿਕਾਰੀ ਅਨੁਸਾਰ ਪੁਲਿਸ ਨੇ ਮੁਲਜ਼ਮ ਔਰਤ ਨੂੰ ਪੁੱਛਗਿੱਛ ਲਈ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਇੱਕ ਦਿਨ ਦਾ ਪੁਲਿਸ ਰਿਮਾਂਡ ਪ੍ਰਾਪਤ ਕਰ ਲਿਆ ਹੈ।

# ਟਾਟਾ ਏ.ਆਈ.ਜੀ. 'ਚ ਸੇਲਜ਼ ਮੈਨੇਜਰ ਦੀ ਅਸਾਮੀ ਲਈ ਪਲੇਸਮੈਂਟ ਕੈਂਪ ਅੱਜ

ਪਟਿਆਲਾ, 17 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਅੱਜਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਮੇਜਰ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਦੱਸਿਆ ਕਿ ਟਾਟਾ ਏ.ਆਈ.ਜੀ. ਵੱਲੋਂ ਚੈਨਲ ਸੇਲਜ਼ ਮੈਨੇਜਰ ਦੀ ਅਸਾਮੀ ਲਈ ਉਮੀਦਵਾਰਾਂ ਦੀ ਮੰਗ ਕੀਤੀ ਗਈ ਹੈ। ਜਿਸ ਲਈ ਵਿੱਦਿਅਕ ਯੋਗਤਾ ਗ੍ਰੈਜੂਏਸ਼ਨ ਅਤੇ 25 ਤੋਂ 35 ਸਾਲ ਉਮਰ ਵਾਲੇ ਪੁਰਸ਼ ਅਤੇ ਮਹਿਲਾ ਦੋਵੇਂ ਉਮੀਦਵਾਰ ਯੋਗ ਹਨ।

ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਅਸਲ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਫੋਟੋਕਾਪੀਆਂ ਅਤੇ ਰਜ਼ਿਊਮੇ ਨਾਲ ਲੈ ਕੇ ਸਵੇਰੇ 10:00 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ, ਬਲਾਕ ਡੀ, ਮਿੰਨੀ ਸਕੱਤਰੇਤ, ਨੇੜੇ ਸੇਵਾ ਕੇਂਦਰ ਪਟਿਆਲਾ ਵਿਖੇ ਪਹੁੰਚ ਕੇ ਇਸ ਕੈਂਪ ਵਿਚ ਹਿੱਸਾ ਲੈ ਸਕਦੇ ਹਨ। ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਸੰਪਰਕ ਨੰਬਰ 98776-10877 ਤੇ ਸੰਪਰਕ ਕਰ ਸਕਦੇ ਹਨ।

# ਸਮਾਣਾ ਦੇ ਸਕੂਲਾਂ ਨੂੰ ਸੇਫ਼ ਸਕੂਲ ਵਾਹਨ ਨੀਤੀ ਤਹਿਤ ਨੋਟਿਸ ਜਾਰੀ, 10 ਦਿਨਾਂ 'ਚ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਦੇ ਨਿਰਦੇਸ਼



ਸਮਾਣਾ/ਪਟਿਆਲਾ, 17 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਰੀਜਨਲ ਟਰਾਂਸਪੋਰਟ ਅਫ਼ਸਰ ਬਬਨਦੀਪ ਸਿੰਘ ਵਾਲੀਆ ਨੇ ਦੱਸਿਆ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੇਫ਼ ਸਕੂਲ ਵਾਹਨ ਨੀਤੀ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਸਮਾਣਾ ਦੇ ਸਕੂਲਾਂ ਨੂੰ ਨੋਟਿਸ ਜਾਰੀ ਕਰਕੇ 10 ਦਿਨਾਂ ਦੇ ਅੰਦਰ-ਅੰਦਰ ਨਿਯਮਾਂ ਦਾ ਪਾਲਣ ਕਰਨ ਦੀ ਹਦਾਇਤ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਨਿਰਦੇਸ਼ਾਂ ਮੁਤਾਬਕ ਸਮਾਣਾ ਦੇ ਐਸ.ਡੀ.ਐਮ ਰਿਚਾ ਗੋਇਲ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਰੂਪਵੰਤ ਕੌਰ ਤੇ ਟਰਾਂਸਪੋਰਟ ਵਿਭਾਗ ਅਤੇ ਟ੍ਰੈਫਿਕ ਪੁਲਿਸ ਦੀ ਟੀਮ ਵੱਲੋਂ ਸਮਾਣਾ ਸਬ ਡਵੀਜਨ ਅੰਦਰ ਪੈਂਦੇ 8 ਪ੍ਰਾਈਵੇਟ ਸਕੂਲਾਂ ਦੇ ਵਾਹਨਾਂ ਦੀ ਚੈਕਿੰਗ ਕੀਤੀ ਗਈ।

ਇਸ ਦੌਰਾਨ ਸੇਫ ਸਕੂਲ ਵਾਹਨ ਨੀਤੀ ਤਹਿਤ ਸਾਹਮਣੇ ਆਈਆਂ ਖਾਮੀਆਂ ਕਰਕੇ 82 ਤੇ 66 ਚਲਾਨ ਕੱਟੇ ਗਏ ਤੇ 4 ਵਾਹਨ ਬਾਊਂਡ ਕੀਤੇ ਗਏ ਹਨ ਜਦਕਿ 1 ਲੱਖ 75 ਹਜ਼ਾਰ ਰੁਪਏ ਦੇ ਜੁਰਮਾਨੇ ਵੀ ਕੀਤੇ ਗਏ ਹਨ।

ਐਸ.ਡੀ.ਐਮ. ਰਿਚਾ ਗੋਇਲ ਨੇ ਦੱਸਿਆ ਕਿ ਮਿਤੀ 7, 9 ਅਤੇ 11 ਜੁਲਾਈ ਨੂੰ ਕ੍ਰਮਵਾਰ 2, 4 ਅਤੇ 2 ਸਕੂਲਾਂ ਦੀ ਚੈਕਿੰਗ ਕੀਤੀ ਗਈ। ਇਸ ਤੋਂ ਬਿਨ੍ਹਾਂ ਇਨ੍ਹਾਂ ਸਕੂਲਾਂ ਵਿੱਚ ਪੋਕਸੋ ਐਕਟ ਅਤੇ ਸਕੂਲ ਬੈਗ ਬਾਰੇ ਨੀਤੀ ਤਹਿਤ ਚੈਕਿੰਗ ਕੀਤੀ ਗਈ ਅਤੇ ਲੈਕਚਰ ਵੀ ਕਰਵਾਏ ਗਏ ਹਨ।

ਉਨ੍ਹਾਂ ਕਿਹਾ ਕਿ ਸਕੂਲਾਂ ਨੂੰ ਵਾਰ-ਵਾਰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾ ਰਹੇ ਹਨ ਕਿ ਸਕੂਲੀ ਬੱਚਿਆਂ ਦੀ ਸੁਰੱਖਿਅਤ ਆਵਾਜਾਈ ਯਕੀਨੀ ਬਣਾਉਣ ਲਈ ਕੋਈ ਕੁਤਾਹੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਗਿਆ ਕਿ ਜੇਕਰ ਸਕੂਲਾਂ ਦੇ ਵਾਹਨਜ ਜਾਂ ਪ੍ਰਾਈਵੇਟ ਵਾਹਨ ਹਰ ਪਖੋਂ ਸਹੀ ਹੋਣਗੇ ਤਾਂ ਹੀ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਂਈ ਜਾ ਸਕਦੀ ਹੈ। ਬੱਚਿਆਂ ਦੀ ਸੁਰੱਖਿਆ ਪ੍ਰਸ਼ਾਸਨ, ਸਕੂਲਾਂ, ਮਾਪਿਆਂ ਆਦਿ ਸਭ ਦੀ ਸਮੂਹਿਕ ਜਿੰਮੇਵਾਰੀ ਹੈ।

# ਭਾਜਪਾ ਦੇ ਬੁੱਧੀਜੀਵੀ ਸੈੱਲ ਦੇ ਨਵ ਨਿਯੁਕਤ ਕਨਵੀਨਰ ਅਮਰਜੀਤ ਸਿੰਘ ਉਕਸੀ ਦਾ ਘੱਗਾ ਮੰਡਲ ਵੱਲੋਂ ਸਵਾਗਤ



ਘੱਗਾ, 17 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਭਾਜਪਾ ਦੇ ਬੁੱਧੀਜੀਵੀ ਸੈੱਲ ਦੇ ਨਵ ਨਿਯੁਕਤ ਕਨਵੀਨਰ ਅਮਰਜੀਤ ਸਿੰਘ ਉਕਸੀ ਦਾ ਘੱਗਾ ਮੰਡਲ ਵਲੋਂ ਵੱਡਾ ਇਕੱਠ ਕਰਕੇ ਭਰਵਾਂ ਸਵਾਗਤ ਕੀਤਾ ਗਿਆ ।ਇਸ ਮੌਕੇ ਹਲਕਾ ਸ਼ੁਤਰਾਣਾ ਦੇ ਵੱਖ ਵੱਖ ਪਿੰਡਾਂ ਤੋਂ ਪਹੁੰਚੇ ਭਾਜਪਾ ਵਰਕਰਾਂ ਨੇ ਇਸ ਨਿਯੁਕਤੀ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਭਾਜਪਾ ਹਾਈਕਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ । ਇਸ ਮੌਕੇ ਅਮਰਜੀਤ ਸਿੰਘ ਉਕਸੀ ਨੇ ਪ੍ਰੈੱਸ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪਾਰਟੀ ਹਾਈਕਮਾਨ ਨੇ ਅਤੇ ਮਹਾਰਾਣੀ ਪ੍ਰਨੀਤ ਕੌਰ ਜੀ ਵਲੋਂ ਪਾਰਟੀ ਦੀ ਮਜਬੂਤੀ ਲਈ ਮੇਰੀ ਡਿਊਟੀ ਲਗਾਈ ਗਈ ਹੈ ਜਿਸ ਨੂੰ ਮੈਂ ਪੂਰੀ ਤਨਦੇਹੀ ਨਾਲ ਨਿਭਾਵਾਂਗਾ ਅਤੇ ਹਲਕੇ ਦੇ ਹਰੇਕ ਭਾਜਪਾ ਵਰਕਰ ਨੂੰ ਨਾਲ ਲੈ ਕੇ ਚੱਲਾਂਗਾ। ਉਨ੍ਹਾਂ ਕਿਹਾ ਕਿ ਉਹ ਹਲਕੇ ਵਿੱਚ ਬੁੱਧੀਜੀਵੀ ਸੈੱਲ ਦੀਆਂ ਨਿਯੁਕਤੀਆਂ ਕਰਨਗੇ ਅਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣਗੇ । ਇਸ ਸਮੇਂ ਬੁੱਧੀਜੀਵੀ ਸੈੱਲ ਦੀ ਹਲਕਾ ਸ਼ੁਤਰਾਣਾ ਵਿੱਚ ਪਹਿਲੀ ਨਿਯੁਕਤੀ ਕਰਦਿਆਂ ਰਮੇਸ਼ ਕੁਮਾਰ ਬੱਤਰਾ ਸਾਬਕਾ ਐਮ ਸੀ ਨੂੰ ਘੱਗਾ ਮੰਡਲ ਦਾ ਕਨਵੀਨਰ ਨਿਯੁਕਤ ਕੀਤਾ ਗਿਆ ।

# ਟੋਨੀ ਸਿੰਗਲਾ ਬਣੇ ਸ਼੍ਰੀ ਨੈਣਾਂ ਦੇਵੀ ਝੰਡਾ ਕਮੇਟੀ ਬਰਨਾਲਾ ਦੇ ਪ੍ਰਧਾਨ

ਬਰਨਾਲਾ, 17 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੀ ਨੈਣਾਂ ਦੇਵੀ ਝੰਡਾ ਕਮੇਟੀ ਬਰਨਾਲਾ ਦੀ ਇੱਕ ਜਰਨਲ ਮੀਟਿੰਗ ਨਰੇਸ਼ ਕੁਮਾਰ ਟੀਟੂ ਦੀ ਪ ?ਧਾਨਗੀ ਵਿੱਚ ਹੋਈ ਇਸ ਮੀਟਿੰਗ ਵਿੱਚ ਸਰਬ ਸੰਮਤੀ ਨਾਲ ਟੋਨੀ ਸਿੰਗਲਾ ਨੂੰ ਪ੍ਰਧਾਨ, ਜਿੰਮੀ ਜਿੰਦਲ ਨੂੰ ਸੀਨੀਅਰ ਵਾਈਸ ਪ੍ਰਧਾਨ, ਅਰੂਣ ਕੁਮਾਰ ਧਨੋਲਾ ਵਾਈਸ ਪ੍ਰਧਾਨ, ਮੰਗਤ ਰਾਏ ਗਰਗ ਜਰਨਲ ਸਕੱਤਰ, ਬਲਰਾਜ ਕਾਲੇਕੇ ਖਜਾਂਨਚੀ,ਪਰਸ਼ੋਤਮ ਦਾਸ ਗਰਗ ਸਟੋਰ ਕੀਪਰ,ਯਸ਼ ਪਾਲ ਗਡੂਆ ਵਾਲਾ ਪ੍ਰਚਾਰ ਸਕੱਤਰ, ਨਰੇਸ਼ ਕੁਮਾਰ ਟੀਟੂ ਚੇਅਰਮੈਨ, ਅਤੇ ਹਰਬੰਸ ਧਨੋਲਾ ਨੂੰ ਸਰਪ੍ਰਸਤ ਬਣਾਇਆ ਗਿਆ ਅਤੇ ਬਾਵਾ ਰਾਮ,ਸੁਰਿੰਦਰ ਗੋਇਲ ਮੰਹਤ,ਜੀਵਨ ਗਰਗ,ਰਾਜ ਕੁਮਾਰ ਰਾਜੂ,ਦਰਸ਼ਨ ਸਹੋਰੀਆ,ਬਿੱਕਰ ਵਿੱਕੀ,ਸੱਜੇ ਦਾਨਗੜੀਆ,ਲਛਮਣ ਦਾਸ,ਪ੍ਰੇਮ ਕੁਮਾਰ ਘੁੱਦਾ,ਵਿਨੋਦ ਸਿੰਗਲਾ ਨੂੰ ਅਗਜੈਕਟਿਵ ਮੈਂਬਰ ਲਿਆ ਗਿਆ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਇਸ ਵਾਰ 42ਵਾਂ ਸਲਾਨਾ ਝੰਡਾ ਪੂਰੀ ਸਾਨੋ ਸੋਕਤ ਨਾਲ ਸ੍ਰੀ ਨੈਣਾ ਦੇਵੀ ਮਾਤਾ ਦੇ ਦਰਬਾਰ ਵਿਖੇ ਚੜਾਇਆਂ ਜਾਵੇਗਾ ਇਸ ਵਾਰ ਝੰਡੇ ਦੀ ਸਾਰੀ ਸੇਵਾ ਕਮੇਟੀ ਦੇ ਪ੍ਰਧਾਨ ਟੋਨੀ ਸਿੰਗਲਾ ਵਲੋ ਕੀਤੀ ਜਾਵੇਗੀ ਇਸ ਵਾਰ ਝੰਡੇ ਨੂੰ ਸ੍ਰੀ ਵਿਨੋਦ ਸਿੰਗਲਾ ਹਰੀ ਝੰਡੀ ਦੇ ਕੇ ਰਵਾਨਾ ਕਰਨਗੇ।

# ਤੁਰਨ ਫਿਰਨ ਤੋਂ ਅਸਮੱਰਥ ਲੋੜਵੰਦ ਮਰੀਜ਼ਾਂ ਲਈ ਟਰਾਈਸਾਈਕਲ ਅਤੇ ਵੀਲਚੇਅਰ ਦੇਣ ਦਾ ਉਪਰਾਲਾ ਸ਼ਲਾਘਾਯੋਗ: ਐਸ ਆਈ ਪ੍ਰਦੀਪ ਕੁਮਾਰ

ਪਟਿਆਲਾ, 17 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵਲੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਚਾਰ ਲੋੜਵੰਦ ਮਰੀਜ਼ਾਂ ਲਈ ਟਰਾਈਸਾਈਕਲ ਅਤੇ ਵੀਲਚੇਅਰ ਦੇਣ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।,ਜਿਸ ਵਿਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ , ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਨੇ ਸ਼ਿਰਕਤ ਕੀਤੀ।



ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ, ਵਿਸ਼ੇਸ਼ ਤੌਰ ਤੇ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਐਸ ਆਈ ਜਸਪਾਲ ਸਿੰਘ ਰਾਸ਼ਟਰਪਤੀ ਪੁਲਿਸ ਮੈਡਲ ਵਿਜੇਤਾ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1, ਐਸ ਆਈ ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 2,ਸਟੇਟ ਐਵਾਰਡੀ ਰੁਪਿੰਦਰ ਕੌਰ , ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ ਨੇ ਸ਼ਿਰਕਤ ਕੀਤੀ, ਇਸ ਮੌਕੇ ਐਸ ਆਈ ਜਸਪਾਲ ਸਿੰਘ, ਐਸ ਆਈ ਪ੍ਰਦੀਪ ਕੁਮਾਰ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ ਵਲੋਂ ਚਾਰ ਲੋੜਵੰਦ ਮਰੀਜ਼ਾਂ ਲਈ ਟਰਾਈਸਾਈਕਲ ਅਤੇ ਵੀਲਚੇਅਰ ਦੇਣਾ ਸ਼ਲਾਘਾਯੋਗ ਉਪਰਾਲਾ ਹੈ , ਉਹਨਾਂ ਕਿਹਾ ਕਿ ਤੁਰਨ ਫਿਰਨ ਤੋਂ ਅਸਮੱਰਥ ਮਰੀਜ਼ਾਂ ਦੀ ਸਹਾਇਤਾ ਲਈ ਇਹ ਉਪਰਾਲੇ ਸ਼ਲਾਘਾਯੋਗ ਹਨ ਅਤੇ ਉਹਨਾਂ ਕਿਹਾ ਕਿ ਮਾਨਵਤਾ ਦੀ ਸੇਵਾ ਹੀ ਸੱਚੀ ਸੇਵਾ ਹੈ, ਉਹਨਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਲੋੜਵੰਦ ਮਰੀਜ਼ਾਂ ਦੀ ਸਹਾਇਤਾ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।ਇਸ ਮੌਕੇ ਐਸ ਆਈ ਜਸਪਾਲ ਸਿੰਘ ਰਾਸ਼ਟਰਪਤੀ ਪੁਲਿਸ ਮੈਡਲ ਵਿਜੇਤਾ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ ਅਤੇ ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1 ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ ਵਲੋ ਪਿੰਡਾਂ ਵਿਚ ਜਾ ਕੇ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ ਹਨ।

ਉਹਨਾਂ ਕਿਹਾ ਕਿ ਉਹੋ ਸਮਾਜ ਸੇਵੀ ਕੰਮਾਂ ਲਈ ਦਿਨ ਰਾਤ ਹਾਜ਼ਰ ਹਨ। ਇਹ ਟਰਾਈਸਾਈਕਲ ਅਤੇ ਵੀਲਚੇਅਰ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵਲੋਂ ਦਿੱਤੇ ਗਏ।

ਇਸ ਤੋਂ ਪਹਿਲਾਂ ਵੀ ਜਤਵਿੰਦਰ ਗਰੇਵਾਲ ਵਲੋਂ 310 ਤੋਂ ਉਪਰ ਲੋੜਵੰਦ ਵਿਅਕਤੀਆਂ ਨੂੰ ਟਰਾਈਸਾਈਕਲ ਅਤੇ ਵੀਲਚੇਅਰ ਦਿੱਤੇ ਜਾ ਚੁੱਕੇ ਹਨ। ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਕਿਹਾ ਕਿ ਉਹਨਾਂ ਵਲੋਂ ਮਾਨਵਤਾ ਦੇ ਭਲੇ ਲਈ ਅੱਗੇ ਤੋਂ ਵੀ ਤੁਰਨ ਫਿਰਨ ਤੋਂ ਅਸਮੱਰਥ ਮਰੀਜ਼ਾਂ ਟਰਾਈਸਾਈਕਲ ਅਤੇ ਵੀਲਚੇਅਰ ਦਿੱਤੇ ਜਾਂਦੇ ਰਹਿਣਗੇ।

# ਮੌਜੂਦਾ ਰਾਜਨੀਤਿਕ ਹਾਲਤਾਂ ਵਿੱਚ ਭਵਿੱਖ ਦੀ ਰਾਜਨੀਤਿਕ ਦਿਸ਼ਾ ਕੀ ਹੋਵੇ ? ਵਿਸ਼ੇ ਨੂੰ ਲੈ ਕੇ 19 ਜੁਲਾਈ ਨੂੰ ਹੋਵੇਗੀ ਵਿਚਾਰ ਚਰਚਾ



ਪਟਿਆਲਾ, 17 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਇੰਟਰਨੈਸ਼ਨਲਿਸਟ ਡੈਮੋਕਰੇਟਿਕ ਪਲੇਟਫਾਰਮ , (ਆਈਡੀਪੀ )ਦੀ ਜਿਲਾ ਕਮੇਟੀ ਦੀ ਇਕੱਤਰਤਾ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਵਿਖੇ ਜਿਲਾ ਪ੍ਰਧਾਨ ਮਨਪ੍ਰੀਤ ਕੌਰ ਰਾਜਪੁਰਾ ਦੀ ਅਗਵਾਈ ਹੇਠ ਕੀਤੀ ਗਈ । ਜਿਸ ਵਿੱਚ ਆਈਡੀਪੀ ਦੇ ਸੀਨੀਅਰ ਆਗੂ ਦਰਸ਼ਨ ਸਿੰਘ ਧਨੇਠਾ , ਗੁਰਮੀਤ ਸਿੰਘ ਥੂਹੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ । ਇਸ ਮੌਕੇ ਵੱਖ ਵੱਖ ਏਜੰਡਿਆਂ ਨੂੰ ਲੈ ਕੇ ਗੱਲਬਾਤ ਕੀਤੀ ਗਈ। ਇਸ ਮੌਕੇ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਅਤੇ ਸਮੁੱਚੇ ਦੇਸ਼ ਦੀ ਰਾਜਨੀਤੀ ਦਿਸਾਹੀਣ ਹੈ। ਲੋਕਾਂ ਦੀਆਂ ਸਮੱਸਿਆਵਾਂ ਦਾ ਕੋਈ ਹੱਲ ਨਜ਼ਰ ਨਹੀਂ ਆ ਰਿਹਾ। ਸਰਕਾਰਾਂ ਡੰਗ ਟਪਾਉ ਤਰੀਕੇ ਦੀ ਰਾਜਨੀਤੀ ਕਰਨ ਲੱਗੀਆਂ ਹੋਈਆਂ ਹਨ। ਰੁਜ਼ਗਾਰ, ਨਸ਼ੇ ,ਵਾਤਾਵਰਨ ਦਾ ਗੰਧਲਾਪਨ, ਕਿਸਾਨਾਂ , ਮਜ਼ਦੂਰਾਂ ਦੇ ਮੁੱਦੇ ਜਿਉਂ ਦੇ ਤਿਉਂ ਖੜੇ ਹਨ । ਇਹਨਾਂ ਲਈ ਗੰਭੀਰਤਾ ਨਜ਼ਰ ਨਹੀਂ ਆ ਰਹੀ । ਇਸ ਲਈ ਲੋਕਾਂ ਨੂੰ ਅਜਿਹੇ ਮੁੱਦਿਆਂ ਤੇ ਇੱਕਜੁੱਟ ਹੋਣ ਦੀ ਲੋੜ ਹੈ। ਇਸ ਮੌਕੇ ਆਈਡੀਪੀ ਵੱਲੋਂ ਹੋਣ ਵਾਲੀਆਂ ਸਰਗਰਮੀਆਂ ਤੇ ਚਰਚਾ ਕੀਤੀ ਗਈ ਤੇ ਇਹ ਵੀ ਫੈਸਲਾ ਕੀਤਾ ਗਿਆ ਕਿ ÷ ਮੌਜੂਦਾ ਰਾਜਨੀਤਿਕ ਹਾਲਤਾਂ ਵਿੱਚ ਭਵਿੱਖ ਦੀ ਰਾਜਨੀਤੀ ਦਿਸ਼ਾ ਕੀ ਹੋਵੇ ? ÷ ਵਿਸ਼ੇ ਨੂੰ ਲੈ ਕੇ ਵਿਚਾਰ ਚਰਚਾ 19 ਜੁਲਾਈ ਨੂੰ ਸਵੇਰੇ 10 ਵਜੇ ਤੋਂ ਤਰਕਸ਼ੀਲ ਭਵਨ ਪਟਿਆਲਾ ਵਿਖੇ ਕਰਵਾਈ ਜਾਵੇਗੀ। ਜਿਸ ਤੇ ਮੁੱਖ ਬੁਲਾਰੇ ਸੀਨੀਅਰ ਪੱਤਰਕਾਰ ਅਤੇ ਉੱਘੇ ਚਿੰਤਕ ਹਮੀਰ ਸਿੰਘ ਹੋਣਗੇ। ਵਿਚਾਰ ਚਰਚਾ ਦੇ ਸਾਰੇ ਪ੍ਰਬੰਧਾਂ ਬਾਰੇ ਵੀ ਚਰਚਾ ਕੀਤੀ ਗਈ। ਇਸ ਮੌਕੇ ਆਗੂਆਂ ਨੇ ਚਿੰਤਕ ਸਾਰੇ ਲੋਕਾਂ , ਪਾਰਟੀਆਂ , ਯੂਨੀਅਨਾਂ ਨੂੰ ਅਪੀਲ ਕੀਤੀ ਕਿ ਇਹ ਚਰਚਾ ਵਿੱਚ ਜਰੂਰੀ ਤੌਰ ਤੇ ਸਮੂਲੀਅਤ ਕਰਨ ਤਾਂ ਜੋ ਸਿਰ ਜੋੜ ਕੇ ਭਵਿੱਖ ਦੀ ਰਾਜਨੀਤੀ ਨੂੰ ਸਹੀ ਦਿਸਾ ਵੱਲ ਤੋਰਿਆ ਜਾ ਸਕੇ। ਇਸ ਮੌਕੇ ਗੁਰਤੇਜ ਸਿੰਘ ਸਮਾਣਾ , ਰਾਜ ਕੁਮਾਰ ਕਨਸੂਹਾ,ਕੁਲਵਿੰਦਰ ਕੌਰ ਰਾਮਗੜ੍ਹ, ਸੁਨੀਤਾ ਰਾਣੀ ਕੈਦੂਪੁਰ, ਜੰਗੀਰ ਸਿੰਘ ਪਟਿਆਲਾ, ਕਸ਼ਮੀਰਾ ਸਿੰਘ ਥੂਹੀ ਆਦਿ ਨੇ ਸ਼ਮੂਲੀਅਤ ਕੀਤੀ।

# ਪੰਜਾਬ ਵਿਧਾਨ ਸਭਾ ਵੱਲੋਂ ਪੰਜਾਬ ਸਟੇਟ ਡਿਵੈਲਪਮੈਂਟ ਟੈਕਸ (ਸੋਧ) ਬਿੱਲ, 2025 ਅਤੇ ਪੰਜਾਬ ਨਮਿੱਤਣ ਐਕਟਸ (ਰਪੀਲ) ਬਿੱਲ, 2025 ਸਰਬਸੰਮਤੀ ਨਾਲ ਪਾਸ

**ਚੰਡੀਗੜ੍ਹ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਨੇ ਅੱਜ ਸੂਬੇ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਵੱਲੋਂ ਪੇਸ਼ ਕੀਤੇ ਗਏ ਪੰਜਾਬ ਸਟੇਟ ਡਿਵੈਲਪਮੈਂਟ ਟੈਕਸ (ਸੋਧ) ਬਿੱਲ, 2025 ਅਤੇ ਪੰਜਾਬ ਨਮਿੱਤਣ ਐਕਟਸ (ਰਪੀਲ) ਬਿੱਲ, 2025 ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ।

ਪੰਜਾਬ ਰਾਜ ਵਿਕਾਸ ਟੈਕਸ (ਸੋਧ) ਬਿੱਲ, 2025 ਦਾ ਉਦੇਸ਼ ਪੰਜਾਬ ਸਟੇਟ ਡਿਵੈਲਪਮੈਂਟ ਟੈਕਸ ਐਕਟ, 2018 ਨੂੰ ਸੁਚਾਰੂ ਬਣਾਉਣਾ ਅਤੇ ਇਸਦੀ ਕੁਸ਼ਲਤਾ ਨੂੰ ਵਧਾਉਣਾ ਹੈ, ਜਿਸ ਤਹਿਤ ਹਰੇਕ ਆਮਦਨ ਕਰਦਾਤਾ ਵੱਲੋਂ 200 ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਜਾਂਦਾ ਹੈ, ਜਿਸ ਨਾਲ ਵਿੱਤੀ ਸਾਲ 2024-25 ਦੌਰਾਨ 190.36 ਕਰੋੜ ਰੁਪਏ ਦਾ ਸਾਲਾਨਾ ਮਾਲੀਆ ਪ੍ਰਾਪਤ ਹੋਇਆ।

ਵਿੱਤ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵੱਖ-ਵੱਖ ਸੰਸਥਾਵਾਂ ਅਤੇ ਸੰਗਠਨਾਂ ਦੇ ਨੁਮਾਇੰਦਿਆਂ ਨੇ ਪਿਛਲੀ ਕਾਂਗਰਸ ਸਰਕਾਰ ਦੁਆਰਾ ਪਾਸ ਕੀਤੇ ਮੌਜੂਦਾ ਐਕਟ ਵਿੱਚ ਕੁਝ ਵਿਵਹਾਰਕ ਮੁਸ਼ਕਲਾਂ ਬਾਰੇ ਉਨ੍ਹਾਂ ਨਾਲ ਸੰਪਰਕ ਕੀਤਾ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਸੋਧੇ ਹੋਏ ਬਿੱਲ ਵਿੱਚ ਟੈਕਸ ਢਾਂਚੇ ਦੇ ਵੱਖ-ਵੱਖ ਪਹਿਲੂਆਂ ਨੂੰ ਸਰਲ ਬਣਾਉਣ ਅਤੇ ਸਪੱਸ਼ਟ ਕਰਨ ਲਈ ਕਈ ਮੁੱਖ ਉਪਬੰਧ ਤਿਆਰ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਕਰਦਾਤਾਵਾਂ ਲਈ ਇੱਕ ਇੱਕਮੁਸ਼ਤ ਟੈਕਸ ਭੁਗਤਾਨ ਵਿਕਲਪ ਵਰਗੀ ਮਹੱਤਵਪੂਰਨ ਸਹੂਲਤ ਦਿੱਤੀ ਗਈ ਹੈ, ਜਿਸ ਨਾਲ ਕਿਸੇ ਵੀ



ਵਿਅਕਤੀਆਂ ਨੂੰ ਮਹੀਨਾਵਾਰ 200 ਰੁਪਏ (ਸਾਲਾਨਾ 2400 ਰੁਪਏ) ਦੇ ਬਦਲੇ ਇੱਕ ਵਾਰ 2200 ਰੁਪਏ ਜਮ੍ਹਾਂ ਕਰਨ ਦੀ ਸਹੂਲਤ ਦਿੱਤੀ ਗਈ, ਜਿਸ ਨਾਲ ਇਸ ਕਰ ਦੀ ਭੁਗਤਾਨ ਪ੍ਰਕਿਰਿਆ ਆਸਾਨ ਹੋ ਜਾਵੇਗੀ।

ਇਸ ਤੋਂ ਇਲਾਵਾ, ਇੱਕ ਵਾਰ ਦੇ ਨਿਪਟਾਰੇ ਦੀ ਵਿਧੀ ਨੂੰ ਸੁਵਿਧਾਜਨਕ ਬਣਾਉਣ ਲਈ ਪੀ.ਐਸ.ਡੀ.ਟੀ ਐਕਟ ਵਿੱਚ ਇੱਕ ਨਵੀਂ ਧਾਰਾ 11ਏ ਸ਼ਾਮਲ ਕੀਤੀ ਗਈ ਹੈ। ਖਾਸ ਹਾਲਾਤਾਂ ਤੋਂ ਪੈਦਾ ਹੋਣ ਵਾਲੀਆਂ ਜਟਿਲਤਾਵਾਂ ਨੂੰ ਹੱਲ ਕਰਨ ਲਈ, ਬਿੱਲ ਵਿੱਚ ਪੀ.ਐਸ.ਡੀ.ਟੀ ਐਕਟ ਦੇ ਅੰਦਰ ਨਵੀਆਂ ਧਾਰਾਵਾਂ 11ਬੀ, 11ਸੀ, ਅਤੇ 11ਡੀ ਨੂੰ ਸ਼ਾਮਲ ਕਰਨ ਦਾ ਪ੍ਰਸਤਾਵ ਰੱਖਦਾ ਹੈ। ਇਹ ਧਾਰਾਵਾਂ ਇੱਕ ਰਜਿਸਟਰਡ ਵਿਅਕਤੀ ਦੀ ਮੌਤ, ਕੰਪਨੀਆਂ ਦੇ ਰਲੇਵੇਂ, ਜਾਂ ਕਾਰਪੋਰੇਟ ਦੀਵਾਲੀਆਪਨ ਦੇ ਮਾਮਲਿਆਂ ਨਾਲ ਜੁੜੇ ਮਾਮਲਿਆਂ ਵਿੱਚ ਟੈਕਸ ਭੁਗਤਾਨ ਦੇਣਦਾਰੀਆਂ ਨੂੰ ਦਰਸਾਉਂਦੀਆਂ ਹਨ।

ਇਸ ਤੋਂ ਇਲਾਵਾ ਬੇਲੋੜੀਆਂ ਉਲਝਣਾਂ ਨੂੰ ਦੂਰ ਕਰਨ ਲਈ ਬਿੱਲ ਵਿੱਚ ਦੋਹਰੀ ਦੇਣਦਾਰੀ ਦੀਆਂ ਸਥਿਤੀਆਂ ਵਿੱਚ ਸਿਰਫ਼ ਇੱਕ ਹੀ ਰਜਿਸਟ੍ਰੇਸ਼ਨ ਦਾ ਪ੍ਰਬੰਧ ਕੀਤਾ ਗਿਆ ਹੈ, ਬਿੱਲ ਵਿਅਕਤੀਗਤ ਅਤੇ ਇੱਕ ਮਾਲਕ ਦੋਵਾਂ ਵਜੋਂ ਵੱਖਰੀਆਂ ਰਜਿਸਟ੍ਰੇਸ਼ਨਾਂ ਦੀ ਜ਼ਰੂਰਤ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਖਤਮ ਕਰਦਾ ਹੈ। ਅੰਤ ਵਿੱਚ, ਇੱਕ ਮਹੱਤਵਪੂਰਨ ਸੋਧ ਪੰਜਾਬ ਸਟੇਟ ਡਿਵੈਲਪਮੈਂਟ ਟੈਕਸ ਐਕਟ, 2018 ਦੇ ਅਧੀਨ ਭੁਗਤਾਨ ਯੋਗ ਵੱਧ ਤੋਂ ਵੱਧ ਜੁਰਮਾਨੇ ਨੂੰ ਸੀਮਤ ਕਰਨ ਦੀ ਹੈ, ਜਿਸ ਤਹਿਤ ਜੁਰਮਾਨੇ ਦੀ ਰਕਮ ਸਬੰਧਤ ਟੈਕਸ ਬਕਾਇਆ ਤੋਂ ਵੱਧ ਨਹੀਂ ਹੋਵੇਗੀ।

ਪੰਜਾਬ ਨਮਿੱਤਣ ਐਕਟਸ (ਰਪੀਲ) ਬਿੱਲ, 2025 ਪਿਛਲੇ ਕਈ ਸਾਲਾਂ ਦੌਰਾਨ ਰਾਜ ਦੇ ਵਿਧਾਨਿਕ ਢਾਂਚੇ ਦੇ ਅੰਦਰ ਕਈ ਪੁਰਾਣੇ ਅਤੇ ਮਿਆਦ ਪੁਗੀ ਕਰ ਚੁੱਕੇ ਐਪਰੋਪ੍ਰੀਏਸ਼ਨ ਐਕਟਸ (ਮਨੀ ਬਿਲਜ਼) ਨੂੰ ਰਪੀਲ ਕਰਨ ਲਈ ਲਿਆਂਦਾ ਗਿਆ ਹੈ। ਇਹ ਦੇਖਣ ਵਿੱਚ ਆਇਆ ਹੈ ਕਿ ਪਿਛਲੇ ਕਈ ਸਾਲਾਂ ਦੌਰਾਨ ਲਾਗੂ ਕੀਤੇ ਗਏ ਬਹੁਤ ਸਾਰੇ ਨਮਿੱਤਣ ਐਕਟਸ ਆਪਣਾ ਅਸਲ ਅਰਥ ਗੁਆ ਚੁੱਕੇ ਹਨ ਪ੍ਰੰਤੂ ਅਜੇ ਵੀ ਵਿਧਾਨਕ-ਕਿਤਾਬਾਂ ਵਿੱਚ ਦਰਜ ਹਨ। ਨਮਿੱਤਣ ਐਕਟ ਜਿਨ੍ਹਾਂ ਦੀਆਂ ਸ਼ਰਤਾਂ ਖਤਮ ਹੋ ਚੁੱਕੀਆਂ ਹਨ, ਨੂੰ ਰੱਦ ਕਰਨ ਦਾ ਕਿਸੇ ਵੀ ਤਰ੍ਹਾਂ ਨਾਲ ਉਨ੍ਹਾਂ ਕਾਰਵਾਈਆਂ 'ਤੇ ਕੋਈ ਮਾੜਾ ਪ੍ਰਭਾਵ ਨਹੀਂ ਪਵੇਗਾ ਜੋ ਇਨ੍ਹਾਂ ਐਕਟਾਂ ਦੇ ਅਨੁਸਾਰ ਜਾਇਜ਼ ਤੌਰ 'ਤੇ ਲਈਆਂ ਗਈਆਂ ਜਾਂ ਕੀਤੀਆਂ ਜਾਣੀਆਂ ਹਨ ਜਿਥੇ ਤੱਕ ਇਸ ਐਕਟ ਦੁਆਰਾ ਉਕਤ ਧਾਰਾਵਾਂ ਨੂੰ ਰੱਦ ਨਹੀਂ ਕੀਤਾ ਗਿਆ। ਇਹ, ਹਾਲਾਂਕਿ, ਅਤੇ ਮੁੱਖ ਤੌਰ ਤੇ, ਵਿਧਾਨ-ਪੁਸਤਕਾਂ ਨੂੰ ਸਾਫ ਕਰਨ ਅਤੇ ਪੁਰਾਣੇ ਕਾਨੂੰਨ ਨਾਲ ਜੁੜੇ ਬੋਝ ਨੂੰ ਘਟਾਉਣ ਦੇ ਉਦੇਸ਼ ਦੀ ਪੂਰਤੀ ਕਰੇਗਾ।

# ਆਪ ਆਗੂ ਰਣਜੀਤ ਸਿੰਘ ਜੀਤੀ ਨੂੰ ਪਾਰਟੀ ਨੇ ਹਲਕਾ ਵਾਈਸ ਕੁਆਰਡੀਨੇਟਰ ਨਿਯੁਕਤ

**ਮਾਛੀਵਾੜਾ ਸਾਹਿਬ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਮਾਛੀਵਾੜਾ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਆਗੂ ਰਣਜੀਤ ਸਿੰਘ ਜੀਤੀ ਨੂੰ ਪਾਰਟੀ ਵੱਲੋਂ ਵੱਡੀ ਜਿੰਮੇਵਾਰੀ ਦਿੰਦਿਆਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਹਲਕਾ ਵਾਈਸ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਨਿਯੁਕਤੀ ਉਪਰੰਤ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਰਣਜੀਤ ਸਿੰਘ ਜੀਤੀ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਪਾਰਟੀ ਵੱਲੋਂ ਵਫਾਦਾਰੀ ਅਤੇ ਇਮਾਨਦਾਰੀ ਨਾਲ ਪਾਰਟੀ ਵਿੱਚ ਕੰਮ ਕਰਨ ਵਾਲਿਆਂ ਨੂੰ ਸਮੇਂ ਸਮੇਂ ਤੇ ਵੱਖ-ਵੱਖ ਅਹੁਦਿਆਂ ਨਾਲ ਨਿਵਾਜਿਆ ਜਾਂਦਾ ਹੈ ,ਰਣਜੀਤ ਸਿੰਘ ਜੀਤੀ ਆਪ ਪਾਰਟੀ ਦੇ ਮਾਛੀਵਾੜਾ ਸਾਹਿਬ ਤੋਂ ਜੁਝਾਰੂ ਤੇ ਮਿਹਨਤੀ ਵਰਕਰ ਹਨ ।

ਪਾਰਟੀ ਵੱਲੋਂ ਉਹਨਾਂ ਨੂੰ ਇਸ ਅਹੁਦੇ ਨਾਲ ਨਿਵਾਜਦਿਆਂ ਉਹਨਾਂ ਦੀਆਂ ਸੇਵਾਵਾਂ ਨੂੰ ਹਲਕੇ ਵਿੱਚ ਹੋਰ ਵਧਾਇਆ ਹੈ। ਉਹਨਾਂ ਕਿਹਾ ਕਿ ਨਵੀਆਂ ਦਿੱਤੀਆਂ ਜ਼ਿੰਮੇਵਾਰੀਆਂ ਨਾਲ ਹਲਕੇ ਵਿੱਚ ਪਾਰਟੀ ਨੂੰ ਹੋਰ ਮਜਬੂਤੀ ਮਿਲੇਗੀ। ਨਵ ਨਿਯੁਕਤ ਹਲਕਾ ਵਾਈਸ ਕੋਆਰਡੀਨੇਟਰ ਰਣਜੀਤ ਸਿੰਘ ਜੀਤੀ ਨੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਅਤੇ ਹਾਈ ਕਮਾਂਡ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਉਹ ਪਾਰਟੀ ਦੇ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਹੋਰ ਮਿਹਨਤ ਕਰਦੇ ਰਹਿਣਗੇ।

# ਯੁੱਧ ਨਸ਼ਿਆਂ ਵਿਰੁੱਧ ਦੇ ਦੂਸਰੇ ਪੜਾਅ ਦੀ ਤਿਆਰੀ ਲਈ ਸੋਨੀਆ ਮਾਨ ਵੱਲੋਂ ਪੁਲਿਸ ਪ੍ਰਸ਼ਾਸਨ ਨਾਲ ਮੀਟਿੰਗ

## ਵਾਰਡ ਪੱਧਰ ਉੱਤੇ ਬਣਾਈਆਂ ਜਾ ਰਹੀਆਂ ਕਮੇਟੀਆਂ ਵਿੱਚ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਲਿਆ ਜਾਵੇਗਾ ਲੋਕਾਂ ਦਾ ਸਾਥ



**ਅੰਮ੍ਰਿਤਸਰ 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤੇ ਦੂਜੇ ਪੜਾਅ ਦੀ ਤਿਆਰੀ ਲਈ ਨਸ਼ਾ ਮੁੱਕਤੀ ਮੋਰਚਾ ਦੇ ਆਗੂ ਮੈਡਮ ਸੋਨੀਆ ਮਾਨ ਨੇ ਨਸ਼ੇ ਦੇ ਖਾਤਮੇ ਲਈ ਪੁਲਿਸ ਅਤੇ ਪ੍ਰਸ਼ਾਸਨ ਦਾ ਸਾਥ ਲੈਣ ਲਈ ਅੱਜ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਅਮਨਦੀਪ ਕੌਰ, ਏਡੀਸੀਪੀ ਸ਼੍ਰੀਮਤੀ ਪਲਵਿੰਦਰ ਕੌਰ ਅਤੇ ਹੋਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਮੌਕੇ ਜਿਲ੍ਹਾ ਇੰਚਾਰਜ ਨਸ਼ਾ ਮੁੱਕਤੀ ਮੋਰਚਾ ਅੰਮ੍ਰਿਤਸਰ ਸਹਿਰੀ ਸ੍ਰੀ ਦੀਕਸ਼ਿਤ ਧਵਨ ਅਤੇ ਪਾਰਟੀ ਦੇ ਹੋਰ ਆਗੂ ਵੀ ਉਹਨਾਂ ਨਾਲ ਸਨ ।

ਇਸ ਮੀਟਿੰਗ ਵਿੱਚ ਵਾਰਡ ਪੱਧਰ ਉੱਤੇ ਡਿਫੈਂਸ-ਕਮੇਟੀਆਂ ਬਨਾਉਣ ਬਾਰੇ ਵਿਚਾਰ ਕੀਤਾ ਗਿਆ। ਸੋਨੀਆ ਮਾਨ ਨੇ ਕਿਹਾ ਕਿ ਸ਼ਹਿਰਾਂ ਵਿੱਚ ਬਣ ਰਹੀਆਂ ਇਹਨਾਂ ਕਮੇਟੀਆਂ ਲਈ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਲੋਕਾਂ ਦਾ ਸਾਥ ਲਿਆ ਜਾਵੇ ਅਤੇ ਜੋ ਵੀ ਵਿਅਕਤੀ ਨਸ਼ੇ ਦੇ ਖਾਤਮੇ ਲਈ ਸਰਕਾਰ ਦਾ ਸਾਥ ਦੇਣਾ ਚਾਹੁੰਦਾ ਹੈ ਉਹ ਇਹਨਾਂ ਕਮੇਟੀਆਂ ਵਿੱਚ ਬਤੌਰ ਮੈਂਬਰ ਲਿਆ ਜਾਵੇਗਾ। ਉਨਾਂ ਕਿਹਾ ਕਿ ਬਹੁਤ ਹੀ ਜ਼ਲਦੀ ਇੰਨਾ ਡਿਫੈਂਸ ਕਮੇਟੀਆਂ ਦਾ ਗਠਨ ਜਮੀਨੀ ਪੱਧਰ ਤੇ ਕੀਤਾ ਜਾਵੇਗਾ। ਇਸ ਡਿਫੈਂਸ ਕਮੇਟੀਆਂ ਵਿੱਚ ਆਮ ਲੋਕਾਂ ਦੀ ਸ਼ਾਮੂਲੀਅਤ ਨੂੰ ਵੱਧ ਤੋਂ ਵੱਧ ਯਕੀਨੀ ਬਣਿਆ ਜਾਵੇਗਾ , ਤਾਂ ਕਿ ਇਸ ਨਾਲ ਨਸ਼ੇ ਰੂਪੀ ਕੋਹੜ ਨੂੰ ਜੜ੍ਹ ਤੋਂ ਇਸ ਗੁਰੂ ਰਾਮਦਾਸ ਜੀ ਦੀ ਨਗਰੀ ਵਿੱਚੋ ਖਤਮ ਕੀਤਾ ਜਾ ਸਕੇ। ਉਹਨਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਮੈਡਮ ਸਾਹਨੀ ਨੇ ਉਹਨਾਂ ਨੂੰ ਪੂਰਾ ਭਰੋਸਾ ਦਿੱਤਾ ਕਿ ਉਹ ਨਸ਼ੇ ਦੇ ਖਾਤਮੇ ਲਈ ਪ੍ਰਸ਼ਾਸਨ ਵੱਲੋਂ ਹਰ ਤਰ੍ਹਾਂ ਦਾ ਸਾਥ ਦੇਣਗੇ ਅਤੇ ਅਧਿਕਾਰੀ ਉਹਨਾਂ ਨਾਲ ਇਸ ਮੁਹਿੰਮ ਵਿੱਚ ਨਿਰੰਤਰ ਡਟ ਕੇ ਕੰਮ ਕਰਨਗੇ।

# ਬੰਦ ਪਈਆਂ ਜਲ ਸਪਲਾਈ ਸਕੀਮਾਂ ਨੂੰ ਦੁਬਾਰਾ ਸ਼ੁਰੂ ਕੀਤਾ ਜਾਵੇ: ਡਿਪਟੀ ਕਮਿਸ਼ਨਰ



**ਅੰਮ੍ਰਿਤਸਰ 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਅੱਜ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਤੇ ਜਲ ਸਪਲਾਈ ਵਿਭਾਗ ਦੀ ਸਾਂਝੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਹਦਾਇਤ ਕੀਤੀ ਕਿ ਜ਼ਿਲੇ ਵਿੱਚ ਬੰਦ ਪਈਆਂ ਜਲ ਸਪਲਾਈ ਸਕੀਮਾਂ ਛੇਤੀ ਸ਼ੁਰੂ ਕੀਤੀਆਂ ਜਾਣ।

ਉਹਨਾਂ ਕਿਹਾ ਕਿ ਸਰਕਾਰ ਨੇ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਨੂੰ ਸਾਫ ਸੁਥਰਾ ਪਾਣੀ ਮੁਹਈਆ ਕਰਾਉਣ ਲਈ ਪਾਣੀ ਦੀਆਂ ਟੈਂਕੀਆਂ ਬਣਾਉਣ ਉੱਤੇ ਅਰਬਾਂ ਰੁਪਇਆ ਖਰਚ ਕੀਤਾ ਹੈ ਅਤੇ ਇਨਾ ਵਾਟਰ ਟੈਂਕੀਆਂ ਨੂੰ ਛੋਟੀ ਮੋਟੀ ਮੁਰੰਮਤ ਲਈ ਬੰਦ ਕਰਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਹੀਂ ਕੀਤਾ ਜਾਣਾ ਚਾਹੀਦਾ। ਉਹਨਾਂ ਨੇ ਕਿਹਾ ਕਿ ਜਲ ਸਪਲਾਈ ਵਿਭਾਗ ਵੱਲੋਂ ਜਿਹੜੀਆਂ ਵਾਟਰ ਟੈਂਕੀਆਂ ਜਾਂ ਟਿਊਬਵੈਲ ਪੰਚਾਇਤਾਂ ਨੂੰ ਸਪੁਰਦ ਕੀਤੇ ਜਾ ਚੁੱਕੇ ਹਨ, ਵਿਖੇ ਪੰਚਾਇਤਾਂ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਲੋਕਲ ਕਮੇਟੀ ਬਣਾ ਕੇ ਇਹਨਾਂ ਜਲ ਸਪਲਾਈ ਸਕੀਮਾਂ ਨੂੰ ਚਾਲੂ ਰੱਖਣ। ਇਸ ਮੌਕੇ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਵੇਲੇ ਮਜੀਠਾ ਵਿੱਚ 18, ਹਰਸ਼ਾ ਛੀਨਾ ਵਿੱਚ ਤਿੰਨ, ਚੋਗਾਵਾਂ ਵਿੱਚ 13, ਅਜਨਾਲਾ ਵਿੱਚ 10 , ਵੇਰਕਾ ਵਿੱਚ ਦੋ, ਰਈਆ ਵਿੱਚ ਅੱਠ, ਤਰਸਿੱਕਾ ਵਿੱਚ ਸੱਤ ਅਤੇ ਜੰਡਿਆਲਾ ਗੁਰੂ ਵਿੱਚ ਦੋ ਜਲ ਸਪਲਾਈ ਸਕੀਮਾਂ ਮਰੰਮਤ ਨਾ ਹੋਣ ਕਾਰਨ ਬੰਦ ਹਨ। ਡਿਪਟੀ ਕਮਿਸ਼ਨਰ ਨੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਤੁਰੰਤ ਇਹਨਾਂ ਬੰਦ ਪਈਆਂ ਸਕੀਮਾਂ ਦੀ ਮਰੰਮਤ ਲਈ ਲੋੜੀਂਦਾ ਧਨ ਜੁਟਾਉਣ ਅਤੇ ਇਹਨਾਂ ਸਕੀਮਾਂ ਨੂੰ ਛੇਤੀ ਚਾਲੂ ਕਰਕੇ ਪੰਚਾਇਤਾਂ ਦੇ ਕੋਲੋਂ ਇਸਦਾ ਰੱਖ ਰਖਾਵ ਯਕੀਨੀ ਬਣਾਇਆ ਜਾਵੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਮਜੀਤ ਕੌਰ, ਡੀਡੀਪੀਓ ਸ਼੍ਰੀ ਸੰਦੀਪ ਮਲਹੋਤਰਾ, ਐਕਸੀਅਨ ਸ ਹਰਿੰਦਰ ਸਿੰਘ, ਐਕਸੀਐਨ ਚਰਨਜੀਤ ਸਿੰਘ, ਐਕਸੀਐਨ ਸ੍ਰੀ ਕਾਲੀਆ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# 17 ਅਗਸਤ ਨੂੰ ਰੂੜੇਵਾਲ ਜੋਧਵਾਲ ਵਿਖੇ ਤਾਲਿਬ ਬਾਬਾ ਫਲਾਹੀ ਤੇ ਹੋਦੀ ਇਰਾਨੀ ਲੜਨਗੇ ਝੰਡੀ ਦੀ ਕੁਸ਼ਤੀ : ਬੱਬੂ ਰੰਧਾਵਾ



**ਮਾਛੀਵਾੜਾ ਸਾਹਿਬ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀਆਂ ਦੇ ਤਕੜੇ ਜੁੱਸੇ ਜ਼ੋਰ ਅਜ਼ਮਾਇਸ਼ ਅਤੇ ਤਾਕਤ ਦਾ ਪ੍ਰਤੀਕ ਪੰਜਾਬ ਦੀਆਂ ਲੋਕ ਖੇਡਾਂ ਕਬੱਡੀ ਤੇ ਘੋਲਾਂ ਹਮੇਸ਼ਾ ਚਰਚਾ ਵਿੱਚ ਰਹੀਆਂ ਹਨ। ਖਾਸ ਤੌਰ ਤੇ ਪਹਿਲਵਾਨਾਂ ਦੇ ਕੋਲ ਪੰਜਾਬੀਆਂ ਦੀ ਪਹਿਲੀ ਪਸੰਦ ਰਹੇ ਹਨ। ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਮਾਛੀਵਾੜਾ ਬਲਾਕ ਦੇ ਪਿੰਡ ਰੂੜੇਵਾਲ ਤੋਂ ਖੇਡ ਪ੍ਰਮੋਟਰ ਅੰਗਰੇਜ਼ ਸਿੰਘ ਬੱਬੂ ਰੰਧਾਵਾ ਨੇ ਦੱਸਿਆ ਕਿ ਧੰਨ ਧੰਨ ਗੁੱਗਾ ਜਾਹਰ ਪੀਰ ਜੀ ਦੀ ਯਾਦ ਵਿੱਚ 16 ਅਤੇ 17 ਅਗਸਤ ਨੂੰ ਗੁੱਗਾ ਪੀਰ ਜੀ ਦੀ ਯਾਦ ਵਿੱਚ ਵਿਸ਼ਾਲ ਭੰਡਾਰਾ ਅਤੇ ਕੁਸ਼ਤੀ ਦੰਗਲ ਕਰਵਾਇਆ ਜਾ ਰਿਹਾ। ਅਗਸਤ 16 ਨੂੰ ਵਿਸ਼ਾਲ ਭੰਡਾਰਾ ਕਰਵਾਇਆ ਜਾਵੇਗਾ ਅਤੇ ਗੁੱਗਾ ਮੈੜੀ ਤੇ ਰਾਤ ਸਮੇਂ ਗੁੱਗਾ ਜੀ ਦੀ ਜੀਵਨ ਕਥਾ ਭਗਤਾਂ ਨੂੰ ਸਰਵਣ ਕਰਵਾਈ ਜਾਏਗੀ। ਇਹ ਦੰਗਲ ਮੇਲਾ ਪਿੰਡ ਰੂੜੇਵਾਲ, ਜੋਧਵਾਲ, ਚੱਕ ਸੰਮੂ, ਮੁਗਲੇਵਾਲ ,ਲੁਬਾਣਗੜ੍ਹ ਅਤੇ ਐਨ.ਆਰ.ਆਈ. ਵੀਰਾਂ ਦੇ ਵੱਡੇ ਸਹਿਯੋਗ ਨਾਲ ਕਰਵਾਇਆ ਜਾਂਦਾ ਹੈ। ਅਗਲੇ ਦਿਨ 17 ਅਗਸਤ ਨੂੰ ਸਲਾਨਾ ਦੰਗਲ ਮੇਲਾ ਮੇਲਾ ਕਰਵਾਇਆ ਜਾ ਰਿਹਾ ਹੈ,ਜਿਸ ਵਿੱਚ ਬੁਲਟ ਮੋਟਰਸਾਈਕਲ, ਸੋਨੇ ਦੀਆਂ ਮੁੰਦੀਆਂ ,ਕੜੇ ,ਮੋਟਰਸਾਈਕਲ ਅਤੇ ਲੱਖਾਂ ਦੇ ਨਗਦ ਇਨਾਮ ਦਿੱਤੇ ਜਾਣਗੇ।

ਚੰਡੀ ਦੀ ਵੱਡੀ ਕੁਸ਼ਤੀ ਤਾਲਿਬ ਬਾਬਾ ਫਲਾਹੀ ਅਤੇ ਹੋਦੀ ਇਰਾਨੀ ਵਿਚਕਾਰ ਕਰਵਾਈ ਜਾਵੇਗੀ। ਇਸ ਤੋਂ ਬਿਨਾਂ ਪੰਜਾਬ ਹਰਿਆਣਾ, ਹਿਮਾਚਲ ,ਮਹਾਰਾਸ਼ਟਰ ਅਤੇ ਵਿਦੇਸ਼ਾਂ ਤੋਂ ਵੀ ਪਹਿਲਵਾਨ ਇਸ ਧਰਤੀ ਤੇ ਆਪਣੀ ਕੁਸ਼ਤੀਆਂ ਦੇ ਜੋਹਰ ਦਿਖਾਉਣਗੇ। ਇਸ ਦੰਗਲ ਮੇਲੇ ਵਿੱਚ ਹਮੇਸ਼ਾ ਦੀ ਤਰ੍ਹਾਂ ਜਿੱਥੇ ਗਿੱਲ ਬ੍ਰਦਰਜ਼ ਮਨੀਲਾ ਵਾਲਿਆਂ ਦਾ ਵੱਡਾ ਸਹਿਯੋਗ ਹੁੰਦਾ ਹੈ ਉੱਥੇ ਹੀ ਭੱਟ ਪਰਿਵਾਰ ਵੀ ਇਸ ਦੰਗਲ ਮੇਲੇ ਵਿੱਚ ਆਪਣੀ ਵੱਡੀ ਹਾਜ਼ਰੀ ਲਗਵਾਉਂਦਾ ਹੈ। ਇਸ ਦੰਗਲ ਮੇਲੇ ਦਾ ਲਾਈਵ ਪ੍ਰਸਾਰਨ ਸੰਸਾਰ ਪ੍ਰਸਿੱਧ ਚੈਨਲ ਪਿਓਰ ਪੰਜਾਬੀ ਤੇ ਦਿਖਾਇਆ ਜਾਵੇਗਾ।

# ਜ਼ਿਮਨੀ ਚੋਣਾਂ: ਜ਼ਿਲ੍ਹਾ ਪ੍ਰਸ਼ਾਸਨ ਨੇ ਸ਼ਿਕਾਇਤ ਸੈੱਲ ਕਾਇਮ

**ਪਟਿਆਲਾ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਚੋਣ ਕਮਿਸ਼ਨ ਵੱਲੋਂ ਪਟਿਆਲਾ ਜ਼ਿਲ੍ਹੇ ਦੇ 112 ਪਿੰਡਾਂ ਵਿੱਚ ਪੰਚਾਂ ਅਤੇ ਸਰਪੰਚਾਂ ਦੀਆਂ 27 ਜੁਲਾਈ ਨੂੰ ਹੋਣ ਵਾਲੀਆਂ ਗ੍ਰਾਮ ਪੰਚਾਇਤਾਂ ਦੀਆਂ ਜ਼ਿਮਨੀ ਚੋਣਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਸ਼ਿਕਾਇਤ ਸੈੱਲ ਦਾ ਗਠਨ ਕੀਤਾ ਹੈ। ਵਧੀਕ ਡਿਪਟੀ ਕਮਿਸ਼ਨਰ ਦਿਹਾਤੀ ਵਿਕਾਸ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਅਮਰਿੰਦਰ ਸਿੰਘ ਟਿਵਾਣਾ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਦੌਰਾਨ ਪਟਿਆਲਾ ਜ਼ਿਲ੍ਹੇ ਦੇ ਵੋਟਰਾਂ ਦੀਆਂ ਰਾਜ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਫ਼ੋਨ ਨੰਬਰ 0175-2360055 ਅਤੇ ਈਮੇਲ zppatiala@yahoo.com ਜਾਰੀ ਕੀਤਾ ਗਿਆ ਹੈ। ਏਡੀਸੀ ਨੇ ਦੱਸਿਆ ਕਿ ਇਸ ਸ਼ਿਕਾਇਤ ਸੈੱਲ ਦਾ ਇੰਚਾਰਜ ਸਕੱਤਰ-ਕਮ-ਡਿਪਟੀ ਸੀਈਓ ਜ਼ਿਲ੍ਹਾ ਪਰਿਸ਼ਦ ਪਟਿਆਲਾ ਅਮਨਦੀਪ ਕੌਰ ਨੂੰ ਨੋਡਲ ਅਫ਼ਸਰ ਸ਼ਿਕਾਇਤਾਂ ਲਗਾਇਆ ਗਿਆ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਚੋਣ ਜ਼ਾਬਤੇ ਸਬੰਧੀ ਸ਼ਿਕਾਇਤਾਂ ਦਰਜ ਕਰਵਾਉਣ ਲਈ ਚੋਣਾਂ ਵਾਲੇ ਪਿੰਡਾਂ ਦਾ ਕੋਈ ਵੀ ਵੋਟਰ ਜਾਂ ਉਮੀਦਵਾਰ ਉਕਤ ਨੰਬਰ 'ਤੇ ਸੰਪਰਕ ਕਰ ਸਕਦਾ ਹੈ ਜਾਂ ਈਮੇਲ ਕਰ ਸਕਦਾ ਹੈ।

# ਕਮਿਸ਼ਨਰੇਟ ਪੁਲਿਸ ਜਲੰਧਰ ਨੇ ਕੁਝ ਹੀ ਘੰਟਿਆਂ 'ਚ ਕਤਲ ਦਾ ਮਾਮਲਾ ਸੁਲਝਾਇਆ, ਦੋ ਗ੍ਰਿਫਤਾਰ



**ਜਲੰਧਰ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਮਿਸ਼ਨਰੇਟ ਪੁਲਿਸ ਜਲੰਧਰ ਨੇ ਤੇਜ਼ ਕਾਰਵਾਈ ਕਰਦਿਆਂ ਇਕ ਕਤਲ ਦੇ ਮਾਮਲੇ ਨੂੰ ਕੁੱਝ ਘੰਟਿਆਂ ਅੰਦਰ ਹੀ ਸੁਲਝਾ ਲਿਆ ਹੈ। ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਵਿੱਚ ਮਨਪ੍ਰੀਤ ਸਿੰਘ ਢਿੱਲੋਂ, ਡੀ.ਸੀ.ਪੀ (ਇਨਵੈਸਟੀਗੇਸ਼ਨ), ਹਰਿੰਦਰ ਸਿੰਘ ਗਿੱਲ (ਏ.ਡੀ.ਸੀ.ਪੀ-2 ਸਿਟੀ), ਸਰਵਣਜੀਤ ਸਿੰਘ (ਏ.ਸੀ.ਪੀ ਵੈਸਟ) ਅਤੇ ਥਾਣਾ ਭਾਰਗੋ ਕੈਂਪ ਦੀ ਟੀਮ ਸਮੇਤ ਸੁਖਜੀਤ ਸਿੰਘ, ਐਸ.ਐਚ.ਓ. ਨੇ ਇਹ ਤੇਜ਼ ਕਾਰਵਾਈ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਕਾਰਵਾਈ ਦੌਰਾਨ ਪੁਲਿਸ ਨੇ ਥਾਣਾ ਭਾਰਗੋ ਕੈਂਪ ਦੇ ਖੇਤਰ 'ਚ ਹੋਏ ਨਿਰਦਈ ਕਤਲ ਵਿੱਚ ਸ਼ਾਮਿਲ ਦੋ ਮੁੱਖ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਵੇਰਵਾ ਸਾਂਝੇ ਕਰਦਿਆਂ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਵਿਪਨ ਕੁਮਾਰ ਪੁੱਤਰ ਚਰਨ ਦਾਸ ਵਾਸੀ ਮਕਾਨ ਨੰਬਰ 625, ਨਜ਼ਦੀਕ ਸਿਵਲ ਡਿਸਪੈਂਸਰੀ, ਟਾਹਲੀ ਵਾਲਾ ਚੌਂਕ, ਭਾਰਗੋ ਕੈਂਪ ਦੀ ਸ਼ਿਕਾਇਤ 'ਤੇ ਮੁਕੱਦਮਾ ਨੰਬਰ 107, ਮਿਤੀ 14.07.2025 ਨੂੰ ਧਾਰਾਵਾਂ 103(1), 191(3), ਅਤੇ 190 ਬੀਐਨਐਸ ਅਧੀਨ ਥਾਣਾ ਭਾਰਗੋ ਕੈਂਪ ਵਿੱਚ ਦਰਜ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਵਿਪਨ ਕੁਮਾਰ ਦਾ ਪੁੱਤਰ ਵਰੁਣ, ਉਸਦੇ ਭਤੀਜਿਆਂ ਲੋਕੇਸ਼ ਅਤੇ ਵਿਸ਼ਾਲ ਦੇ ਨਾਲ ਮਹਿੰਗਾ ਡੀਪੂ ਦੀ ਗਲੀ ਵਿੱਚੋਂ ਲੰਘ ਰਿਹਾ ਸੀ, ਜਦੋਂ ਕੁਝ ਅਣਪਛਾਤੇ ਨੌਜਵਾਨਾਂ ਨੇ ਉਨ੍ਹਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਵਿਪਨ ਅਤੇ ਉਸਦਾ ਜੀਜਾ ਵੀ ਮੌਕੇ 'ਤੇ ਮੌਜੂਦ ਸਨ, ਜਿਨ੍ਹਾਂ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ 'ਤੇ ਵੀ ਹਮਲਾ ਕਰ ਦਿੱਤਾ ਗਿਆ। ਹਮਲੇ ਦੌਰਾਨ ਵਰੁਣ ਪੁੱਤਰ ਵਿਪਨ ਜੋ ਜਿਆਦਾ ਜ਼ਖ਼ਮੀ ਹੋ ਗਿਆ ਅਤੇ ਉਸਨੂੰ ਤੁਰੰਤ ਸ਼੍ਰੀ ਰਾਮ ਨਿਊਰੋ ਸੈਂਟਰ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ।

ਉਨ੍ਹਾਂ ਦੱਸਿਆ ਕਿ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਤਕਨੀਕੀ ਸਰੋਤਾਂ ਦੀ ਵਰਤੋਂ, ਸੀਸੀਟੀਵੀ ਫੁਟੇਜ ਦੀ ਜਾਂਚ ਅਤੇ ਮੌਕੇ ਦੀ ਜਾਂਚ ਕਰਦਿਆਂ ਦੋ ਦੋਸ਼ੀਆਂ ਧਰੁਵ ਕੁਮਾਰ (18 ਸਾਲ) ਪੁੱਤਰ ਪਰਸ਼ੋਤਮ ਲਾਲ, ਵਾਸੀ 131/01 ਚੋਪੜਾ ਸਾਊਂਡ ਕੋਲ, ਭਾਰਗੋ ਕੈਂਪ ਅਤੇ ਸੁਨੀਲ ਕੁਮਾਰ ਉਰਫ ਭਿੰਡੀ (25 ਸਾਲ), ਪੁੱਤਰ ਰਾਜ ਕੁਮਾਰ, ਵਾਸੀ ਮਕਾਨ ਨੰਬਰ 3242, ਗਿਆਨ ਗਿਰੀ ਮੰਦਿਰ ਕੋਲ, ਚਪਾਲੀ ਚੌਂਕ, ਭਾਰਗੋ ਕੈਂਪ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਸੋਨੂ ਪੰਡਿਤ ਵਾਸੀ ਭਾਰਗੋ ਕੈਂਪ ਦੀ ਗ੍ਰਿਫ਼ਤਾਰੀ ਅਜੇ ਬਾਕੀ ਹੈ, ਜਿਸ ਨੂੰ ਜਲਦੀ ਗ੍ਰਿਫਤਾਰੀ ਲਈ ਛਾਪੇਮਾਰੀ ਜਾਰੀ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਮੁਲਜਮ ਧਰੁਵ ਕੁਮਾਰ ਵਿਰੁੱਧ ਪਹਿਲਾਂ ਹੀ ਥਾਣਾ ਭਾਰਗੋ ਕੈਂਪ ਵਿੱਚ ਇੱਕ ਮੁਕੱਦਮਾ ਦਰਜ ਹੈ, ਜਦਕਿ ਮੁਲਜਮ ਸੁਨੀਲ ਕੁਮਾਰ ਉਰਫ ਭਿੰਡੀ ਵਿਰੁੱਧ ਦੋ ਮੁਕੱਦਮੇ ਥਾਣਾ ਡਿਵੀਜ਼ਨ ਨੰਬਰ 6 ਅਤੇ ਥਾਣਾ ਭਾਰਗੋ ਕੈਂਪ ਵਿਖੇ ਦਰਜ ਹਨ। ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਹੋਰ ਸ਼ਮਿਲ ਦੋਸ਼ੀਆਂ ਦੀ ਪਛਾਣ ਕਰਕੇ ਜਲਦ ਹੀ ਗ੍ਰਿਫ਼ਤਾਰੀ ਕੀਤੀ ਜਾਵੇਗੀ। ਪੁਲਿਸ ਕਮਿਸ਼ਨਰ ਨੇ ਕਿਹਾ ਕਿ ਕਮਿਸ਼ਨਰੇਟ ਪੁਲਿਸ ਜਲੰਧਰ ਕਾਨੂੰਨ ਵਿਵਸਥਾ ਨੂੰ ਬਰਕਰਾਰ ਰੱਖਣ ਅਤੇ ਨਿਆਂ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।

# ਯੁੱਧ ਨਸ਼ਿਆਂ ਵਿਰੁੱਧ ਦੇ 135ਵੇਂ ਦਿਨ 109 ਨਸ਼ਾ ਤਸਕਰ ਕਾਬੂ; 2.7 ਕਿਲੋ ਹੈਰੋਇਨ ਅਤੇ 7.18 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ

**ਚੰਡੀਗੜ੍ਹ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ਿਆ ਦੇ ਮੁਕੰਮਲ ਖਾਤਮੇ ਲਈ ਜਾਰੀ ਜੰਗ ÷ਯੁੱਧ ਨਸ਼ਿਆਂ ਵਿਰੁੱਧ÷ ਦੇ135ਵੇਂ ਦਿਨ ਪੰਜਾਬ ਪੁਲਿਸ ਨੇ 109 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2.7 ਕਿਲੋ ਹੈਰੋਇਨ, 1.5 ਕਿਲੋ ਅਫ਼ੀਮ, 42 ਕਿਲੋ ਭੁੱਕੀ ਅਤੇ 7.18 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਸਿਰਫ਼ 135 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਕੁੱਲ ਗਿਣਤੀ 21,938 ਹੋ ਗਈ ਹੈ।

ਇਹ ਆਪਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਜਾਣਕਾਰੀ ਦਿੱਤੀ ਕਿ 88 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1300 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 180 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ 399 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 72 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 429 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 58 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਸ੍ਰੀ ਗੋਪਾਲ ਮਾਤਾ ਅੰਬਿਕਾ ਦੇਵੀ ਗਊਸ਼ਾਲਾ ਖਰੜ 'ਚ ਧਾਰਮਿਕ ਸਮਾਗਮ ਕਰਵਾਇਆ



**ਖਰੜ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੋਪਾਲ ਮਾਤਾ ਅੰਬਿਕਾ ਦੇਵੀ ਗਊਸ਼ਾਲਾ ਖਰੜ ਵਿਖੇ ਧਾਰਮਿਕ ਸਮਾਗਮ ਕਰਵਾਇਆ ਜਿਸ ਵਿਚ ਖਰੜ ਸ਼ਹਿਰ ਨਿਵਾਸੀਆਂ ਤੋਂ ਇਲਾਵਾ ਇਲਾਕੇ ਦੀ ਸੰਗਤਾਂ ਵਲੋਂ ਵੀ ਸ਼ਮੂਲੀਅਤ ਕੀਤੀ ਗਈ। ਸ਼ਰਧਾਲੂਆਂ ਨੇ ਸ੍ਰੀ ਸਤਿਗੁਰੂ ਸਵਾਮੀ ਜੀ ਮਹਾਰਾਜ ਦੇ ਭਜਨ ਤੇ ਨੱਚਿਆ ਤੇ ਪੰਡਾਲ ਹਰ ਹਰ ਮਹਾਂਦੇਵ ਦੇ ਜੈਕਾਰਿਆਂ ਨਾਲ ਗੂੰਜ ਉਠਿਆ। ਭਜਨ ਸੰਧਿਆ ਗਾਇਕ ਵਿੱਕੀ ਵਿਸ਼ਾਲ, ਜਸਵੀਰ ਜੱਸਾ, ਭਰਤ ਰੰਗੀਲਾ,ਭਜਨ ਸਮਾਰਟ, ਮਦਨ ਸ਼ੌਕੀ ਨੇ ਸ੍ਰੀ ਸਤਿਗੁਰੂ ਸਵਾਮੀ ਜੀ ਮਹਾਰਾਜ ਦੇ ਕਈ ਭਜ਼ਨ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਨਗਰ ਕੌਂਸਲ ਖਰੜ ਦੀ ਪ੍ਰਧਾਨ ਅੰਜੂ ਚੰਦਰ ਨੇ ਵੀ ਸਮਾਗਮ ਵਿਚ ਪੁੱਜ ਕੇ ਹਾਜ਼ਰੀ ਲਗਵਾਈ ਅਤੇ ਭਜਨ ਸਰਵਣ ਕੀਤਾ ਅਤੇ ਆਸ਼ੀਰਵਾਦ ਲਿਆ। ਇਸ ਮੌਕੇ ਗਊਸ਼ਾਲਾ ਕਮੇਟੀ ਦੇ ਪ੍ਰਧਾਨ ਭੁਪਿੰਦਰ ਸ਼ਰਮਾ ਨੇ ਦਸਿਆ ਕਿ ਸ਼ਰਧਾਲੂ, ਸੰਗਤਾਂ ਅਤੇ ਸਹਿਰ ਨਿਵਾਸੀਆਂ ਦੇ ਸਹਿਯੋਗ ਸਦਕਾ ਸਾਰੇ ਸਮਾਗਮ ਕਰਵਾਏ ਜਾ ਰਹੇ ਹਨ। ਇਸ ਮੌਕੇ ਮੋਹਿਤ ਕੁਮਾਰ, ਰਾਜੇਸ਼ ਮਲਿਕ, ਅਮਿੱਤ ਸੇਠੀ, ਮਹਿੰਦਰ ਬਜਾਜ਼, ਨਰੇਸ ਗੁਪਤਾ, ਮਹਿੰਦਰ ਸਿੰਘ, ਪੰਡਿਤ ਚੰਦਨ ਮਿਸਰਾ, ਤੁਸ਼ਾਰ ਸਰਮਾ ਸਮੇਤ ਵੱਡੀ ਗਿਣਤੀ ਵਿਚ ਸ਼ਰਧਾਲੂ ਅਤੇ ਸੰਗਤਾਂ ਹਾਜ਼ਰ ਸਨ। ਸਮਾਗਮ ਦੀ ਸਮਾਪਤੀ ਤੇ ਸੰਗਤਾਂ, ਸ਼ਰਧਾਲੂਆਂ ਲਈ ਭੰਡਾਰਾ ਵੀ ਵਰਤਾਇਆ ਗਿਆ।

# ਕਈ ਦਿਨਾਂ ਤੋਂ ਲਾਪਤਾ ਦਿੱਲੀ ਯੂਨੀਵਰਸਿਟੀ ਵਿਦਿਆਰਥਣ ਦੀ ਲਾਸ਼ ਯਮੁਨਾ 'ਚੋਂ ਮਿਲੀ

**ਨਵੀਂ ਦਿੱਲੀ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਛੇ ਦਿਨਾਂ ਤੋਂ ਲਾਪਤਾ ਦਿੱਲੀ ਯੂਨੀਵਰਸਿਟੀ ਦੀ 19 ਸਾਲਾ ਵਿਦਿਆਰਥਣ ਸਨੇਹਾ ਦੇਬਨਾਥ ਦੀ ਲਾਸ਼ ਐਤਵਾਰ ਸ਼ਾਮੀਂ ਗੀਤਾ ਕਲੋਨੀ ਫਲਾਈਓਵਰ ਨੇੜੇ ਯਮੁਨਾ ਨਦੀ 'ਚੋਂ ਮਿਲੀ ਹੈ। ਦੱਖਣੀ ਦਿੱਲੀ ਦੇ ਪਰਿਆਵਰਣ ਕੰਪਲੈਕਸ ਦੀ ਰਹਿਣ ਵਾਲੀ ਸਨੇਹਾ ਤ੍ਰਿਪੁਰਾ ਦੀ ਰਹਿਣ ਵਾਲੀ ਸੀ। ਉਸ ਦੇ ਲਾਪਤਾ ਹੋਣ ਦੀ ਰਿਪੋਰਟ 7 ਜੁਲਾਈ ਨੂੰ ਆਈ ਸੀ। ਪੁਲੀਸ ਮੁਤਾਬਕ ਸਨੇਹਾ ਨੇ ਹੱਥ ਨਾਲ ਲਿਖਿਆ ਨੋਟ ਛੱਡਿਆ ਸੀ, ਜਿਸ ਵਿੱਚ ਉਸ ਨੇ ਯਮੁਨਾ ਨਦੀ ਦੇ ਪਾਰ ਬਣੇ ਸਿਗਨੇਚਰ ਬ੍ਰਿਜ ਤੋਂ ਛਾਲ ਮਾਰਨ ਦਾ ਇਰਾਦਾ ਜ਼ਾਹਿਰ ਕੀਤਾ ਸੀ। ਇਸ ਮਾਮਲੇ ਵਿੱਚ ਮਹਿਰੌਲੀ ਪੁਲੀਸ ਥਾਣੇ ਵਿਚ ਕੇਸ ਦਰਜ ਕੀਤਾ ਗਿਆ ਸੀ।

ਡਿਪਟੀ ਕਮਿਸ਼ਨਰ ਆਫ਼ ਪੁਲੀਸ (ਦੱਖਣੀ) ਅੰਕਿਤ ਚੌਹਾਨ ਨੇ ਇੱਕ ਬਿਆਨ ਵਿੱਚ ਕਿਹਾ, "ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਕੈਬ ਡਰਾਈਵਰ ਨੇ ਉਸ ਨੂੰ ਸਿਗਨੇਚਰ ਬ੍ਰਿਜ 'ਤੇ ਛੱਡਣ ਦੀ ਪੁਸ਼ਟੀ ਕੀਤੀ। ਤਕਨੀਕੀ ਨਿਗਰਾਨੀ ਤੋਂ ਪਤਾ ਲੱਗਾ ਕਿ ਉਸ ਦਾ ਆਖਰੀ ਟਿਕਾਣਾ ਸਿਗਨੇਚਰ ਬ੍ਰਿਜ 'ਤੇ ਸੀ।" ਕੁਝ ਚਸ਼ਮਦੀਦਾਂ ਨੇ



ਕਿਹਾ ਕਿ ਉਨ੍ਹਾਂ ਨੇ ਇੱਕ ਕੁੜੀ ਨੂੰ ਪੁਲ 'ਤੇ ਖੜ੍ਹਾ ਦੇਖਿਆ।

ਡੀਸੀਪੀ ਨੇ ਕਿਹਾ, "ਐੱਨਡੀਆਰਐੱਫ ਅਤੇ ਸਥਾਨਕ ਪੁਲੀਸ ਨਾਲ ਮਿਲ ਕੇ ਨਿਗਮ ਬੋਧ ਘਾਟ ਤੋਂ ਨੋਇਡਾ ਤੱਕ ਲੜਕੀ ਦੀ ਭਾਲ ਕੀਤੀ ਗਈ। ਉਸ ਦੇ ਨਜ਼ਦੀਕੀ ਦੋਸਤਾਂ ਨੇ ਦੱਸਿਆ ਕਿ ਉਹ ਪਿਛਲੇ ਕੁਝ ਮਹੀਨਿਆਂ ਤੋਂ ਪ੍ਰੇਸ਼ਾਨ ਸੀ ਅਤੇ ਸਵੇਰੇ ਈਮੇਲ ਅਤੇ ਸੁਨੇਹੇ ਛੱਡਦੀ ਰਹੀ ਸੀ। ਐਤਵਾਰ ਸ਼ਾਮ ਨੂੰ ਟੀਮਾਂ ਨੂੰ ਗੀਤਾ ਕਲੋਨੀ ਫਲਾਈਓਵਰ ਦੇ ਹੇਠਾਂ ਨਦੀ ਵਿੱਚ ਇੱਕ ਔਰਤ ਦੀ ਲਾਸ਼ ਮਿਲੀ, ਜਿਸ ਦੀ ਪਛਾਣ ਸਨੇਹਾ ਵਜੋਂ ਹੋਈ।" ਪੁਲੀਸ ਨੇ ਕਿਹਾ ਕਿ ਸਨੇਹਾ ਦੀ ਲਾਸ਼ ਗੀਤਾ ਕਲੋਨੀ ਫਲਾਈਓਵਰ ਦੇ ਹੇਠਾਂ ਨਦੀ ਵਿੱਚ ਤੈਰਦੀ ਦੇਖੀ ਗਈ ਸੀ। ਬਾਅਦ ਵਿੱਚ ਉਸ ਦੇ ਪਰਿਵਾਰਕ ਮੈਂਬਰਾਂ ਨੇ ਇਸ ਦੀ ਪਛਾਣ ਕਰ ਲਈ।

ਇਸ ਦੌਰਾਨ ਸਨੇਹਾ ਦੀ ਸਹੇਲੀ ਨੇ ਦਾਅਵਾ ਕੀਤਾ ਕਿ ਜਦੋਂ ਉਸ ਨੂੰ ਉੱਥੇ ਦੇਖਿਆ ਗਿਆ ਸੀ, ਉਸ ਸਮੇਂ ਸਿਗਨੇਚਰ ਬ੍ਰਿਜ ਜਾਂ ਆਸ-ਪਾਸ ਦੇ ਇਲਾਕੇ ਵਿੱਚ ਕੋਈ ਵੀ ਸੀਸੀਟੀਵੀ ਕੈਮਰਾ ਚਾਲੂ ਨਹੀਂ ਸੀ। ਉਸ ਨੇ ਦੋਸ਼ ਲਗਾਇਆ, "ਸਿਗਨੇਚਰ ਬ੍ਰਿਜ ਖੁਦਕੁਸ਼ੀ-ਸੰਭਾਵੀ ਖੇਤਰ ਹੋਣ ਦੇ ਬਾਵਜੂਦ, ਪੁਲ ਜਾਂ ਨੇੜਲੇ ਖੇਤਰਾਂ ਵਿੱਚ ਇੱਕ ਵੀ ਸੀਸੀਟੀਵੀ ਕੈਮਰਾ ਕੰਮ ਨਹੀਂ ਕਰ ਰਿਹਾ ਸੀ।"

ਸਨੇਹਾ ਦਿੱਲੀ ਯੂਨੀਵਰਸਿਟੀ ਦੇ ਆਤਮਾ ਰਾਮ ਸਨਾਤਨ ਧਰਮ ਕਾਲਜ ਵਿੱਚ ਬੀਏ ਗਣਿਤ ਦੀ ਪੜ੍ਹਾਈ ਕਰ ਰਹੀ ਸੀ। ਇੱਕ ਪਰਿਵਾਰਕ ਦੋਸਤ ਨੇ ਖ਼ਬਰ ਏਜੰਸੀ ਨੂੰ ਦੱਸਿਆ, "ਸਾਨੂੰ ਪਤਾ ਲੱਗਾ ਕਿ ਉਸ ਨੇ ਪਿਛਲੇ ਚਾਰ ਮਹੀਨਿਆਂ ਤੋਂ ਆਪਣੇ ਖਾਤੇ ਵਿੱਚੋਂ ਕੋਈ ਪੈਸਾ ਨਹੀਂ ਕਢਵਾਇਆ ਸੀ। ਆਪਣੇ ਪਰਿਵਾਰਕ ਮੈਂਬਰਾਂ ਨੂੰ ਫ਼ੋਨ ਕਰਨ ਤੋਂ ਬਾਅਦ ਆਪਣੇ ਸਮਾਨ ਤੋਂ ਬਿਨਾਂ ਘਰੋਂ ਨਿਕਲ ਗਈ ਸੀ।" ਉਸ ਨੇ ਕਿਹਾ ਕਿ ਸਨੇਹਾ ਨੇ 7 ਜੁਲਾਈ ਨੂੰ ਸਵੇਰੇ 5.56 ਵਜੇ ਆਪਣੇ ਪਰਿਵਾਰ ਨੂੰ ਫ਼ੋਨ ਕੀਤਾ ਅਤੇ ਉਨ੍ਹਾਂ ਨੂੰ ਦੱਸਿਆ ਕਿ ਉਹ ਇੱਕ ਦੋਸਤ, ਪਿਟੂਨੀਆ ਨੂੰ ਮਿਲਣ ਲਈ ਸਰਾਏ ਰੋਹਿਲਾ ਰੇਲਵੇ ਸਟੇਸ਼ਨ ਜਾਵੇਗੀ। ਪਰਿਵਾਰਕ ਦੋਸਤ ਨੇ ਕਿਹਾ, "ਮਗਰੋਂ ਉਸ ਦਾ ਫ਼ੋਨ ਤਿੰਨ ਘੰਟਿਆਂ ਤੋਂ ਵੱਧ ਸਮੇਂ ਤੱਕ ਆਊਟ ਆਫ਼ ਰੀਚ ਰਿਹਾ। ਉਸ ਦੇ ਪਰਿਵਾਰ ਨੂੰ ਸ਼ੱਕ ਹੋਇਆ ਅਤੇ ਉਸ ਨੇ ਪਿਟੂਨੀਆ ਨੂੰ ਫ਼ੋਨ ਕੀਤਾ, ਜਿਸ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਉਸ ਨੂੰ ਨਹੀਂ ਮਿਲੀ।"

ਉਸਦੇ ਲਈ ਸੁਰਾਗ ਦੀ ਉਮੀਦ ਵਿੱਚ, ਸਨੇਹਾ ਦੇ ਅਜ਼ੀਜ਼ਾਂ ਨੇ ਲੋਕਾਂ ਲਈ ਉਸਦੇ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਇੱਕ ਵੈੱਬ ਡੈਸ਼ਬੋਰਡ ਲਾਂਚ ਕੀਤਾ।

ਸਨੇਹਾ ਦੇ ਪਰਿਵਾਰ ਨੇ ਸਿਗਨੇਚਰ ਬ੍ਰਿਜ 'ਤੇ ਸਾਰੇ ਸੀਸੀਟੀਵੀ ਕੈਮਰਿਆਂ ਦੀ ਤੁਰੰਤ ਮੁਰੰਮਤ, ਪੁਲ ਖੇਤਰ ਲਈ ਸਪਸ਼ਟ ਅਧਿਕਾਰ ਖੇਤਰ ਨਿਰਧਾਰਤ ਕਰਨ, ਦਿੱਲੀ ਭਰ ਵਿੱਚ ਸੀਸੀਟੀਵੀ ਬੁਨਿਆਦੀ ਢਾਂਚੇ ਦਾ ਜਨਤਕ ਆਡਿਟ ਅਤੇ ਜਾਂਚ ਵਿੱਚ ਪਾਰਦਰਸ਼ਤਾ ਦੀ ਮੰਗ ਕੀਤੀ।

ਸਨੇਹਾ ਸੂਬੇਦਾਰ ਮੇਜਰ (ਆਨਰ) ਲੈਫਟੀਨੈਂਟ ਪ੍ਰਿਤੀਸ਼ ਦੇਬਨਾਥ (ਸੇਵਾਮੁਕਤ) ਦੀ ਧੀ ਸੀ, ਜੋ ਕਿ ਗੁਰਦੇ ਦੀ ਗੰਭੀਰ ਬਿਮਾਰੀ ਨਾਲ ਜੂਝ ਰਹੇ ਹਨ ਅਤੇ ਇਸ ਸਮੇਂ ਡਾਇਲਿਸਿਸ ਰਾਹੀਂ ਇਲਾਜ ਅਧੀਨ ਹਨ।

# ਸ਼ਾਹਪੁਰ ਦੀ ਅਗਵਾਈ ਹੇਠ ਭਾਜਪਾ ਵਰਕਰਾਂ ਨੇ ਅਸ਼ਵਨੀ ਸ਼ਰਮਾ ਦੇ ਅਹੁਦਾ ਸੰਭਾਲਣ ਸਮਾਰੋਹ ਵਿੱਚ ਹਿੱਸਾ ਲਿਆ



**ਨਾਭਾ, 17 ਜੁਲਾਈ/-ਸੁਧੀਰ ਜੈਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਦੇ ਮੁੱਖ ਸੇਵਾਦਾਰ ਅਤੇ ਸਵਰਗੀ ਵਿਧਾਇਕ ਬਲਵੰਤ ਸਿੰਘ ਸ਼ਾਹਪੁਰ ਦੇ ਪੁੱਤਰ ਗੁਰਪ੍ਰੀਤ ਸਿੰਘ ਸ਼ਾਹਪੁਰ, ਜਿਨ੍ਹਾਂ ਨੇ ਭਾਜਪਾ ਪਾਰਟੀ ਦੀ ਟਿਕਟ 'ਤੇ ਵਿਧਾਨ ਸਭਾ ਹਲਕਾ ਨਾਭਾ ਤੋਂ 2022 ਦੀਆਂ ਚੋਣਾਂ ਲੜੀਆਂ ਸਨ, ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਭਾਜਪਾ ਵਰਕਰ ਅਸ਼ਵਨੀ ਸ਼ਰਮਾ ਨੂੰ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਵਜੋਂ ਨਿਯੁਕਤ ਕਰਨ ਦੇ ਚੰਡੀਗੜ੍ਹ ਵਿੱਚ ਆਯੋਜਿਤ ਸਮਾਗਮ ਵਿੱਚ ਪਹੁੰਚੇ। ਇਸ ਮੌਕੇ ਉਨ੍ਹਾ ਨੇ ਅਸ਼ਵਨੀ ਸ਼ਰਮਾ ਨੂੰ ਮੁਬਾਰਕਬਾਦ ਦਿੱਤੀ ਤੇ ਗੁਲਦਸਤਾ ਦਿੱਤਾ ਮੁਲਾਕਾਤ ਕੀਤੀ।

ਗੁਰਪ੍ਰੀਤ ਸਿੰਘ ਸ਼ਾਹਪੁਰ ਜੋ ਬੀਜੇਪੀ ਨਾਭਾ ਦੇ ਮੁੱਖ ਸੇਵਾਦਾਰ ਹਨ ਉਨਾਂ ਵੱਲੋਂ ਇੱਕ ਘੰਟਾ ਲਗਾਤਾਰ ਅਸ਼ਵਨੀ ਸ਼ਰਮਾ ਜੀ ਨਾਲ ਬੈਠ ਕੇ ਵਿਧਾਨ ਸਭਾ ਹਲਕਾ ਨਾਭਾ ਬਾਰੇ ਵਿਚਾਰ ਕੀਤਾ

ਇਸ ਮੌਕੇ ਸ਼ਾਹਪੁਰ ਨੇ ਕਿਹਾ ਕਿ ਅਸ਼ਵਨੀ ਸ਼ਰਮਾ ਦੇ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਬਣਨ ਕਾਰਨ ਵਰਕਰਾਂ ਵਿੱਚ ਬਹੁਤ ਉਤਸ਼ਾਹ ਹੈ ਅਤੇ ਉਨ੍ਹਾਂ ਦੇ ਆਉਣ ਨਾਲ ਪੰਜਾਬ ਵਿੱਚ ਭਾਜਪਾ ਨੂੰ ਹੋਰ ਮਜ਼ਬੂਤੀ ਮਿਲੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਲਵਿੰਦਰ ਸਿੰਘ ਛੀਟਾਂਵਾਲਾ, ਰਾਮ ਕ੍ਰਿਸ਼ਨ ਭੱਲਾ ਸੀਨੀਅਰ ਭਾਜਪਾ ਆਗੂ, ਰਾਜ ਕੁਮਾਰ ਨੌਕਵਾਲ, ਅਵਤਾਰ ਸਿੰਘ ਬਨੇਰਾ, ਗਰਪਿੰਦਰ ਸਿੰਘ ਬੂਹੀ, ਹਰਚਰਨ ਸਿੰਘ ਆਗੇਤੀ ਅਤੇ ਹੋਰ ਭਾਜਪਾ ਵਰਕਰ ਹਾਜ਼ਰ ਸਨ।

# ਪੰਜਾਬ ਸੜਕ ਸਫ਼ਾਈ ਮਿਸ਼ਨ' ਤਹਿਤ ਜਲੰਧਰ-ਹੁਸ਼ਿਆਰਪੁਰ ਸੜਕ 'ਤੇ ਸਫ਼ਾਈ ਸਮੇਤ ਹੋਰ ਕੰਮਾਂ ਦਾ ਲਿਆ ਜਾਇਜ਼ਾ

**ਜਲੰਧਰ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੜਕਾਂ ਦੀ ਨਿਰੰਤਰ ਨਿਗਰਾਨੀ ਲਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਸਮੇਤ ਉੱਚ ਅਧਿਕਾਰੀਆਂ ਵਲੋਂ 51 ਸੜਕਾਂ ਨੂੰ ਗੋਦ ਲਿਆ ਗਿਆ ਹੈ। ਇਸ ਮਿਸ਼ਨ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ 'ਤੇ ਅੱਜ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਵਿਵੇਕ ਮੋਦੀ ਨੇ ਜਲੰਧਰ-ਹੁਸ਼ਿਆਰਪੁਰ ਸੜਕ 'ਤੇ ਸਾਫ਼-ਸਫ਼ਾਈ ਅਤੇ ਹੋਰ ਹੋਣ ਵਾਲੇ ਜਰੂਰੀ ਕੰਮਾਂ ਦਾ ਜਾਇਜ਼ਾ ਲਿਆ। ਵਧੀਕ ਡਿਪਟੀ ਕਮਿਸ਼ਨਰ ਨੇ ਸਬੰਧਿਤ ਬੀ.ਡੀ.ਪੀ.ਓ ਨੂੰ ਹਦਾਇਤ ਕੀਤੀ ਕਿ ਹੁਸ਼ਿਆਰਪੁਰ ਸੜਕ ਦੀ ਸਾਫ਼-ਸਫ਼ਾਈ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਐਕਸੀਅਨ ਐਨ.ਐਚ.ਏ.ਆਈ. ਨੂੰ ਵੀ ਨਿਰਦੇਸ਼ ਦਿੱਤੇ ਕਿ ਸਮੁੱਚੀ ਸੜਕ 'ਤੇ ਖੱਡਿਆਂ ਨੂੰ ਤੁਰੰਤ ਠੀਕ ਕਰਵਾਇਆ ਜਾਵੇ।

# ਹਰਿਆਣਾ ਤੇ ਗੋਆ ਨੂੰ ਮਿਲੇ ਨਵੇਂ ਰਾਜਪਾਲ ਅਤੇ ਲੱਦਾਖ਼ ਨੂੰ ਨਵਾਂ ਉਪ ਰਾਜਪਾਲ ਮਿਲਿਆ

**ਚੰਡੀਗੜ੍ਹ, 17 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਹਰਿਆਣਾ ਤੇ ਗੋਆ ਵਿਚ ਨਵੇਂ ਰਾਜਪਾਲਾਂ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ ਲੱਦਾਖ਼ ਵਿਚ ਨਵੇਂ ਉਪ ਰਾਜਪਾਲ ਦੀ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਰਾਸ਼ਟਰਪਤੀ ਭਵਨ ਤੋਂ ਸੋਮਵਾਰ ਨੂੰ ਜਾਰੀ ਫੁਰਮਾਨਾਂ ਮੁਤਾਬਕ ਪ੍ਰੋ. ਅਸੀਮ ਕੁਮਾਰ ਘੋਸ਼ ਨੂੰ ਹਰਿਆਣਾ ਦਾ ਨਵਾਂ ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਉਹ ਮੌਜੂਦਾ ਰਾਜਪਾਲ ਬੰਡਾਰੂ ਦੱਤਾਤ੍ਰੇਅ ਦੀ ਥਾਂ ਲੈਣਗੇ।

ਇਸੇ ਤਰ੍ਹਾਂ ਪੁਸ਼ਪਤੀ ਅਸ਼ੋਕ ਗਜਪਤੀ ਰਾਜੂ ਨੂੰ ਗੋਆ ਦਾ ਨਵਾਂ ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਲੱਦਾਖ਼ ਦੇ ਨਵੇਂ ਉਪ ਰਾਜਪਾਲ ਦੀ ਜ਼ਿੰਮੇਵਾਰੀ ਕਵਿੰਦਰ ਗੁਪਤਾ ਨੂੰ ਸੌਂਪੀ ਗਈ ਹੈ। ਰਾਸ਼ਟਰਪਤੀ ਨੇ ਨਾਲ ਹੀ ਲੱਦਾਖ਼ ਦੇ ਉਪ ਰਾਜਪਾਲ ਬ੍ਰਿਗੇਡੀਅਰ ਡਾ. ਬੀਡੀ ਮਿਸ਼ਰਾ (ਸੇਵਾਮੁਕਤ) ਦਾ ਅਸਤੀਫ਼ਾ ਮਨਜ਼ੂਰ ਕਰ ਲਿਆ ਹੈ।

# ਬਰਿੰਦਰ ਕੁਮਾਰ ਗੋਇਲ ਦਾ ਬਿਆਨ, ਹੜ੍ਹਾਂ ਤੋਂ ਬਚਾਅ ਲਈ ਹੋਏ ਸਖ਼ਤ ਪ੍ਰਬੰਧ

ਚੰਡੀਗੜ੍ਹ 17 ਜੁਲਾਈ। ਵਿਧਾਨ ਸਭਾ 'ਚ ਸਿੰਚਾਈ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਪਿੱਛਲੇ ਸਮੇਂ ਤੋਂ ਪਿੰਡ ਟਿਵਾਣਾ 'ਚ ਸਭ ਤੋਂ ਵੱਡੀ ਮੁਸ਼ਕਿਲ ਆ ਰਹੀ ਹੈ। ਉਨ੍ਹਾਂ ਦੱਸਿਆ ਕਿ 2023 'ਚ ਪਿੰਡ ਟਿਵਾਣਾ ਵਿਚ ਇੱਕ ਵੱਡੀ ਸਮੱਸਿਆ ਪੈਦਾ ਹੋਈ ਸੀ। ਉਸ ਸਮੇਂ ਬਹੁਤ ਸਾਰਾ ਪਾਣੀ ਆਇਆ ਸੀ ਅਤੇ ਉੱਥੇ ਅੱਠ ਤੋਂ ਦਸ ਫੁੱਟ ਪਾਣੀ ਭਰ ਗਿਆ ਸੀ, ਜਿਸ ਕਾਰਨ ਮਿੱਟੀ ਵਹਿ ਗਈ ਸੀ। ਇਸ ਤੋਂ ਕਈ ਏਕੜ ਫਸਲ ਵੀ ਖਰਾਬ ਹੋ ਗਈ। ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਹੁਣ 29 ਜੂਨ 2025 ਨੂੰ ਘੱਗਰ 'ਚ ਬਹੁਤ ਸਾਰਾ ਪਾਣੀ ਆ ਗਿਆ ਸੀ। ਇਸ ਤੋਂ ਬਾਅਦ ਵਿਭਾਗ ਨੇ ਪਿਛਲੇ ਬੰਨ੍ਹ ਨੂੰ ਮਜ਼ਬੂਤੀ ਨਾਲ ਤਿਆਰ ਕੀਤਾ ਹੈ। ਇਸ ਦੇ ਨਾਲ ਹੀ ਘੱਗਰ ਤੋਂ ਬਚਾਅ ਲਈ ਸਖ਼ਤ ਕੰਮ ਕੀਤਾ ਗਿਆ ਹੈ। 2023 ਵਿੱਚ ਘੱਗਰ ਵਿੱਚ ਜੋ ਤਬਾਹੀ ਹੋਈ ਸੀ ਉਹ ਪਹਿਲਾਂ ਕਦੇ ਨਹੀਂ ਹੋਈ ਸੀ। ਉਨ੍ਹਾਂ ਕਿਹਾ ਕਿ ਘੱਗਰ ਪੰਜਾਬ 'ਚ ਸਭ ਤੋਂ ਵੱਧ ਤਬਾਹੀ ਮਚਾਉਂਦਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਤੇ ਹਿਮਾਚਲ ਦੀਆਂ ਨਦੀਆਂ ਦਾ ਪਾਣੀ ਵੀ ਸਾਰਾ ਘੱਗਰ ਵਿਚ ਜਾਂਦਾ ਹੈ। 2023 ਵਿਚ ਜੋ ਵੱਡੀ ਸਮੱਸਿਆ ਖੜੀ ਹੋਈ ਸੀ ਉਸ ਨੂੰ ਧਿਆਨ 'ਚ ਰੱਖਦੇ ਹੋਏ ਘੱਗਰ ਨੂੰ ਚੌੜਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਇਹ ਕੰਮ ਕੱਲ੍ਹ ਤੋਂ ਹੀ ਸ਼ੁਰੂ ਹੋ ਜਾਵੇਗਾ । ਜਿਸ ਤੋਂ ਬਾਅਦ ਕੋਈ ਮੁਸ਼ਕਿਲ ਨਹੀਂ ਆਵੇਗੀ।

## ਜਲੰਧਰ ਜ਼ਿਲ੍ਹੇ 'ਚ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਗੋਦ ਲਈਆਂ 51 ਸੜਕਾਂ, ਜਾਣੋ ਕਹੀ ਰਹੀ ਵਜਹਾ

ਜਲੰਧਰ 17 ਜੁਲਾਈ। ਪੰਜਾਬ ਨੂੰ ਦੇਸ਼ ਦਾ ਸਭ ਤੋਂ ਸਵੱਛ ਸੂਬਾ ਬਣਾਉਣ ਦੇ ਮਕਸਦ ਨਾਲ ਸ਼ੁਰੂ ਕੀਤੇ ਗਏ 'ਪੰਜਾਬ ਸੜਕ ਸਫ਼ਾਈ ਮਿਸ਼ਨ' ਤਹਿਤ ਜਲੰਧਰ ਜ਼ਿਲ੍ਹੇ 'ਚ ਸਫ਼ਾਈ ਅਤੇ ਸੜਕ ਸੁਧਾਰ ਦੀ ਦਿਸ਼ਾ 'ਚ ਇਕ ਨਵੀਂ ਮਿਸਾਲ ਪੇਸ਼ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹੇ ਦੇ ਸੀਨੀਅਰ ਅਧਿਕਾਰੀਆਂ ਨਾਲ ਮਿਲ ਕੇ 10 ਕਿਲੋਮੀਟਰ ਤਕ ਦੀਆਂ 51 ਪ੍ਰਮੁੱਖ ਸੜਕਾਂ ਨੂੰ ਗੋਦ ਲਿਆ ਹੈ। ਇਸ ਤਹਿਤ ਸਫ਼ਾਈ, ਰੱਖ-ਰਖਾਅ ਅਤੇ ਬੁਨਿਆਦੀ ਢਾਂਚੇ ਨੂੰ ਹੋਰ ਬਿਹਤਰ ਬਣਾਇਆ ਜਾਵੇਗਾ।ਇਸ ਮੁਹਿੰਮ 'ਚ ਡਾ. ਅਗਰਵਾਲ ਨੇ ਜਲੰਧਰ-ਫਗਵਾੜਾ ਰੋਡ (ਜਲੰਧਰ ਹੱਦ ਤਕ) ਦੀ ਜ਼ਿੰਮੇਵਾਰੀ ਖ਼ੁਦ ਉਠਾਈ ਹੈ ਅਤੇ ਇਸ ਦੀ ਸਫ਼ਾਈ, ਇੰਜੀਨੀਅਰਿੰਗ ਸੁਧਾਰ, ਬਲੈਕ ਸਪਾਟਸ ਦੀ ਪਛਾਣ ਅਤੇ ਨਗਰ ਨਿਗਮ ਤੇ ਐੱਨ. ਐੱਚ. ਏ. ਆਈ. ਦੇ ਸਹਿਯੋਗ ਨਾਲ ਨਿਯਮਿਤ ਨਿਗਰਾਨੀ ਦਾ ਜ਼ਿੰਮਾ ਸੰਭਾਲਿਆ ਹੈ। ਡਾ. ਅਗਰਵਾਲ ਨੇ ਦੱਸਿਆ ਕਿ ਮੁੱਖ




ਮੰਤਰੀ ਭਗਵੰਤ ਮਾਨ ਦੇ ਵਿਜ਼ਨ ਤੋਂ ਪ੍ਰੇਰਿਤ ਇਸ ਮਿਸ਼ਨ ਦੇ ਪਹਿਲੇ ਪੜਾਅ 'ਚ ਕੁੱਲ੍ਹ 500 ਕਿਲੋਮੀਟਰ ਸੜਕ ਹਿੱਸੇ ਨੂੰ 'ਅਡਾਪਟ' ਕੀਤਾ ਗਿਆ ਹੈ, ਜਿੱਥੇ ਅਫ਼ਸਰ ਸਿੱਧੇ ਤੌਰ 'ਤੇ ਨਿਗਰਾਨੀ, ਮੁਆਇਨੇ ਅਤੇ ਸਮੱਸਿਆ ਦੇ ਹੱਲ ਲਈ ਜ਼ਿੰਮੇਵਾਰ ਹੋਣਗੇ। ਹਰ ਅਧਿਕਾਰੀ ਨੂੰ ਜੋ ਸੜਕ ਸੌਂਪੀ ਗਈ ਹੈ, ਉਸ ਦੀ ਰੋਜ਼ਾਲਾ ਦੇਖ-ਰੇਖ, ਟੋਇਆਂ ਦੀ ਮੁਰੰਮਤ, ਸੜਕ ਚਿੰਨ੍ਹਾਂ ਦੀ ਸਪੱਸ਼ਟਤਾ, ਫੁੱਟਪਾਥ ਅਤੇ ਸਟ?ਰੀਟ ਲਾਈਟਾਂ ਦੀ ਕਾਰਜਸ਼ੀਲਤਾ, ਕੂੜਾ ਅਤੇ ਸਫ਼ਾਈ ਯਕੀਨੀ ਬਣਾਉਣਾ ਉਨ੍ਹਾਂ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ। ਮੁਆਇਨੇ ਦੌਰਾਨ ਕਿਸੇ ਵੀ ਗੜਬੜੀ ਦੀ ਜਾਣਕਾਰੀ ਤੁਰੰਤ ਸਬੰਧਤ ਵਿਭਾਗਾਂ ਨੂੰ ਦਿੱਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਸਾਰੇ ਅਧਿਕਾਰੀਆਂ ਤੋਂ ਮਿਸ਼ਨ ਨੂੰ ਆਪਣੀ ਸਰਵਉੱਚ ਪਹਿਲ ਦੇਣ ਦੀ ਬੇਨਤੀ ਕੀਤੀ ਅਤੇ ਕਿਹਾ ਕਿ ਸਪੱਸ਼ਟ ਜਵਾਬਦੇਹੀ ਨਾਲ ਇਹ ਮਿਸ਼ਨ ਨਾ ਸਿਰਫ਼ ਸੜਕਾਂ ਦੀ ਹਾਲਤ ਸੁਧਾਰੇਗਾ, ਸਗੋਂ ਨਾਗਰਿਕਾਂ ਦੀ ਸਹੂਲਤ ਵੀ ਵਧਾਵੇਗਾ। ਇਸ ਮੌਕੇ 'ਤੇ ਏ. ਡੀ. ਸੀ. ਜਸਬੀਰ ਸਿੰਘ, ਮੁੱਖ ਮੰਤਰੀ ਫੀਲਡ ਅਫ਼ਸਰ ਮੁਕੀਲਨ ਆਰ., ਆਰ. ਟੀ. ਏ. ਸਕੱਤਰ ਬਲਬੀਰ ਰਾਜ ਸਿੰਘ, ਜ਼ਿਲ੍ਹਾ ਰੈਵੇਨਿਊ ਅਧਿਕਾਰੀ ਨਵਦੀਪ ਭੋਗਲ ਸਮੇਤ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਹਾਜ਼ਰ ਰਹੇ। ਅਧਿਕਾਰੀਆਂ ਨੇ ਕਿਹਾ ਕਿ ਇਹ ਪਹਿਲ ਸਮਾਜਿਕ ਜਾਗਰੂਕਤਾ ਦਾ ਪ੍ਰਤੀਕ ਬਣ ਕੇ ਉਭਰੇਗੀ। ਅਧਿਕਾਰੀ ਖ਼ੁਦ ਸੜਕਾਂ ਦੀ ਜ਼ਿੰਮੇਵਾਰੀ ਉਠਾ ਕੇ 'ਸਵੱਛ ਪੰਜਾਬ' ਦੀ ਦਿਸ਼ਾ 'ਚ ਸਾਰਥਕ ਕਦਮ ਵਧਾ ਰਹੇ ਹਨ।

# ਮੁੱਖ ਮੰਤਰੀ ਰੇਖਾ ਗੁਪਤਾ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨਾਲ ਕੀਤੀ ਮੁਲਾਕਾਤ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 17 ਜੁਲਾਈ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਅੱਜ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਵਿੱਤ ਮੰਤਰਾਲੇ ਵਿੱਚ ਹੋਈ ਇਸ ਮੁਲਾਕਾਤ ਦੌਰਾਨ ਮੁੱਖ ਮੰਤਰੀ ਰੇਖਾ ਗੁਪਤਾ ਨੇ ਕੇਂਦਰੀ ਮੰਤਰੀ ਨੂੰ ਰਾਜਧਾਨੀ ਦਿੱਲੀ ਦੀ ਵਿਕਾਸ ਯਾਤਰਾ, ਮੌਜੂਦਾ ਯੋਜਨਾਵਾਂ ਦੀ ਪ੍ਰਗਤੀ ਅਤੇ ਭਵਿੱਖੀ ਲੋੜਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਦਿੱਲੀ ਵਿੱਚ ਪ੍ਰਭਾਵੀ ਬਦਲਾਅ ਹੋ ਰਹੇ ਹਨ। ਮੁੱਖ ਮੰਤਰੀ ਨੇ ਇਹ ਵੀ ਉਜਾਗਰ ਕੀਤਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਦੀ 'ਸਹਿਭਾਗਤਾ ਅਧਾਰਤ ਵਿਕਾਸ ਨੀਤੀ' ਨੇ ਰਾਜਧਾਨੀ ਨੂੰ ਨਵੀਂ ਦਿਸ਼ਾ ਅਤੇ ਊਰਜਾ ਪ੍ਰਦਾਨ ਕੀਤੀ ਹੈ। ਮੁੱਖ ਮੰਤਰੀ ਨੇ ਜਾਣਕਾਰੀ ਦਿੱਤੀ ਕਿ ਮੀਟਿੰਗ ਦੌਰਾਨ ਕੇਂਦਰੀ ਵਿੱਤ ਮੰਤਰੀ ਸ਼੍ਰੀਮਤੀ ਨਿਰਮਲਾ ਸੀਤਾਰਮਣ ਨੇ ਭਰੋਸਾ ਦਿਵਾਇਆ ਹੈ ਕਿ ਦਿੱਲੀ ਦੇ ਵਿਕਾਸ ਲਈ ਕੇਂਦਰ ਸਰਕਾਰ ਹਰ ਸੰਭਵ ਸਹਿਯੋਗ ਪ੍ਰਦਾਨ ਕਰਦੀ ਰਹੇਗੀ। ਉਨ੍ਹਾਂ ਨੇ ਕਿਹਾ ਕਿ ਦਿੱਲੀ ਸਿਰਫ਼ ਦੇਸ਼ ਦੀ ਰਾਜਧਾਨੀ ਹੀ ਨਹੀਂ, ਸਗੋਂ ਭਾਰਤ ਦੀ ਸਭਿਆਚਾਰਕ, ਪ੍ਰਸ਼ਾਸਨਿਕ ਅਤੇ ਆਰਥਿਕ ਪਛਾਣ ਦਾ ਕੇਂਦਰ ਵੀ ਹੈ। ਅਜਿਹੇ ਵਿੱਚ ਇਸ ਦਾ ਨਿਯੋਜਿਤ ਵਿਕਾਸ ਅਤੇ ਸੁਸ਼ਾਸਨ ਅਜਿਹਾ ਹੋਣਾ ਚਾਹੀਦਾ ਹੈ, ਜੋ ਸਭ ਲਈ ਪ੍ਰੇਰਨਾ ਦਾ ਸਰੋਤ ਬਣੇ। ਮੁੱਖ ਮੰਤਰੀ ਨੇ ਕੇਂਦਰੀ ਮੰਤਰੀ ਨੂੰ ਜਾਣਕਾਰੀ ਦਿੱਤੀ ਕਿ ਦਿੱਲੀ ਸਰਕਾਰ ਇਸੇ ਦਿਸ਼ਾ ਵਿੱਚ ਲਗਾਤਾਰ ਕੰਮ ਕਰ ਰਹੀ ਹੈ, ਤਾਂ ਜੋ ਦਿੱਲੀ ਦਾ ਬਿਹਤਰ ਵਿਕਾਸ ਹੋਵੇ ਅਤੇ ਲੋਕਾਂ ਨੂੰ ਉਹ ਸਾਰੀਆਂ ਸੁਵਿਧਾਵਾਂ ਮਿਲਣ, ਜੋ ਦੇਸ਼ ਦੀ ਰਾਜਧਾਨੀ ਦੇ ਨਿਵਾਸੀਆਂ ਨੂੰ ਮਿਲਣੀਆਂ ਚਾਹੀਦੀਆਂ ਹਨ। ਮੁੱਖ ਮੰਤਰੀ ਨੇ ਇਹ ਵੀ ਦੱਸਿਆ ਕਿ ਕੇਂਦਰੀ ਵਿੱਤ ਮੰਤਰੀ ਨੇ ਜਾਣਕਾਰੀ ਦਿੱਤੀ ਕਿ ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ SASCI (Special Assistance to States/UTs for Capital Investment) ਯੋਜਨਾ ਦੇ ਅੰਤਰਗਤ ਦਿੱਲੀ ਸਰਕਾਰ ਨੂੰ ਇਸ ਮਹੀਨੇ ਦੇ ਅੰਤ ਤੱਕ 600 ਕਰੋੜ ਰੁਪਏ ਦੀ ਵਿਸ਼ੇਸ਼ ਵਿੱਤੀ ਸਹਾਇਤਾ ਪ੍ਰਦਾਨ ਕਰ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਰਾਸ਼ੀ ਲਈ ਉਹ ਜਲਦੀ ਹੀ ਪ੍ਰਸਤਾਵ ਵਿੱਤ ਮੰਤਰਾਲੇ ਨੂੰ ਭੇਜ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਧਨਰਾਸ਼ੀ ਦੀ ਵਰਤੋਂ ਦਿੱਲੀ ਦੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਲਈ ਕੀਤੀ ਜਾਵੇਗੀ। ਇਸ ਰਾਸ਼ੀ ਦੀ ਵਰਤੋਂ ਦਿੱਲੀ ਵਿੱਚ ਆਵਾਜਾਈ ਪ੍ਰਬੰਧਨ, ਪਾਣੀ ਦੀ ਨਿਕਾਸੀ, ਹਰਿਤ ਊਰਜਾ, ਕੂੜਾ ਪ੍ਰਬੰਧਨ ਆਦਿ ਯੋਜਨਾਵਾਂ ਵਿੱਚ ਵੀ ਕੀਤੀ ਜਾਵੇਗੀ। ਮੁੱਖ ਮੰਤਰੀ ਰੇਖਾ ਗੁਪਤਾ ਨੇ ਕੇਂਦਰੀ ਵਿੱਤ ਮੰਤਰੀ ਦੇ ਸਕਾਰਾਤਮਕ ਦ੍ਰਿਸ਼ਟੀਕੋਣ ਅਤੇ ਸਹਿਯੋਗੀ ਰਵੱਈਏ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਦਿੱਲੀ ਦੀ ਜਨਤਾ ਕੇਂਦਰ ਅਤੇ ਰਾਜ ਸਰਕਾਰ ਦੇ ਸਾਂਝੇ ਯਤਨਾਂ ਦਾ ਸਿੱਧਾ ਲਾਭ ਮਹਿਸੂਸ ਕਰ ਰਹੀ ਹੈ। ਮੁੱਖ ਮੰਤਰੀ ਨੇ ਇਹ ਵੀ ਭਰੋਸਾ ਦਿੱਤਾ ਕਿ SASCI ਯੋਜਨਾ ਦਾ ਪ੍ਰਭਾਵੀ ਅਮਲ ਯਕੀਨੀ ਕੀਤਾ ਜਾਵੇਗਾ ਅਤੇ ਦਿੱਲੀ ਨੂੰ ਵਿਸ਼ਵ ਪੱਧਰੀ ਰਾਜਧਾਨੀ ਦੇ ਰੂਪ ਵਿੱਚ ਵਿਕਸਤ ਕਰਨ ਦੀ ਦਿਸ਼ਾ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਇਸ ਮੀਟਿੰਗ ਵਿੱਚ ਵਿੱਤ ਮੰਤਰਾਲੇ ਅਤੇ ਦਿੱਲੀ ਸਰਕਾਰ ਦੇ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ। ਮੁੱਖ ਮੰਤਰੀ ਦਾ ਇਹ ਵੀ ਕਹਿਣਾ ਹੈ ਕਿ ਇਹ ਮੁਲਾਕਾਤ ਨਾ ਸਿਰਫ਼ ਦਿੱਲੀ ਦੇ ਵਿਕਾਸ ਨੂੰ ਗਤੀ ਦੇਣ ਦੀ ਦ੍ਰਿਸ਼ਟੀ ਨਾਲ ਮਹੱਤਵਪੂਰਨ ਸੀ, ਸਗੋਂ ਇਹ ਕੇਂਦਰ ਅਤੇ ਰਾਜ ਸਰਕਾਰ ਦਰਮਿਆਨ ਸਹਿਯੋਗੀ ਸੰਘਵਾਦ ਦੀ ਭਾਵਨਾ ਦਾ ਇੱਕ ਸ਼ਾਨਦਾਰ ਉਦਾਹਰਣ ਵੀ ਹੈ। SASCI ਯੋਜਨਾ ਦੀ ਸ਼ੁਰੂਆਤ ਸਾਲ 2020-21 ਵਿੱਚ ਕੋਵਿਡ-19 ਤੋਂ ਆਰਥਿਕ ਪੁਨਰੁਥਾਨ ਦੇ ਮੱਦੇਨਜ਼ਰ ਕੀਤੀ ਗਈ ਸੀ। ਇਸ ਦਾ ਉਦੇਸ਼ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਪੂੰਜੀਗਤ ਖਰਚ ਲਈ 50 ਸਾਲਾਂ ਤੱਕ ਵਿਆਜ ਰਹਿਤ ਕਰਜ਼ੇ ਪ੍ਰਦਾਨ ਕਰਨਾ ਹੈ, ਤਾਂ ਜੋ ਬੁਨਿਆਦੀ ਢਾਂਚੇ, ਰੁਜ਼ਗਾਰ ਅਤੇ ਸਥਿਰ ਵਿਕਾਸ ਨੂੰ ਉਤਸ਼ਾਹ ਮਿਲ ਸਕੇ। ਇਹ ਯੋਜਨਾ ਰਾਜਾਂ ਨੂੰ ਵਿੱਤੀ ਸੰਸਾਧਨ, ਸੁਧਾਰ ਅਤੇ ਪੂੰਜੀਗਤ ਸਮਰੱਥਾ ਪ੍ਰਦਾਨ ਕਰਕੇ ਦੇਸ਼ ਦੇ ਸਮੁੱਚੇ ਵਿਕਾਸ ਵਿੱਚ ਸਰਗਰਮ ਭਾਗੀਦਾਰ ਬਣਾਉਂਦੀ ਹੈ।



# ਪੁਲਸ ਵੱਲੋਂ ਵਕੀਲ ਦੇ ਚੈਂਬਰ ਤੋਂ ਮੁਲਜ਼ਮ ਨੂੰ ਜ਼ਬਰੀ ਚੁੱਕਣ ਕਾਰਨ ਵਕੀਲ ਭਾਈਚਾਰੇ 'ਚ ਰੋਸ

**ਕੌਮੀ ਪਤ੍ਰਿਕਾ**

ਗੁਰਦਾਸਪੁਰ 17 ਜੁਲਾਈ। ਅੱਜ ਗੁਰਦਾਸਪੁਰ ਸਥਿਤ ਜ਼ਿਲ੍ਹਾ ਕਚਿਹਰੀ ਕੰਪਲੈਕਸ ਅੰਦਰ ਆਪਣੇ ਵਕੀਲ ਦੇ ਚੈਂਬਰ ਵਿਚ ਆਏ ਇਕ ਵਿਅਕਤੀ ਨੂੰ ਦੀਨਾਨਗਰ ਪੁਲਸ ਵੱਲੋਂ ਜਬਰੀ ਚੁੱਕ ਕੇ ਲਿਜਾਣ ਕਾਰਨ ਸਮੁੱਚਾ ਵਕੀਲ ਭਾਈਚਾਰਾ ਰੋਸ ਵਿਚ ਆ ਗਿਆ ਹੈ ਅਤੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਨੇ ਸਾਰੀ ਘਟਨਾਕ੍ਰਮ ਨੂੰ ਲੈ ਕੇ ਤੁਰੰਤ ਗੁਰਦਾਸਪੁਰ ਦੇ ਜ਼ਿਲ੍ਹਾ ਸੈਸ਼ਨ ਜੱਜ ਨੂੰ ਲਿਖਤੀ ਸ਼ਿਕਾਇਤ 'ਚ ਵਕੀਲ ਦੇ ਚੈਂਬਰ ਵਿਚ ਆਈ। ਇਸ ਪੁਲਸ ਪਾਰਟੀ ਤੇ ਥਾਣਾ ਮੁਖੀ ਖਿਲਾਫ ਸਖਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਇਸ ਸ਼ਿਕਾਇਤ ਵਿਚ ਬਾਰ ਐਸੋਸੀਏਸ਼ਨ ਨੇ ਦੱਸਿਆ ਕਿ ਐਡਵੋਕੇਟ ਦਿਲਬਾਗ ਸਿੰਘ ਸੈਣੀ ਆਪਣੇ ਚੈਂਬਰ ਵਿਚ ਮੌਜੂਦ ਸਨ ਜਿਸ ਦੌਰਾਨ ਸਾਢੇ 3 ਵਜੇ ਦੇ ਕਰੀਬ ਦੀਨਾਨਗਰ ਥਾਣੇ ਦੇ ਮੁਖੀ ਸਿਵਲ ਕੱਪੜਿਆਂ ਵਿਚ 6-7 ਹੋਰ ਪੁਲਸ ਮੁਲਾਜ਼ਮਾਂ ਨਾਲ ਚੈਂਬਰ ਵਿਚ ਆਏ ਜਿਨ੍ਹਾਂ ਨੇ ਆਉਂਦੇ ਹੀ ਉਨ੍ਹਾਂ ਦੇ ਚੈਂਬਰ ਵਿਚ ਮੌਜੂਦ ਉਨ੍ਹਾਂ ਦੇ ਕਲਾਇੰਟ ਪਵਨ ਕੁਮਾਰ ਨੂੰ ਹਿਰਾਸਤ ਵਿਚ ਲੈ ਲਿਆ। ਜਦੋਂ ਐਡਵੋਕੇਟ ਦਿਲਬਾਗ ਸਿੰਘ ਵੱਲੋਂ ਇਸਦਾ ਵਿਰੋਧ ਕੀਤਾ ਗਿਆ ਤਾਂ ਉਕਤ ਐੱਸਐੱਚਓ ਨੇ ਕਿਹਾ ਕਿ ਤੁਸੀਂ ਮੁਲਜ਼ਮਾਂ ਨੂੰ ਪਨਾਹ ਦਿੰਦੇ ਹੋ। ਇਸ ਲਈ ਤੁਹਾਡੇ 'ਤੇ ਵੀ ਐੱਫਆਈਆਰ ਹੋਣੀ ਚਾਹੀਦੀ ਹੈ। ਐਡਵੋਕੇਟ ਦਿਲਬਾਗ ਸਿੰਘ ਨੇ ਕਿਹਾ ਕਿ ਪੁਲਸ ਦੀ ਇਸ ਕਾਰਵਾਈ ਨਾਲ ਉਨ੍ਹਾਂ ਦੇ ਚੈਂਬਰ ਵਿਚ



ਕਾਫੀ ਤਨਾਅ ਵਾਲਾ ਮਾਹੌਲ ਬਣ ਗਿਆ ਅਤੇ ਉੱਥੇ ਕਈ ਹੋਰ ਵਕੀਲ ਅਤੇ ਲੋਕ ਵੀ ਇਕੱਤਰ ਹੋ ਗਏ। ਜਿਸ ਦੇ ਬਾਅਦ ਉਨ੍ਹਾਂ ਨੇ ਇਹ ਮਾਮਲਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਰਾਜਪਾਲ ਸਿੰਘ, ਉਪਪ੍ਰਧਾਨ ਹਰਪਾਲ ਸਿੰਘ ਗਿੱਲ ਅਤੇ ਹੋਰ ਅਹੁੱਦੇਦਾਰਾਂ ਦੇ ਧਿਆਨ ਵਿਚ ਲਿਆਂਦਾ। ਬਾਰ ਐਸੋਸੀਏਸ਼ਨ ਵੱਲੋਂ ਤੁਰੰਤ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੂੰ ਲਿਖਤੀ ਸ਼ਿਕਾਇਤ ਕੀਤੀ ਹੈ। ਦਿਲਬਾਗ ਸਿੰਘ ਨੇ ਦੱਸਿਆ ਕਿ ਪਵਨ ਕੁਮਾਰ ਖਿਲਾਫ ਐੱਫਆਈਆਰ ਦਰਜ ਸੀ ਅਤੇ ਉਸਦੀ ਜ਼ਮਾਨਤ ਅਰਜ਼ੀ ਸੈਸ਼ਨ ਜੱਜ ਦੀ ਅਦਾਲਤ ਵਿੱਚ ਲਗਾਈ ਹੋਈ ਹੈ। ਇਸੇ ਕਾਰਨ ਪਵਨ ਕੁਮਾਰ ਅੱਜ ਉਨ੍ਹਾਂ ਦੇ ਚੈਂਬਰ ਵਿਚ ਆਇਆ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਉਕਤ ਵਿਅਕਤੀ ਪਵਨ ਕੁਮਾਰ ਸਾਬਕਾ ਫੌਜੀ ਹੈ ਜੋ ਕਾਰਗਿਲ ਦੀ ਲੜਾਈ ਮੌਕੇ ਦੇਸ਼ ਦੀ ਰੱਖਿਆ ਕਰਦਾ ਹੋਇਆ ਅਪਾਹਿਜ ਹੋ ਗਿਆ ਸੀ। ਪ੍ਰਧਾਨ ਰਾਜਪਾਲ ਸਿੰਘ ਨੇ ਕਿਹਾ ਕਿ ਵਕੀਲਾਂ ਦਾ ਇੱਕ ਪਵਿੱਤਰ ਅਤੇ ਮਾਨ-ਸਨਮਾਨ ਵਾਲਾ ਪੇਸ਼ਾ ਹੈ। ਪਰ ਅੱਜ ਪੁਲਸ ਨੇ ਅਜਿਹਾ ਕਰਕੇ ਵਕੀਲਾਂ ਦੇ ਅਧਿਕਾਰ ਖੇਤਰ ਦਾ ਉਲੰਘਣਾ ਕੀਤੀ ਹੈ। ਇਸ ਲਈ ਬਾਰ ਐਸੋਸੀਏਸ਼ਨ ਨੇ ਸੈਸ਼ਨ ਜੱਜ ਤੋਂ ਮੰਗ ਕੀਤੀ ਕਿ ਉਕਤ ਐੱਸਐੱਚਓ ਅਤੇ ਬਾਕੀ ਪੁਲਿਸ ਮੁਲਾਜ਼ਮਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਇਸ ਸਬੰਧੀ ਦੀਨਾਨਗਰ ਥਾਣੇ ਦੇ ਐੱਸਐੱਚਓ ਅੰਮ੍ਰਿਤਪਾਲ ਸਿੰਘ ਨਾਲ ਪੱਤਰਕਾਰਾਂ ਨੇ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਜੋ ਮੁਲਜ਼ਮ ਵਕੀਲ ਦੇ ਚੈਂਬਰ ਤੋਂ ਹਿਰਾਸਤ ਵਿੱਚ ਲਿਆ ਗਿਆ ਹੈ ਉਹ ਮੁਲਜ਼ਮ ਪੁਲਿਸ ਨੂੰ ਇਕ ਕੇਸ ਵਿਚ ਲੋੜੀਂਦਾ ਸੀ। ਇਸ ਕਰਕੇ ਪੁਲਸ ਨੇ ਇਹ ਕਾਰਵਾਈ ਕੀਤੀ। ਉਨ੍ਹਾਂ ਕਿਹਾ ਕਿ ਜਿਸ ਵੇਲੇ ਮੁਲਜ਼ਮ ਹਿਰਾਸਤ ਵਿੱਚ ਲਿਆ ਉਸ ਸਮੇਂ ਵਕੀਲ ਚੈਂਬਰ ਵਿੱਚ ਮੌਜੂਦ ਨਹੀਂ ਸੀ। ਉਨ੍ਹਾਂ ਨੇ ਕਿਸੇ ਕਿਸਮ ਦੀ ਦਹਿਸ਼ਤ ਨਹੀਂ ਫੈਲਾਈ ਅਤੇ ਆਪਣੇ ਅਧਿਕਾਰ ਖੇਤਰ ਵਿੱਚ ਰਹਿ ਕੇ ਇਹ ਕਾਰਵਾਈ ਕੀਤੀ।

## ਯੁੱਧ ਨਸ਼ਿਆਂ ਵਿਰੁੱਧ ਦੇ ਦੂਸਰੇ ਪੜਾਅ ਦੀ ਤਿਆਰੀ ਲਈ ਸੋਨੀਆ ਮਾਨ ਵੱਲੋਂ ਪੁਲਿਸ ਪ੍ਰਸ਼ਾਸਨ ਨਾਲ ਮੀਟਿੰਗ

ਅੰਮ੍ਰਿਤਸਰ 17 ਜੁਲਾਈ: ਪੰਜਾਬ ਸਰਕਾਰ ਦੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤੇ ਦੂਜੇ ਪੜਾਅ ਦੀ ਤਿਆਰੀ ਲਈ ਨਸ਼ਾ ਮੁਕਤੀ ਮੋਰਚਾ ਦੇ ਆਗੂ ਮੈਡਮ ਸੋਨੀਆ ਮਾਨ ਨੇ ਨਸ਼ੇ ਦੇ ਖਾਤਮੇ ਲਈ ਪੁਲਿਸ ਅਤੇ ਪ੍ਰਸ਼ਾਸਨ ਦਾ ਸਾਥ ਲੈਣ ਲਈ ਅੱਜ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਅਮਨਦੀਪ ਕੌਰ, ਏਡੀਸੀਪੀ ਸ੍ਰੀਮਤੀ ਪਲਵਿੰਦਰ ਕੌਰ ਅਤੇ ਹੋਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਮੌਕੇ ਜਿਲ੍ਹਾ ਇੰਚਾਰਜ ਨਸ਼ਾ ਮੁਕਤੀ ਮੋਰਚਾ ਅੰਮ੍ਰਿਤਸਰ ਸਹਿਰੀ ਸ੍ਰੀ ਦੀਕਸ਼ਿਤ ਧਵਨ ਅਤੇ ਪਾਰਟੀ ਦੇ ਹੋਰ ਆਗੂ ਵੀ ਉਹਨਾਂ ਨਾਲ ਸਨ । ਇਸ ਮੀਟਿੰਗ ਵਿੱਚ ਵਾਰਡ ਪੱਧਰ ਉੱਤੇ ਡਿਫੈਂਸ-ਕਮੇਟੀਆਂ ਬਨਾਉਣ ਬਾਰੇ ਵਿਚਾਰ ਕੀਤਾ ਗਿਆ। ਸੋਨੀਆ ਮਾਨ ਨੇ ਕਿਹਾ ਕਿ ਸ਼ਹਿਰਾਂ ਵਿੱਚ ਬਣ ਰਹੀਆਂ ਇਹਨਾਂ ਕਮੇਟੀਆਂ ਲਈ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਲੋਕਾਂ ਦਾ ਸਾਥ ਲਿਆ ਜਾਵੇ ਅਤੇ ਜੋ ਵੀ ਵਿਅਕਤੀ ਨਸ਼ੇ ਦੇ ਖਾਤਮੇ ਲਈ ਸਰਕਾਰ ਦਾ ਸਾਥ ਦੇਣਾ ਚਾਹੁੰਦਾ ਹੈ ਉਹ ਇਹਨਾਂ ਕਮੇਟੀਆਂ ਵਿੱਚ ਬਤੌਰ ਮੈਂਬਰ ਲਿਆ ਜਾਵੇਗਾ।

# ਵਿਜੇਂਦਰ ਗੁਪਤਾ ਨੇ ਵਿਧਾਨ ਸਭਾ ਪਰਿਸਰ ਵਿੱਚ ਬਣ ਰਹੇ ਨੇਵਾ ਸਿਖਲਾਈ ਕੇਂਦਰ ਦਾ ਨਿਰੀਖਣ ਕੀਤਾ

**ਏਜੰਸੀਆਂ**

ਨਵੀਂ ਦਿੱਲੀ, 17 ਜੁਲਾਈ। ਦਿੱਲੀ ਵਿਧਾਨ ਸਭਾ ਵੱਲੋਂ ਸਾਰੇ ਵਿਧਾਇਕਾਂ (ਐਮਐਲਏ) ਲਈ ਤਿੰਨ ਦਿਨਾਂ ਨੇਵਾ (ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ) ਸਿਖਲਾਈ ਪ੍ਰੋਗਰਾਮ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜੋ 21 ਜੁਲਾਈ ਤੋਂ 23 ਜੁਲਾਈ 2025 ਤੱਕ ਆਯੋਜਿਤ ਕੀਤਾ ਜਾਵੇਗਾ। ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਨੇ ਕੱਲ੍ਹ ਵਿਧਾਨ ਸਭਾ ਪਰਿਸਰ ਵਿੱਚ ਲੋਕ ਨਿਰਮਾਣ ਵਿਭਾਗ (ਪੀਡਬਲਯੂਡੀ) ਵੱਲੋਂ ਵਿਕਸਤ ਕੀਤੇ ਜਾ ਰਹੇ ਵਿਸ਼ੇਸ਼ ਸਿਖਲਾਈ ਕੇਂਦਰ ਦਾ ਨਿਰੀਖਣ ਕੀਤਾ। ਇਸ ਨਵੇਂ ਸਿਖਲਾਈ ਕੇਂਦਰ ਵਿੱਚ ਲਗਭਗ 18 ਤੋਂ 20 ਕੰਪਿਊਟਰ ਲਗਾਏ ਜਾਣਗੇ, ਤਾਂ ਜੋ ਵਿਧਾਇਕਾਂ ਨੂੰ ਸਿਖਲਾਈ ਦੌਰਾਨ ਵਿਹਾਰਕ (ਹੈਂਡਸ-ਆਨ) ਅਨੁਭਵ ਪ੍ਰਦਾਨ ਕੀਤਾ ਜਾ ਸਕੇ। ਇਸ ਸਿਖਲਾਈ ਵਿੱਚ ਸੰਸਦੀ ਕਾਰਜ ਮੰਤਰਾਲੇ (MoPA) ਦੇ ਪ੍ਰਸਿੱਧ ਮਾਹਿਰ ਵਿਧਾਇਕਾਂ ਨੂੰ ਨੇਵਾ ਪਲੇਟਫਾਰਮ ਦੀਆਂ ਵਿਸ਼ੇਸ਼ਤਾਵਾਂ ਅਤੇ ਕਾਰਜਪ੍ਰਣਾਲੀ ਬਾਰੇ ਜਾਣਕਾਰੀ ਦੇਣਗੇ। ਇਹ ਮਾਹਿਰ ਵਿਧਾਇਕਾਂ ਨੂੰ ਆਧੁਨਿਕ ਵਿਧਾਨਕ ਪ੍ਰਕਿਰਿਆਵਾਂ ਲਈ ਜ਼ਰੂਰੀ ਡਿਜੀਟਲ ਸੰਦਾਂ ਅਤੇ ਕਾਰਜਪ੍ਰਣਾਲੀ ਨੂੰ ਸਮਝਾਉਣ ਲਈ ਸਿੱਧੀ ਸਿਖਲਾਈ ਪ੍ਰਦਾਨ ਕਰਨਗੇ।



ਗੁਪਤਾ ਨੇ ਦੱਸਿਆ ਕਿ ਨੇਵਾ ਸਿਖਲਾਈ ਪ੍ਰੋਗਰਾਮ ਦਾ ਅਸਲ ਮਕਸਦ ਵਿਧਾਇਕਾਂ ਨੂੰ ਆਗਾਮੀ ਮਾਨਸੂਨ ਸੈਸ਼ਨ ਲਈ ਈ-ਵਿਧਾਨ ਡਿਜੀਟਲ ਪਲੇਟਫਾਰਮ ਦੇ ਸੰਦਾਂ ਅਤੇ ਕਾਰਜਪ੍ਰਣਾਲੀਆਂ ਨਾਲ ਜਾਣੂ ਕਰਵਾਉਣਾ ਹੈ। ਤਿੰਨ ਦਿਨਾਂ ਦੀ ਇਸ ਸਿਖਲਾਈ ਦੌਰਾਨ, ਵਿਧਾਇਕਾਂ ਨੂੰ ਡਿਜੀਟਲ ਦਸਤਾਵੇਜ਼ਾਂ ਦੀ ਪਹੁੰਚ, ਵਿਧਾਨਕ ਕਾਰਜ ਦੀ ਰੀਅਲ-ਟਾਈਮ ਟ?ਰੈਕਿੰਗ, ਸਵਾਲ ਅਤੇ ਪ੍ਰਸਤਾਵ ਪੇਸ਼ ਕਰਨ ਦੀ ਪ੍ਰਕਿਰਿਆ ਸਮੇਤ ਹੋਰ ਡਿਜੀਟਲ ਕਾਰਜਾਂ ਦੀ ਸਿਖਲਾਈ ਦਿੱਤੀ ਜਾਵੇਗੀ, ਜੋ ਇੱਕ ਆਧੁਨਿਕ ਅਤੇ ਕੁਸ਼ਲ ਵਿਧਾਨ ਸਭਾ ਸੰਚਾਲਨ ਲਈ ਜ਼ਰੂਰੀ ਹਨ। ਇਹ ਪਹਿਲ ਭਾਰਤ ਸਰਕਾਰ ਦੇ ਡਿਜੀਟਲ ਇੰਡੀਆ ਮਿਸ਼ਨ ਦੇ ਅਨੁਕੂਲ ਹੈ ਅਤੇ ਇੱਕ ਕਾਗਜ਼-ਰਹਿਤ, ਪਾਰਦਰਸ਼ੀ ਅਤੇ ਵਾਤਾਵਰਣ ਪੱਖੋਂ ਜ਼ਿੰਮੇਵਾਰ ਵਿਧਾਨਕ ਪ੍ਰਣਾਲੀ ਨੂੰ ਉਤਸ਼ਾਹਿਤ ਕਰਦੀ ਹੈ।

# ਇਕ ਹੋਰ ਸੋਸ਼ਲ ਮੀਡੀਆ ਇਨਫਲੂਐਂਸਰ 'ਤੇ ਵੱਡਾ ਹਮਲਾ

**ਏਜੰਸੀਆਂ**

ਭਵਾਨੀਗੜ੍ਹ 17 ਜੁਲਾਈ। ਸਥਾਨਕ ਬਲਿਆਲ ਰੋਡ 'ਤੇ ਮੰਗਲਵਾਰ ਨੂੰ ਦਿਨ-ਦਿਹਾੜੇ ਗੁੰਡਾਗਰਦੀ ਦਾ ਨੰਗਾ ਨਾਚ ਦੇਖਣ ਨੂੰ ਮਿਲਿਆ। ਬੇਸਬੈਟ, ਡੰਡੇ ਅਤੇ ਤਲਵਾਰਾਂ ਨਾਲ ਲੈਸ ਇਕ ਦਰਜਨ ਦੇ ਕਰੀਬ ਅਣਪਛਾਤੇ ਨਕਾਬਪੋਸ਼ ਬਦਮਾਸ਼ਾਂ ਨੇ ਇਕ ਸੋਸ਼ਲ ਮੀਡੀਆ ਇਨਫਲੂਐਂਸਰ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਹਮਲੇ ਦੌਰਾਨ ਸਿਰ ਅਤੇ ਬਾਂਹ 'ਤੇ ਸੱਟਾਂ ਲੱਗਣ ਕਾਰਨ ਗੰਭੀਰ ਜ਼ਖਮੀ ਹੋਏ ਸੋਸ਼ਲ ਮੀਡੀਆ ਇਨਫਲੂਐਂਸਰ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਜਿੱਥੋਂ ਮੁੱਢਲੀ ਡਾਕਟਰੀ ਸਹਾਇਤਾ ਦੇਣ ਮਗਰੋਂ ਉਸਨੂੰ ਸੰਗਰੂਰ ਰੈਫਰ ਕਰ ਦਿੱਤਾ ਗਿਆ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਇੱਥੇ ਸਰਕਾਰੀ ਹਸਪਤਾਲ ਵਿਖੇ ਇਲਾਜ ਅਧੀਨ ਹੈਪੀ ਸ਼ਰਮਾ ਵਾਸੀ ਭਵਾਨੀਗੜ੍ਹ ਨੇ ਦੱਸਿਆ ਕਿ 2 ਦਿਨ ਪਹਿਲਾਂ ਉਸਨੇ ਆਪਣੇ ਸੋਸ਼ਲ ਮੀਡੀਆ ਪੇਜ 'ਤੇ ਸ਼ਹਿਰ 'ਚ ਖੁੱਲ੍ਹੇਆਮ ਕਥਿਤ ਨਸ਼ੇ ਦਾ ਸੇਵਨ ਕਰਦੇ ਨੌਜਵਾਨ ਦੀ ਇਕ ਵੀਡੀਓ ਅਪਲੋਡ ਕੀਤੀ ਸੀ, ਵਾਇਰਲ ਵੀਡੀਓ ਨੂੰ ਵੱਡੀ ਗਿਣਤੀ ਵਿਚ ਲੋਕਾਂ ਨੇ ਦੇਖਿਆ ਅਤੇ ਸਾਂਝਾ ਵੀ ਕੀਤਾ। ਹੈਪੀ ਨੇ ਦੱਸਿਆ ਕਿ ਅੱਜ ਜਦੋਂ ਉਹ ਬਲਿਆਲ ਰੋਡ 'ਤੇ ਆਪਣੇ ਘਰ ਦੇ ਬਾਹਰ ਦੁਕਾਨ ਦੇ ਅੰਦਰ ਬੈਠਾ ਸੀ ਤਾਂ 10-12 ਨਕਾਬਪੋਸ਼ ਬਦਮਾਸ਼ਾਂ ਜਿਨ੍ਹਾਂ ਦੇ ਹੱਥਾਂ 'ਚ ਬੇਸਬੱਲੇ, ਡਾਂਗਾਂ ਅਤੇ ਤਲਵਾਰਾਂ ਸਨ ਨੇ ਅਚਾਨਕ ਉਸ ਉਪਰ ਹਮਲਾ ਕਰ ਦਿੱਤਾ। ਹਮਲੇ ਦੌਰਾਨ ਡੂੰਘੀ ਸੱਟ ਲੱਗਣ ਕਾਰਨ ਉਸਦੇ ਸਿਰ ਵਿਚ ਕਈ ਟਾਂਕੇ ਲੱਗੇ ਇਸ ਤੋਂ ਇਲਾਵਾ ਉਸਦੀ ਬਾਂਹ ਵੀ ਤਿੰਨ ਥਾਂ ਤੋਂ ਟੁੱਟ ਗਈ। ਹੈਪੀ ਨੇ ਕਿਹਾ ਕਿ ਉਸਦੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਹੈ ਪਰੰਤੂ ਉਸਨੂੰ ਸ਼ੱਕ ਹੈ ਕਿ ਇਹ ਹਮਲਾ ਉਸਦੇ ਵੱਲੋਂ ਆਪਣੇ ਸੋਸ਼ਲ ਮੀਡੀਆ ਪੇਜ 'ਤੇ ਚਿੱਟੇ ਦੀ ਡੋਜ਼ ਲੈਂਦੇ ਇਕ ਨੌਜਵਾਨ ਦੀ ਵੀਡੀਓ ਅਪਲੋਡ ਕਰਨ ਕਰਕੇ ਹੋਇਆ ਹੈ। ਉਧਰ, ਡੀਐੱਸਪੀ ਭਵਾਨੀਗੜ੍ਹ ਰਾਹੁਲ ਕੌਸ਼ਲ ਨੇ ਕਿਹਾ ਕਿ ਪੁਲਸ ਇਸ ਮਾਮਲੇ ਵਿਚ ਗੰਭੀਰਤਾ ਨਾਲ ਕਾਰਵਾਈ ਕਰ ਰਹੀ ਹੈ। ਘਟਨਾ ਵਾਲੀ ਥਾਂ ਦੇ ਆਲੇ-ਦੁਆਲੇ ਲੱਗੇ ਸੀਸੀਟੀਵੀ ਫੁਟੇਜ ਨੂੰ ਖੰਗਾਲਿਆ ਜਾ ਰਿਹਾ ਹੈ ਅਤੇ ਹੋਰ ਪਹਿਲੂਆਂ ਨੂੰ ਵੀ ਦੇਖਿਆ ਜਾ ਰਿਹਾ। ਉਨ੍ਹਾਂ ਦਾਅਵਾ ਕੀਤਾ ਕਿ ਪੁਲਸ ਜਲਦ ਹੀ ਦੋਸ਼ੀਆਂ ਦੀ ਪਛਾਣ ਕਰ ਲਵੇਗੀ ਜਿਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਤੇਜ਼ ਰਫ਼ਤਾਰ ਬੱਸ ਨੇ ਦਰੜਿਆ ਨੌਜਵਾਨ, ਮੌਤ

ਅਬੋਹਰ 17 ਜੁਲਾਈ। ਅਬੋਹਰ ਦੇ ਪਿੰਡ ਖੂਈਆਂ ਸਰਵਰ 'ਚ ਇਕ ਤੇਜ਼ ਰਫ਼ਤਾਰ ਬੱਸ ਨੇ ਮੋਟਰਸਾਈਕਲ ਸਵਾਰ ਨੌਜਵਾਨ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਦੌਰਾਨ ਨੌਜਵਾਨ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਮ੍ਰਿਤਕ ਨੌਜਵਾਨ ਦੀ ਪਛਾਣ ਰਤਨ ਵਾਸੀ ਪਿੰਡ ਪੰਚਕੋਸੀ ਵਜੋਂ ਹੋਈ ਹੈ, ਜੋ ਕਿ ਪੇਂਟਰ ਦਾ ਕੰਮ ਕਰਦਾ ਸੀ। ਰਤਨ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਸ਼ਹਿਰ ਵੱਲ ਜਾ ਰਿਹਾ ਸੀ ਕਿ ਰਾਹ 'ਚ ਇਕ ਤੇਜ਼ ਰਫ਼ਤਾਰ ਮਿੰਨੀ ਬੱਸ ਨੇ ਉਸ ਨੂੰ ਟੱਕਰ ਮਾਰ ਦਿੱਤੀ। ਉਸ ਨੂੰ ਐਂਬੂਲੈਂਸ ਦੀ ਮਦਦ ਰਾਹੀਂ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਇਸ ਨੂੰ ਮ੍ਰਿਤਕ ਕਰਾਰ ਦਿੱਤਾ। ਬੱਸ ਦਾ ਡਰਾਈਵਰ ਮੌਕੇ ਤੋਂ ਫ਼ਰਾਰ ਹੋ ਗਿਆ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਦੇ ਮਾਤਾ-ਪਿਤਾ ਨਹੀਂ ਹਨ। ਫਿਲਹਾਲ ਇਸ ਮਾਮਲੇ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ ਹੈ।

# ਤਖ਼ਤਾਂ ਵਿਚਾਲੇ ਵਿਵਾਦ ਖ਼ਤਮ, ਜਥੇ. ਗੜਗੱਜ ਨੇ ਰਣਜੀਤ ਸਿੰਘ ਗੌਹਰ ਨੂੰ ਦਿੱਤਾ ਆਦੇਸ਼

ਅੰਮ੍ਰਿਤਸਰ 17 ਜੁਲਾਈ। ਅੱਜ ਪੰਜ ਮੈਂਬਰਾਂ ਦੀ ਅਹਿਮ ਬੈਠਕ ਮਗਰੋਂ ਜਥੇਦਾਰ ਗੜਗੱਜ ਨੇ ਵੱਡੇ ਫ਼ੈਸਲੇ ਸਾਂਝੇ ਕੀਤੇ ਹਨ। ਦੱਸ ਦੇਈਏ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਚਾਲੇ ਚੱਲ ਰਹਾ ਧਾਰਮਿਕ ਵਿਵਾਦ ਹੁਣ ਖ਼ਤਮ ਕਰ ਦਿੱਤਾ ਗਿਆ ਹੈ। ਇਹ ਫ਼ੈਸਲਾ ਸਿੱਖ ਕੌਮ ਦੀ ਏਕਤਾ ਅਤੇ ਗੁਰਮਤਿ ਮਰਯਾਦਾ ਨੂੰ ਮੱਦੇਨਜ਼ਰ ਰੱਖ ਕੇ ਲਿਆ ਗਿਆ ਹੈ। ਜਥੇਦਾਰ ਨੇ ਦੱਸਿਆ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਤਨਖਾਹੀਆ ਐਲਾਨ ਸਬੰਧੀ ਸਾਰੇ ਮਤੇ ਵਾਪਸ ਲੈ ਲਏ ਗਏ ਹਨ। ਇਨ੍ਹਾਂ 'ਚ ਜਥੇਦਾਰਕੁਲਦੀਪ ਸਿੰਘ ਗੜਗੱਜ ਜੀ, ਬਾਬਾ ਟੇਕ ਸਿੰਘ ਧਨੌਲਾ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਐਲਾਨਣ ਵਾਲੇ ਮਤੇ ਸ਼ਾਮਲ ਹਨ। ਇਸੇ ਦੇ ਨਾਲ ਹੀ ਕਮੇਟੀ ਵੱਲੋਂ ਜਥੇਦਾਰ ਗੜਗੱਜ ਅਤੇ ਹੋਰ ਸਿੰਘਾਂ ਦੇ ਸਨਮਾਨ ਨੂੰ ਠੇਸ ਪਹੁੰਚਾਉਣ ਲਈ ਖਿਮਾ ਵੀ ਮੰਗੀ ਗਈ ਹੈ। ਇਸ ਨਤੀਜੇ ਨਾਲ ਕਈ ਮਹੀਨਿਆਂ ਤੋਂ ਚੱਲ ਰਹੀ ਤਨਾਅਪੂਰਨ ਹਾਲਤ ਹੁਣ ਸ਼ਾਂਤ ਹੋਣ ਦੀ ਆਸ ਜਤਾਈ ਜਾ ਰਹੀ ਹੈ। ਇਸ ਦੌਰਾਨ ਜਥੇਦਾਰ ਗੜਗੱਜ ਵੱਲੋਂ ਰਣਜੀਤ ਸਿੰਘ ਗੌਹਰ-ਏ-ਮਸਕੀਨ ਨੂੰ ਆਦੇਸ਼ ਦਿੱਤਾ ਗਿਆ ਕਿ ਉਹ ਪਟਨਾ ਸਾਹਿਬ ਕਮੇਟੀ ਵਿਰੁੱਧ ਦਰਜ ਕੀਤਾ ਗਿਆ ਮੁਕੱਦਮਾ ਵਾਪਸ ਲੈਣ। ਉਨ੍ਹਾਂ ਨੇ ਇਹ ਵੀ ਆਦੇਸ਼ ਦਿੱਤਾ ਕਿ ਰਣਜੀਤ ਸਿੰਘ ਗੌਹਰ ਮੀਡੀਆ ਰਾਹੀਂ ਕੋਈ ਬਿਆਨਬਾਜ਼ੀ ਨਾ ਕਰਨ ਅਤੇ ਸਿੱਧੀ ਗੱਲਬਾਤ ਰਾਹੀਂ ਵਿਵਾਦ ਨੂੰ ਸੁਲਝਾਉਣ।

## ਤੇਜ਼ੀ ਨਾਲ ਵੱਧ ਰਿਹਾ ਨਿਪਾਹ ਵਾਇਰਸ, ਸਾਹਮਣੇ ਆਏ ਕੁੱਲ 675 ਸੰਕਰਮਿਤ ਮਾਮਲੇ

ਤਿਰੂਵਨੰਤਪੁਰਮ 16 ਜੁਲਾਈ। ਨਿਪਾਹ ਵਾਇਰਸ ਦਾ ਕਹਿਰ ਤੇਜ਼ੀ ਨਾਲ ਵੱਧ ਰਿਹਾ ਹੈ। ਕੇਰਲ ਵਿੱਚ 675 ਲੋਕ ਨਿਪਾਹ ਵਾਇਰਸ ਨਾਲ ਸੰਕਰਮਿਤ ਮਰੀਜ਼ਾਂ ਦੇ ਸੰਪਰਕ ਵਿੱਚ ਆਏ ਹਨ। ਇਨ੍ਹਾਂ ਵਿੱਚੋਂ 38 ਸਭ ਤੋਂ ਵੱਧ ਜੋਖਮ ਸ਼੍ਰੇਣੀ ਵਿੱਚ ਹਨ ਅਤੇ 139 ਉੱਚ ਜੋਖਮ ਸ਼੍ਰੇਣੀ ਵਿੱਚ ਹਨ। ਰਾਜ ਦੀ ਸਿਹਤ ਮੰਤਰੀ ਵੀਨਾ ਜਾਰਜ ਨੇ ਮੰਗਲਵਾਰ ਸ਼ਾਮ ਨੂੰ ਇਸਦੀ ਪੁਸ਼ਟੀ ਕੀਤੀ ਹੈ। ਉਹਨਾਂ ਕਿਹਾ ਕਿ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਕੁਲ 675 ਲੋਕ ਨਿਪਾਹ ਸੰਕਰਮਿਤ ਦੀ ਸੂਚੀ ਵਿਚ ਸ਼ਾਮਲ ਹਨ। ਸ਼?ਰੀ ਮਤੀ ਜਾਰਜ ਨੇ ਕਿਹਾ ਕਿ ਪਲੱਕੜ ਵਿਚ 347, ਮਲੱਪੁਰਮ ਵਿਚ 210, ਕੋਝੀਕੋਡ ਵਿਚ 115, ਏਰਨਾਕੁਲਮ ਵਿਚ ਦੋ ਅਤੇ ਤ੍ਰਿਸੂਰ ਵਿਚ ਇਕ ਕੇਸ ਸਾਹਮਣੇ ਆਇਆ ਹੈ। ਮਲੱਪੁਰਮ ਵਿਚ ਇਕ ਵਿਅਕਤੀ ਇਸ ਸਮੇਂ ਆਈਸੀਯੂ ਵਿਚ ਦਾਖ਼ਲ ਹੈ ਅਤੇ ਹੁਣ ਤੱਕ ਮਲੱਪੁਰਮ ਤੋਂ ਲਏ ਗਏ 82 ਨਮੂਨਿਆਂ ਦੀ ਰਿਪੋਰਟ ਨੈਗੇਟਿਵ ਆਈ ਹੈ। ਇਸ ਮਾਮਲੇ ਦੇ ਸਬੰਧ ਵਿਚ ਉਹਨਾਂ ਨੇ ਕਿਹਾ ਕਿ ਪਲੱਕੜ ਵਿਚ 12 ਲੋਕ ਆਈਸੋਲੇਸ਼ਨ ਵਿਚ ਹਨ, ਜਦਕਿ 5 ਮਰੀਜ਼ਾਂ ਨੂੰ ਛੁੱਟੀ ਦੇ ਦਿੱਤੀ ਗਈ ਹੈ। ਰਾਜ ਭਰ ਵਿਚ 38 ਲੋਕ ਸਭ ਤੋਂ ਵੱਧ ਜੋਖਮ ਸ਼?ਰੇਣੀ ਵਿਚ ਹਨ ਅਤੇ 139 ਲੋਕ ਉੱਚ ਜੋਖਮ ਸ਼?ਰੇਣੀ ਵਿਚ ਹਨ। ਇਸ ਦੌਰਾਨ ਉਹਨਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਸ਼ਰੀ ਮਤੀ ਜਾਰਜ ਦੀ ਅਗਵਾਈ ਹੇਠ ਸਥਿਤੀ ਦੀ ਸਮੀਖਿਆ ਕਰਨ ਲਈ ਇਕ ਉੱਚ ਪੱਧਰੀ ਮੀਟਿੰਗ ਬੁਲਾਈ ਗਈ ਸੀ ਅਤੇ ਇਸ ਵਿਚ ਸਿਹਤ ਵਿਭਾਗ ਦੇ ਵਧੀਕ ਮੁੱਖ ਸਕੱਤਰ, ਐਨਐਚਐਮ ਸਟੇਟ ਮਿਸ਼ਨ ਡਾਇਰੈਕਟਰ, ਸਿਹਤ ਸੇਵਾਵਾਂ ਦੇ ਡਾਇਰੈਕਟਰ, ਮੈਡੀਕਲ ਸਿੱਖਿਆ ਦੇ ਡਾਇਰੈਕਟਰ, ਵਧੀਕ ਡਾਇਰੈਕਟਰ, ਜ਼ਿਲ੍ਹਾ ਕੁਲੈਕਟਰ, ਜ਼ਿਲ੍ਹਾ ਮੈਡੀਕਲ ਅਫ਼ਸਰ, ਪੁਲਸ ਅਧਿਕਾਰੀ ਅਤੇ ਹੋਰ ਵਿਭਾਗੀ ਪ੍ਰਤੀਨਿਧੀ ਸ਼ਾਮਲ ਹੋਏ।

# ਸਿੱਖਿਅਕ ਵਿਕਾਸ ਲਈ ਲੋਕਤੰਤਰੀ ਸਕੂਲ ਮੈਨੇਜਮੈਂਟ ਕਮੇਟੀ ਦੀ ਅਹਿਮ ਭੂਮਿਕਾ

**ਕੌਮੀ ਪਤ੍ਰਿਕਾ**

ਸਿੱਖਿਆ ਮਨੁੱਖ ਦਾ ਤੀਸਰਾ ਨੇਤਰ ਹੈ। ਸਿੱਖਿਆ ਵਿਦਿਆਰਥੀ ਦੇ ਵਿਕਾਸ ਵਿੱਚ ਸਹਾਇਕ ਹੁੰਦੀ ਹੈ ,ਪਰ ਸਿੱਖਿਆ ਦੇ ਨਾਲ - ਨਾਲ ਆਲਾ- ਦੁਆਲਾ ਵੀ ਕਾਫੀ ਪ੍ਰਭਾਵਿਤ ਕਰਦਾ ਹੈ ।ਜਿਸ ਦਾ ਸੁਧਾਰ ਹੋਣਾ ਬਹੁਤ ਜਰੂਰੀ ਹੈ ,ਡਾ. ਅੰਬੇਦਕਰ ਜੀ ਦੇ ਸ਼ਬਦਾਂ ਅਨੁਸਾਰ 'ਸਿੱਖਿਆ ਰਾਹੀਂ ਮਨੁੱਖ ਸਫਲਤਾ ਪ੍ਰਾਪਤ ਕਰ ਸਕਦਾ ਹੈ' ਇਸ ਲਈ ਵਿਦਿਆਰਥੀ ਦੇ ਵਿਕਾਸ ਲਈ ਅਧਿਆਪਕ ਦੇ ਨਾਲ ਨਾਲ ਮਾਪਿਆਂ ਦੀ ਵੀ ਅਹਿਮ ਭੂਮਿਕਾ ਹੁੰਦੀ ਹੈ । ਸਕੂਲ ਮੈਨੇਜਮੈਂਟ ਕਮੇਟੀ ਦੀ ਚੋਣ ਦੋ ਸਾਲ ਲਈ ਕੀਤੀ ਜਾਂਦੀ ਹੈ ਇਹ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕ ਦਾ ਸਾਂਝਾ ਮੰਚ ਹੈ ।ਜਿੱਥੇ ਸਕੂਲ ਮੈਨੇਜਮੈਂਟ ਕਮੇਟੀ ਇਕੱਠੇ ਹੋ ਕੇ ਕੰਮ ਕਰਦੀ ਹੈ। ਪਿਛਲੇ ਸਮੇਂ ਤੋਂ ਸਕੂਲ ਮੈਨੇਜਮੈਂਟ ਕਮੇਟੀ ਦੀ ਭੂਮਿਕਾ ਬਹੁਤ ਅਹਿਮ ਹੋ ਚੁੱਕੀ ਹੈ, ਮਾਪਿਆਂ ਦਾ ਰੁਝਾਨ ਇਸ ਵਿੱਚ ਵਧਿਆ ਹੈ ,ਸਕੂਨ ਮੈਨੇਜਮੈਂਟ ਕਮੇਟੀ ਪਿੰਡ ਪੱਧਰ ਤੇ ਭੋਗ, ਹੋਰ ਸਮਾਗਮਾਂ ਵਿੱਚ ਪ੍ਰਤਿਨਿਧ ਦੇ ਰੂਪ ਵਿੱਚ ਅਗਵਾਈ ਕਰਦੇ ਹੋਏ ਸਕੂਲ ਨੂੰ ਦਾਨ ਆਦਿ ਸਾਂਝੇ ਪ੍ਰੋਗਰਾਮਾਂ ਲਈ ਪ੍ਰੇਰਿਤ ਕਰਦੀ ਹੈ ।ਉੱਥੇ ਨਾਲ ਹੀ ਵਿਦੇਸ਼ਾਂ ਵਿੱਚ ਬੈਠੇ ਪਿੰਡ ਦੇ ਪਤਵੰਤੇ ਸੱਜਣਾਂ ਨਾਲ ਸੰਪਰਕ ਕਰਕੇ ਸਿੱਖਿਆ ਦੇ ਵਿਕਾਸ ਲਈ ਵੀ ਕਾਰਜ ਕਰਦੀ ਹੈ। ਸਕੂਲ ਮੈਨੇਜਮੈਂਟ ਕਮੇਟੀ ਵਿੱਚ ਅਜਿਹੀ ਵਿਅਕਤੀ ਹੁੰਦੇ ਹਨ ਜੋ ਸਮਾਜ ਲਈ ਆਪਣਾ ਸਮਾਂ ਦਿੰਦੇ ਹਨ ਅਤੇ ਸਮਾਜ ਵਿੱਚ ਕੁਝ ਵੱਖਰਾ ਕਰਨ ਲਈ ਉਹਨਾਂ ਵਿੱਚ ਲਗਨ ਹੁੰਦੀ ਹੈ। ਹਰ ਕਿਸੇ ਲਈ ਸਾਂਝੇ ਕੰਮਾਂ ਲਈ ਸਮਾਂ ਦੇਣਾ ਆਮ ਨਹੀਂ ਹੈ। ਇਸ ਲਈ ਇਸ ਵਿੱਚ ਅਜਿਹੀ ਵਿਅਕਤੀ ਕੰਮ ਕਰਦੇ ਹਨ ਜੋ ਸਮਾਜ ਅਤੇ ਸਿੱਖਿਆ ਦੇ ਖੇਤਰ ਲਈ ਚੰਗੀ ਸੋਚ ਰੱਖਦੇ ਹਨ। ਆਪਣੇ ਬੱਚਿਆਂ ਲਈ ਸਿੱਖਿਅਕ ਮਾਹੌਲ, ਸਰਕਾਰੀ ਪੱਧਰ ਤੇ ਪ੍ਰਾਪਤ ਗ੍ਰਾਂਟ ਦਾ ਖਰਚ ਹਿਸਾਬ ਨਿਗਰਾਨੀ,ਸਰਵਪੱਖੀ ਵਿਕਾਸ ਦੀਆਂ ਵਿਦਿਅਕ, ਸਹਿ- ਵਿਦਿਅਕ ਗਤੀਵਿਧੀਆਂ ਵਿੱਚ ਵਿਸ਼ੇਸ਼ ਭੂਮਿਕਾ ਹੁੰਦੀ ਹੈ । ਸਿੱਖਿਆ ਦਾ ਅਧਿਕਾਰ ਕਾਨੂੰਨ 2009 ਦੇ ਤਹਿਤ ਸਕੂਲ ਮੈਨੇਜਮੈਂਟ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ। ਐਸ.ਐਮ.ਸੀ ਸਮੂਹਿਕ ਤੌਰ ਤੇ ਸਹਿਯੋਗ , ਕਾਰਜਸ਼ੀਲਤਾ, ਸਮੂਹਿਕਤਾ ,ਫੰਡਾਂ ਦੀ ਸਹੀ ਵਰਤੋਂ ਦੀ ਅਗਵਾਈ ,ਵਿੱਦਿਅਕ ਮਾਹੌਲ ਸਿਰਜਣ ਵਿਚ ਸਹਾਈਤਾ ਕਰਨ ਲਈ ਸ਼ਕਤੀ ਦੇ ਰੂਪ ਵਿੱਚ ਸਹਾਇਤਾ ਕਰਦੀ ਹੈ। ਆਓ ਜਾਣਦੇ ਹਾਂ ਸਿੱਖਿਅਕ ਵਿਕਾਸ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਦੀ ਭੂਮਿਕਾ ਅਤੇ ਕਾਰਜ.... ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮਾਪੇ, ਸਰਪ੍ਰਸਤ ਇਸਦੇ ਮੈਂਬਰ ਹੋ ਸਕਦੇ ਹਨ। ਜਿਸ ਵਿੱਚ ਔਰਤਾ ਦੀ ਭੂਮਿਕਾ ਔਰਤ ਸ਼ਕਤੀਕਰਨ ਦੇ ਰੂਪ ਵਿੱਚ ਪੰਜ ਔਰਤਾਂ ਦਾ ਹੋਣਾ ਜਰੂਰੀ ਹੈ। ਜਿਸ ਵਿੱਚ ਇਸ ਤੋਂ ਇਲਾਵਾ ਇੱਕ ਵਿਦਿਆਰਥੀ, ਇੱਕ ਅਧਿਆਪਕ ,ਸਥਾਨਕ ਪੱਧਰ ਤੇ ਇੱਕ ਇਲਾਕਾ ਪ੍ਰਮੁੱਖ ਵਿਅਕਤੀ, ਇੱਕ ਸਿੱਖਿਆ ਸ਼ਾਸਤਰੀ, ਇੱਕ ਸਮਾਜ ਸੇਵੀ ਤੋਂ ਇਲਾਵਾ ਸਕੂਲ ਮੁੱਖੀ ਮੈਂਬਰ ਸਕੱਤਰ ਹੋਵੇਗਾ। ਮਾਪਿਆਂ ਦੀ ਚੋਣ ਨਿਰਪੱਖ ਅਤੇ ਸਪਸ਼ਟ ਰੂਪ ਵਿੱਚ ਸਮੂਹ ਮਾਪਿਆਂ ਦੁਆਰਾ ਕੀਤੀ ਜਾਵੇਗੀ। ਐਸ.ਐਮ.ਸੀ ਦੇ ਕੰਮ ਅਤੇ ਜਿੰਮੇਵਾਰੀਆਂ: ਵਿਦਿਅਕ ਮਾਹੌਲ ਸਿਰਜਣ ਲਈ ਐਸ. ਐਮ. ਸੀ ਦੀ ਜਿੰਮੇਵਾਰੀ ਬਹੁਤ ਅਹਿਮ ਹੁੰਦੀ ਹੈ ।ਸਕੂਲ ਦੀ ਹਰ ਗਤੀਵਿਧੀ ਵਿੱਚ ਉਸ ਦੀ ਭਾਗੀਦਾਰੀ ਹੋਣੀ ਜਰੂਰੀ ਹੈ ।ਸਕੂਲ ਵਿੱਚ ਕਲਾਸ ਰੂਮ ,ਤਕਨੀਕੀ ਸਾਧਨਾ ਦੀ ਸੰਭਾਲ ,ਨਵੀਂ ਖਰੀਦਦਾਰੀ ਵਿੱਚ ਜਾਣਕਾਰੀ ਰੱਖਣਾ, ਗ੍ਰਾਂਟ ਦੇ ਖਰਚੇ ਸੰਬੰਧੀ ਨਿਗਰਾਨੀ ਰੱਖਣੀ, ਸਕੂਲੀ ਢਾਂਚੇ ਦੇ ਵਿਕਾਸ ਲਈ ਕੈਂਪਸ ਮੈਨੇਜਰ ਦੇ ਨਾਲ ਤਾਲਮੇਲ ਰੱਖਣਾ ,ਸਮੂਹ ਮਾਪਿਆਂ ਨਾਲ ਤਾਲਮੇਲ ਕਰਨਾ, ਸਕੂਲੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਯਤਨਸ਼ੀਲ ਰਹਿਣਾ ਵਿਦਿਅਕ ਮਾਹੌਲ ਲਈ ਅਧਿਆਪਕਾਂ ਨਾਲ ਸਮੇਂ-ਸਮੇਂ ਤੇ ਤਾਲਮੇਲ ਹੋਣਾ ਬਹੁਤ ਜਰੂਰੀ ਹੈ। ਸਮੇਂ -ਸਮੇਂ ਤੇ ਵਿਦਿਆਰਥੀ ਵਰਗ ਲਈ ਪੋਸ਼ਣ, ਸਿਹਤ ਗਤੀਵਿਧੀਆਂ ਤੇ ਨਜ਼ਰ ਰੱਖਣਾ ,ਸਾਫ ਸਫਾਈ, ਭੋਜਨ ਹਫਤਾਵਾਰੀ ਸੂਚੀ ਪ੍ਰਤੀ ਜਾਗਰੂਕ ਰਹਿਣਾ ਅਤੇ ਮਾਪਿਆਂ ਨਾਲ ਸਾਂਝ ਰਾਹੀਂ ਜਾਣਕਾਰੀ ਦੇਣਾ। ਵਿਦਿਆਰਥੀਆਂ ਦੇ ਸਰਬ ਪੱਖੀ ਵਿਕਾਸ ਲਈ ਯਤਨਸ਼ੀਲ ਉਪਰਾਲੇ ਕਰਨੇ, ਵਿਦਿਆਰਥੀਆਂ ਨੂੰ ਵਧੀਆ ਸਿਹਤ ਅਤੇ ਪੋਸ਼ਣ ਸਹੂਲਤਾਂ ਵੱਲ ਪ੍ਰੇਰਿਤ ਕਰਨਾ। ਕਿਸੇ ਵੀ ਸਕੂਲ ਦੇ ਵਿਦਿਅਕ ਅਤੇ ਸਹਿ - ਵਿਦਿਅਕ ਵਿਕਾਸ ਲਈ ਐਸ. ਐਮ .ਸੀ ਸਕੂਲ ਦਾ ਕੇਂਦਰੀ ਧਿਰਾ ਮੰਨੀ ਜਾਂਦੀ ਹੈ। ਜੋ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਦੇ ਸੰਚਾਲਨ ਵਿੱਚ ਅਹਿਮ ਭੂਮਿਕਾ ਅਦਾ ਕਰਦੀ ਹੈ, ਸਕੂਲ ਦੀ ਐਸ.ਐਮ.ਸੀ ਚੇਅਰਮੈਨ ਅਤੇ ਮੈਂਬਰ ਵਿੱਤੀ ਖਰਚ ਲਈ ਪੂਰੀ ਸਹਾਇਕ ਹੁੰਦੇ ਹਨ ।ਜਿਸ ਵਿੱਚ ਸਲਾਨਾ ਗ੍ਰਾਂਟਾਂ ਪਾਣੀ, ਬਿਜਲੀ ਰਿਪੇਅਰ ,ਬਾਥਰੂਮ ,ਬਿਜਲੀ ਦੀ ਸਪਲਾਈ ਖਰਚੇ ,ਤੋਂ ਇਲਾਵਾ ਸਪੋਰਟਸ ਗਰਾਂਟ,ਬਾਲਾ ਵਰਕ, ਰਾਣੀ ਲਕਸ਼ਮੀ ਬਾਈ ਸਵੈ ਰੱਖਿਆ ਸਿਖਲਾਈ ਪ੍ਰੋਗਰਾਮ ,ਲਾਇਬਰੇਰੀ ਕਿਤਾਬਾਂ ਦੀ ਖਰੀਦ ਦੀ ਗਰਾਂਟ ਅਤੇ ਇਸ ਤੋਂ ਇਲਾਵਾ ਸਾਲ ਦੌਰਾਨ ਹੋਰ ਵਿੱਤੀ ਸਾਧਨਾ ਦੇ ਖਰੀਦ, ਸੰਭਾਲ ਲਈ ਜਾਣਕਾਰੀ ਲਈ ਪੂਰੀ ਤਰ੍ਹਾਂ ਸਹਾਇਕ , ਸਹਿਯੋਗੀ ਅਤੇ ਅਹਿਮ ਹੁੰਦੀ ਹੈ। ਜੇਕਰ ਸਕੂਲ ਮੈਨੇਜਮੈਂਟ ਕਮੇਟੀ ਦੇ ਨਿਰਪੱਖ ਤੌਰ ਤੇ ਜਾਗਰੂਕ ਮਾਪਿਆਂ ਰਾਹੀਂ ਚੁਣੀ ਜਾਵੇ ਤਾਂ ਸਕੂਲ ਦੇ ਵਿਕਾਸ ਲਈ ਵਰਦਾਨ ਸਿੱਧ ਹੁੰਦੀ ਹੈ। ਸਰਕਾਰ ਅਨੇਕਾਂ ਪ੍ਰਕਾਰ ਦੇ ਵਿੱਤੀ ਸਾਧਨ, ਵਿੱਦਿਆਂ ਮਾਹਿਰ ਅਧਿਆਪਕ ,ਸਿੱਖਿਆ ਦਾ ਮਿਆਰੀ ਮਾਹੌਲ, ਪੋਸ਼ਣ ,ਸਿਹਤ ਅਤੇ ਅਨੇਕਾਂ ਆਧੁਨਿਕ ਤਕਨੀਕੀ ਸਹੂਲਤਾਂ ਪ੍ਰਦਾਨ ਕਰ ਰਹੀ ਹੈ, ਜਰੂਰਤ ਹੈ ਵਧੀਆ ਸਮਝਦਾਰ ਜਾਗਰੂਕ ਮਾਪਿਆਂ ਦੀ ਅਗਵਾਈ, ਜੋ ਆਪਣੇ ਬੱਚਿਆਂ ਦੇ ਸਿੱਖਿਆਤਮਕ, ਰਚਨਾਤਮਿਕ , ਸਿਰਜਨਾਤਮਿਕ ਮਾਹੌਲ ਲਈ ਖੁਦ ਅੱਗੇ ਆਉਣ ਸਿੱਖਿਆ ਵਿਭਾਗ ਪੰਜਾਬ ਸਰਕਾਰ ਇਸ ਉਪਰਾਲੇ ਲਈ ਸਦਾ ਸ਼ਲਾਘਾਯੋਗ ਯਤਨਸ਼ੀਲ ਕਾਰਜ ਕਰ ਰਹੀ ਹੈ। ਇਸੇ ਕਾਰਜ ਲਈ ਮਹੀਨਾਂ ਵਾਰ ਸਕੂਲ ਮੈਨੇਜਮੈਂਟ ਕਮੇਟੀ ਦੀਆਂ ਬੈਠਕਾਂ ਹੁੰਦੀਆਂ ਰਹਿੰਦੀਆਂ ਹਨ, ਸਿੱਖਿਅਤ ਪੰਜਾਬ ਵਿਕਸਿਤ ਪੰਜਾਬ ਦੇ ਤਹਿਤ ਸਿੱਖਿਆ ਵਿਭਾਗ ਇਹਨਾਂ ਕਮੇਟੀਆਂ ਰਾਹੀਂ ਵਿਸ਼ੇਸ਼ ਉਪਰਾਲੇ ਕਰਨ ਲਈ ਸਦਾ ਯਤਨਸ਼ੀਲ ਰਹਿੰਦਾ ਹੈ।